@Qpatrika  @qaumipatrika punjabi  instagram.com/qaumipatrika

Largest Circulated

विश्व भर में सबसे ज्यादा पढ़ा जाने वाला

# ਕੌਮੀ ਪੱਤ੍ਰਿਕਾ

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Saturday, 30 March 2024

VISIT: www.qaumipatrika.org
Email: qpatrika@gmail.com

Punjabi National Daily

Qaumi Patrika NO.1

ਨਵੀਂ ਦਿੱਲੀ: ਸ਼ਨੀਵਾਰ 30 ਮਾਰਚ 2024, 16 ਚੈਤ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 42, ਅੰਕ 129, qpatrika@gmail.com ਫੋਨ : 9971359517 www.qaumipatrika.org

## ਲੋਕ ਸਭਾ ਚੋਣਾਂ 2024 ਦੇ ਉਮੀਦਵਾਰਾਂ ਦਾ ਜਲਦ ਕੀਤਾ ਜਾਵੇਗਾ ਐਲਾਨ : ਸੁਖਬੀਰ ਬਾਦਲ

ਬੁਢਲਾਡਾ 29 ਮਾਰਚ। ਪੰਜਾਬ ਪੰਜਾਬੀਅਤ ਨੂੰ ਬਚਾਉਣਾ ਹੈ, ਜਿਸ ਨਾਲ ਸਾਡਾ ਅੰਨਦਾਤਾ ਕਿਸਾਨ ਦੀ ਹੋ ਰਹੀ ਲੁੱਟ ਨੂੰ ਰੋਕਿਆ ਜਾ ਸਕਦਾ ਹੈ। ਇਹ ਸ਼ਬਦ ਅੱਜ ਇੱਥੇ ਯਾਤਰਾ ਦੌਰਾਨ ਸ੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਹੇ। ਉਨ੍ਹਾਂ ਨੇ ਕਿਹਾ ਕਿ ਭਾਜਪਾ ਤੇ ਕਾਂਗਰਸ ਪੰਜਾਬ ਨੂੰ ਬਰਬਾਦ ਕਰਨ 'ਤੇ ਤੁਲੀਆਂ ਹੋਈਆਂ ਹਨ। ਸਿਰਫ ਸ੍ਰੋਮਣੀ ਅਕਾਲੀ ਦਲ ਦੇ ਹੱਥ ਵਿਚ ਹੀ ਪੰਜਾਬ ਸੁਰੱਖਿਅਤ ਹੈ। ਬਾਦਲ ਨੇ ਕਿਹਾ ਕਿ 2024 ਦੀਆਂ ਲੋਕ ਸਭਾ ਚੋਣਾਂ 'ਚ ਸ੍ਰੋਮਣੀ ਅਕਾਲੀ ਦਲ 13 ਸੀਟਾਂ 'ਤੇ ਜਿੱਤ ਪ੍ਰਾਪਤ ਕਰੇਗਾ। ਉਮੀਦਵਾਰਾਂ ਦੀ ਸਹਿਮਤੀ ਬਣ ਚੁੱਕੀ ਹੈ ਜਲਦ ਹੀ ਆਉਣ ਵਾਲੇ ਦਿਨਾਂ 'ਚ ਸੀਟਾਂ ਦੇ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਜਾਵੇਗਾ। ਇਸ ਮੌਕੇ



ਸਾਬਕਾ ਕੇਂਦਰੀ ਮੰਤਰੀ ਸੰਸਦ ਬੀਬਾ ਹਰਸਿਮਰਤ ਕੌਰ ਬਾਦਲ ਨੇ ਹਲਕੇ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਬੂਥ ਪੱਧਰ 'ਤੇ ਸ੍ਰੋਮਣੀ ਅਕਾਲੀ ਦਲ ਦੀਆਂ ਨੀਤੀਆਂ ਅਤੇ ਯੋਜਨਾਵਾਂ ਨੂੰ ਲੋਕਾਂ ਤਕ ਲੈ ਕੇ ਜਾਣ। ਉਨ੍ਹਾਂ ਕਿਹਾ ਕਿ ਇਹ ਚੋਣਾਂ ਸ੍ਰੋਮਣੀ ਅਕਾਲੀ ਦਲ ਦਾ ਵਰਕਰ ਖੁਦ ਅੱਗੇ ਆ ਕੇ ਲੜੇ। ਸੁਖਬੀਰ ਬਾਦਲ ਨੇ ਜ਼ੋਰ ਦੇ ਕੇ ਕਿਹਾ ਕਿ ਅਕਾਲੀ ਦਲ ਪੰਜਾਬ ਦੇ ਹਿੱਤਾਂ ਦੀ ਰਾਖੀ ਖਾਤਰ ਲੜ ਰਿਹਾ ਹੈ। ਸਾਡਾ ਭਾਜਪਾ, ਕਾਂਗਰਸ ਤੇ ਆਮ ਆਦਮੀ ਪਾਰਟੀ (ਆਪ) ਨਾਲ ਮੁਕਾਬਲਾ ਹੈ, ਜਿਨ੍ਹਾਂ ਕੋਲ ਪੰਜਾਬ ਲਈ ਕੋਈ ਏਜੰਡਾ ਨਹੀਂ ਹੈ।ਸ਼੍ਰੋਮਣੀ ਅਕਾਲੀ ਦਲ ਪੰਜਾਬ ਦੇ ਹੱਕਾਂ, ਸੰਘਰਸ਼ਾਂ 'ਚੋਂ ਨਿਕਲੀ ਖੇਤਰੀ ਪੰਜਾਬ ਦੀ ਪਾਰਟੀ ਹੈ, ਜਿਸ ਨੇ ਪੰਜਾਬ ਦੇ ਹਿੱਤ ਅੱਗੇ ਰੱਖੇ ਅਤੇ ਕਦੇ ਉਨ੍ਹਾਂ ਨੂੰ ਨਹੀਂ ਵਿਸਾਰਿਆ। ਉਨ੍ਹਾਂ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਨੇ ਪੰਜਾਬ ਅੰਦਰ 10 ਸਾਲ ਰਾਜ ਕਰ ਕੇ ਅਕਾਲੀ ਦਲ ਨੇ ਸੂਬੇ ਨੂੰ ਜੋ ਤਰੱਕੀ ਅਤੇ ਵਿਕਾਸ ਦਿੱਤਾ ਹੈ। ਉਹ ਅੱਜ ਵੀ ਦੇਖਣਯੋਗ ਹੈ। ਇਸ ਮੌਕੇ ਕੋਰ ਕਮੇਟੀ ਮੈਂਬਰ ਠੇਕੇਦਾਰ ਗੁਰਪਾਲ ਸਿੰਘ, ਡਾ. ਨਿਸ਼ਾਨ ਸਿੰਘ, ਬੱਲਮ ਸਿੰਘ ਕਲੀਪੁਰ, ਹਰਮੇਲ ਸਿੰਘ ਕਲੀਪੁਰ, ਅਮਰਜੀਤ ਸਿੰਘ ਕੁਲਾਣਾ ਆਦਿ ਵੱਡੀ ਗਿਣਤੀ ਵਰਕਰ ਹਾਜ਼ਰ ਸਨ।

# ਮੋਦੀ ਨੇ ਬਿਲ ਗੇਟਸ ਨੂੰ ਕਿਹਾ- ਖੇਤੀਬਾੜੀ, ਸਿੱਖਿਆ, ਸਿਹਤ 'ਚ ਵੱਡੀ ਭੂਮਿਕਾ ਨਿਭਾ ਸਕਦੀ ਹੈ ਤਕਨਾਲੋਜੀ

**ਸਿੰਮੀ ਕੌਰ ਬੱਬਰ**

ਨਵੀਂ ਦਿੱਲੀ 29 ਮਾਰਚ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ੁੱਕਰਵਾਰ ਨੂੰ ਖੇਤੀਬਾੜੀ, ਸਿੱਖਿਆ ਅਤੇ ਸਿਹਤ ਨੂੰ ਤਿੰਨ ਖੇਤਰਾਂ ਵਜੋਂ ਪਛਾਣਿਆ ਜਿੱਥੇ ਉਨ੍ਹਾਂ ਦਾ ਮੰਨਣਾ ਹੈ ਕਿ ਤਕਨਾਲੋਜੀ ਵੱਡੀ ਭੂਮਿਕਾ ਨਿਭਾ ਸਕਦੀ ਹੈ। ਮੋਦੀ ਨੇ ਮਾਈਕ੍ਰੋਸਾਫਟ ਦੇ ਸਹਿ-ਸੰਸਥਾਪਕ ਬਿਲ ਗੇਟਸ ਨਾਲ ਗੱਲਬਾਤ 'ਚ ਕਿਹਾ ਕਿ ਉਨ੍ਹਾਂ ਨੇ ਦੁਨੀਆ 'ਚ ਡਿਜੀਟਲ ਵੰਡ ਬਾਰੇ ਸੁਣਿਆ ਹੈ ਅਤੇ ਫੈਸਲਾ ਕੀਤਾ ਹੈ ਕਿ ਉਹ ਭਾਰਤ 'ਚ ਅਜਿਹਾ ਨਹੀਂ ਹੋਣ ਦੇਣਗੇ। ਉਸਨੇ ਕਿਹਾ ਕਿ ਉਹ ਸਰਵਾਈਕਲ ਕੈਂਸਰ 'ਤੇ ਸਭ ਤੋਂ ਘੱਟ ਲਾਗਤ ਦੇ ਟੀਕੇ ਵਿਕਸਤ ਕਰਨ ਲਈ ਸਥਾਨਕ ਖੋਜ ਲਈ ਵਿਗਿਆਨੀਆਂ ਨੂੰ ਫੰਡ ਅਲਾਟ ਕਰਨਾ ਚਾਹੁੰਦੇ ਹਨ ਅਤੇ ਉਨ੍ਹਾਂ ਦੀ ਨਵੀਂ ਸਰਕਾਰ ਟੀਕਾਕਰਨ ਨੂੰ ਯਕੀਨੀ ਬਣਾਉਣ ਲਈ ਕੰਮ ਕਰੇਗੀ ਖਾਸ ਕਰਕੇ ਸਾਰੀਆਂ ਲੜਕੀਆਂ ਲਈ। ਮੋਦੀ ਨੇ ਵਾਰ-ਵਾਰ ਭਰੋਸਾ ਜਤਾਇਆ ਹੈ ਕਿ ਉਹ ਆਮ ਚੋਣਾਂ ਤੋਂ ਬਾਅਦ ਲਗਾਤਾਰ ਤੀਜੀ ਵਾਰ ਸੱਤਾ 'ਚ ਵਾਪਸੀ ਕਰਨਗੇ। ਪ੍ਰਧਾਨ ਮੰਤਰੀ ਨੇ ਕਿਹਾ ਕਿ ਡਿਜੀਟਲ ਜਨਤਕ ਬੁਨਿਆਦੀ ਢਾਂਚੇ ਦੀ ਲੋੜ ਹੈ। ਇਸ 'ਤੇ ਗੇਟਸ ਨੇ ਕਿਹਾ ਕਿ ਭਾਰਤ ਇਸ ਰਸਤੇ 'ਚ ਸਭ ਤੋਂ ਅੱਗੇ ਹੈ। ਜਲਵਾਯੂ ਪਰਿਵਰਤਨ ਦੇ ਮੁੱਦੇ 'ਤੇ, ਮੋਦੀ ਨੇ ਕਿਹਾ ਕਿ ਵਿਸਵ ਨੂੰ



ਵਿਕਾਸ ਨੂੰ ਪਰਿਭਾਸ਼ਿਤ ਕਰਨ ਲਈ ਬਿਜਲੀ ਜਾਂ ਸਟੀਲ ਵਰਗੇ ਮਾਪਦੰਡ ਬਦਲਣ ਦੀ ਲੋੜ ਹੈ ਕਿਉਂਕਿ ਇਹ ਜਲਵਾਯੂ ਵਿਰੋਧੀ ਹੈ ਅਤੇ ਇਸ ਦੀ ਬਜਾਏ ਹਰੀ ਜੀਡੀਪੀ ਅਤੇ ਹਰੀਆਂ ਨੌਕਰੀਆਂ ਵਰਗੀਆਂ ਪਰਿਭਾਸਾਵਾਂ ਨੂੰ ਅਪਣਾਉਣਾ ਚਾਹੀਦਾ ਹੈ। ਆਰਟੀਫੀਸੀਅਲ ਇੰਟੈਲੀਜੈਂਸ (ਏ.ਆਈ.) ਦੇ ਮੁੱਦੇ 'ਤੇ ਚਰਚਾ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਨੂੰ ਜਾਦੂਈ ਸਾਧਨ ਜਾਂ ਕੁਝ ਕੰਮ ਕਰਨ ਲਈ ਲੋਕਾਂ ਦੀ ਆਲਸ ਦੇ ਬਦਲ ਵਜੋਂ ਨਹੀਂ ਦੇਖਿਆ ਜਾਣਾ ਚਾਹੀਦਾ। ਪ੍ਰਧਾਨ ਮੰਤਰੀ ਮੋਦੀ ਨੇ ਜ਼ਿਕਰ ਕੀਤਾ ਕਿ ਕਿਵੇਂ ਉਨ੍ਹਾਂ ਨੇ ਜੀ-20 ਸੰਮੇਲਨ ਵਿੱਚ ਭਾਸਣਾਂ ਦਾ ਅਨੁਵਾਦ ਕਰਨ ਲਈ ਏਆਈ ਦੀ ਵਰਤੋਂ ਕੀਤੀ ਅਤੇ ਕਈ ਸਮਾਗਮਾਂ ਵਿੱਚ ਵੱਖ-ਵੱਖ ਭਾਸਾਵਾਂ ਵਿੱਚ ਆਪਣੇ ਸੰਬੋਧਨ ਵੀ ਦਿੱਤੇ। ਉਨ੍ਹਾਂ ਕਿਹਾ ਕਿ ਚੈਟਜੀਪੀਟੀ ਵਰਗੀ ਤਕਨੀਕ ਦੀ ਵਰਤੋਂ ਆਪਣੇ ਆਪ ਨੂੰ ਲਗਾਤਾਰ ਬਿਹਤਰ ਬਣਾਉਣ ਲਈ ਕੀਤੀ ਜਾਣੀ ਚਾਹੀਦੀ ਹੈ। ਏਆਈ ਦੀ ਵਰਤੋਂ ਨੂੰ ਉਜਾਗਰ ਕਰਦੇ ਹੋਏ, ਮੋਦੀ ਨੇ ਗੇਟਸ ਨੂੰ ਨਮੋ ਐਪ ਰਾਹੀਂ ਸੈਲਫੀ ਲੈਣ ਲਈ ਕਿਹਾ ਅਤੇ ਫਿਰ ਦਿਖਾਇਆ ਕਿ ਚਿਹਰੇ ਦੀ ਪਛਾਣ ਤਕਨੀਕ ਦੀ ਵਰਤੋਂ ਕਰਕੇ ਇਸਦਾ ਪਤਾ ਕਿਵੇਂ ਲਗਾਇਆ ਜਾ ਸਕਦਾ ਹੈ। ਮੋਦੀ ਨੇ ਕਿਹਾ ਕਿ ਉਹ ਤਕਨਾਲੋਜੀ ਦੇ ਲੋਕਤੰਤਰੀਕਰਨ ਵਿੱਚ ਵਿਸਵਾਸ ਰੱਖਦੇ ਹਨ ਕਿਉਂਕਿ ਇਹ ਸਭ ਨੂੰ ਬਰਾਬਰ ਮੌਕੇ ਪ੍ਰਦਾਨ ਕਰਦੀ ਹੈ ਅਤੇ ਉਹ ਤਕਨਾਲੋਜੀ ਨੂੰ ਪਿੰਡਾਂ ਤੱਕ ਲੈ ਜਾ ਰਹੇ ਹਨ।

## ਸਰਹੱਦੀ ਵਿਵਾਦ 'ਤੇ ਭਾਰਤ-ਚੀਨ ਦੀ ਬੈਠਕ, ਐੱਲ. ਏ. ਸੀ. ਤੋਂ ਫੌਜਾਂ ਹਟਾਉਣ 'ਤੇ ਹੋਈ ਚਰਚਾ

ਨਵੀਂ ਦਿੱਲੀ, 29 ਮਾਰਚ। ਭਾਰਤ-ਚੀਨ ਸਰਹੱਦੀ ਮਾਮਲਿਆਂ 'ਤੇ ਸਲਾਹ ਅਤੇ ਤਾਲਮੇਲ ਲਈ ਕਾਰਜ ਪ੍ਰਣਾਲੀ ਦੀ 29ਵੀਂ ਮੀਟਿੰਗ ਹੋਈ ਅਤੇ ਦੋਵਾਂ ਧਿਰਾਂ ਨੇ ਇਸ 'ਚ ਅਸਲ ਕੰਟਰੋਲ ਰੇਖਾ (ਐੱਲ.



ਏ. ਸੀ.) ਤੋਂ ਫੌਜੀਆਂ ਨੂੰ ਪੂਰੀ ਤਰ੍ਹਾਂ ਹਟਾਉਣ ਅਤੇ ਬਾਕੀ ਮੁੱਦਿਆਂ ਨੂੰ ਹੱਲ ਕਰਨ 'ਤੇ ਵਿਚਾਰ-ਵਟਾਂਦਰਾ ਕੀਤਾ। ਵਿਦੇਸ ਮੰਤਰਾਲਾ ਨੇ ਵੀਰਵਾਰ ਨੂੰ ਇਕ ਬਿਆਨ 'ਚ ਇਹ ਜਾਣਕਾਰੀ ਦਿੱਤੀ। ਬਿਆਨ 'ਚ ਕਿਹਾ ਗਿਆ ਹੈ ਕਿ ਇਹ ਮਹੱਤਵਪੂਰਨ ਬੈਠਕ ਬੀਜਿੰਗ 'ਚ ਹੋਈ। ਮੰਤਰਾਲਾ ਨੇ ਕਿਹਾ ਕਿ ਦੋਵਾਂ ਧਿਰਾਂ ਨੇ ਇਸ ਬਾਰੇ ਡੂੰਘਾਈ ਨਾਲ ਚਰਚਾ ਕੀਤੀ ਕਿ ਭਾਰਤ-ਚੀਨ ਸਰਹੱਦੀ ਖੇਤਰਾਂ ਦੇ ਪੱਛਮੀ ਸੈਕਟਰ 'ਚ ਐੱਲ. ਏ. ਸੀ. ਤੋਂ ਪੂਰੀ ਤਰ੍ਹਾਂ ਫੌਜੀਆਂ ਦੀ ਵਾਪਸੀ ਕਿਵੇਂ ਹੋਵੇ ਅਤੇ ਬਕਾਇਆ ਮੁੱਦਿਆਂ ਨੂੰ ਹੱਲ ਕੀਤਾ ਜਾਵੇ। ਵਿਦੇਸ ਮੰਤਰਾਲਾ ਦੇ ਸੰਯੁਕਤ ਸਕੱਤਰ (ਪੂਰਬੀ ਏਸੀਆ) ਨੇ ਭਾਰਤੀ ਵਫਦ ਦੀ ਅਗਵਾਈ ਕੀਤੀ। ਬਿਆਨ 'ਚ ਕਿਹਾ ਗਿਆ ਹੈ ਕਿ ਚੀਨੀ ਵਫਦ ਦੀ ਅਗਵਾਈ ਚੀਨੀ ਵਿਦੇਸ ਮੰਤਰਾਲਾ ਦੇ ਸਰਹੱਦਾਂ ਅਤੇ ਸਮੁੰਦਰ ਵਿਭਾਗ ਦੇ ਡਾਇਰੈਕਟਰ ਜਨਰਲ ਨੇ ਕੀਤੀ।

## ਭਾਰਤ-ਚੀਨ ਸਰਹੱਦ 'ਤੇ 7 ਹਜਾਰ ਫੁੱਟ 'ਤੇ ਹੋਵੇਗਾ ਸਭ ਤੋਂ ਉੱਚਾ ਪੋਲਿੰਗ ਬੂਥ

ਨੈਨੀਤਾਲ 29 ਮਾਰਚ। ਉੱਤਰਾਖੰਡ ਦੀ ਚੀਨ ਸਰਹੱਦ ਨਾਲ ਲੱਗਦੀ ਪਿਥੌਰਾਗੜ੍ਹ ਜ਼ਿਲ੍ਹੇ ਦੀ ਧਾਰਚੂਲਾ ਵਿਧਾਨ ਸਭਾ ਵੋਟਿੰਗ ਦੇ ਲਿਹਾਜ ਨਾਲ ਸਭ ਤੋਂ ਚੁਣੌਤੀਪੂਰਨ ਹੈ। ਇੱਥੇ ਇਕ ਪੋਲਿੰਗ ਬੂਥ ਅਜਿਹਾ ਵੀ ਹੈ, ਜਿੱਥੇ ਪੋਲਿੰਗ ਕਰਮੀ ਤਿੰਨ ਦਿਨ ਪਹਿਲਾਂ ਰਵਾਨਾ ਹੋਣਗੇ, ਜਦਕਿ ਅਜਿਹੇ ਹੀ 63 ਬੂਥਾਂ 'ਤੇ ਦੋ ਦਿਨ ਪਹਿਲਾਂ ਰਵਾਨਾ ਹੋਣਗੇ। ਪਿਥੌਰਾਗੜ੍ਹ ਜ਼ਿਲ੍ਹੇ 'ਚ ਧਾਰਚੂਲਾ, ਡੀਡੀਹਾਟ, ਪਿਥੌਰਾਗੜ੍ਹ ਅਤੇ ਗੰਗੋਲੀਹਾਟ ਸਣੇ ਕੁੱਲ 4 ਵਿਧਾਨ ਸਭਾਵਾਂ ਵਿਚ ਕੁੱਲ 611 ਪੋਲਿੰਗ ਬੂਥ ਬਣਾਏ ਗਏ ਹਨ। ਧਾਰਚੂਲਾ ਵਿਚ ਕੁੱਲ 160, ਡੀਡੀਹਾਟ 'ਚ 144, ਪਿਥੌਰਾਗੜ੍ਹ 'ਚ 151 ਜਦਕਿ ਗੰਗੋਲੀਹਾਟ 'ਚ 156 ਪੋਲਿੰਗ ਬੂਥ ਬਣਾਏ ਗਏ ਹਨ। ਇਨ੍ਹਾਂ ਵਿਚ ਧਾਰਚੂਲਾ ਦਾ ਕਨਾਰ ਪੋਲਿੰਗ ਬੂਥ 7000 ਫੁੱਟ ਦੀ ਉੱਚਾਈ 'ਤੇ ਹੈ। ਇੱਥੇ ਪੋਲਿੰਗ ਕਰਮੀਆਂ ਨੂੰ 14 ਕਿਲੋਮੀਟਰ ਦਾ ਬਹੁਤ ਔਖਾ ਰਸਤਾ ਪਾਰ ਕਰਨਾ ਹੋਵੇਗਾ। ਜ਼ਿਲ੍ਹਾ ਚੋਣ ਦਫਤਰ ਤੋਂ ਮਿਲੀ ਜਾਣਕਾਰੀ ਮੁਤਾਬਕ ਵੋਟ ਕਰਮੀ ਇੱਥੇ ਪਹੁੰਚਣ ਲਈ ਤਿੰਨ ਦਿਨ ਪਹਿਲਾਂ ਰਵਾਨਾ ਹੋਣਗੇ। ਇਨ੍ਹਾਂ ਤੋਂ ਇਲਾਵਾ 63 ਪੋਲਿੰਗ ਬੂਥਾਂ 'ਤੇ ਪੋਲਿੰਗ ਕਰਮੀ ਦੋ ਦਿਨ ਪਹਿਲਾਂ ਰਵਾਨਾ ਹੋਣਗੇ। ਇਨ੍ਹਾਂ ਵਿਚ ਧਾਰਚੂਲਾ ਦੇ ਸਭ ਤੋਂ ਵੱਧ 48, ਪਿਥੌਰਾਗੜ੍ਹ ਦੇ 11 ਅਤੇ ਡੀਡੀਹਾਟ ਦੇ 4 ਪੋਲਿੰਗ ਬੂਥ ਸਾਮਲ ਹਨ। ਪੋਲਿੰਗ ਕਰਮੀ ਇਕ ਦਿਨ ਪਹਿਲਾਂ ਬਾਕੀ ਪੋਲਿੰਗ ਬੂਥਾਂ ਲਈ ਰਵਾਨਾ ਹੋਣਗੇ। ਇਸੇ ਤਰ੍ਹਾਂ ਨੈਨੀਤਾਤ ਜ਼ਿਲ੍ਹੇ ਦਾ ਭੀਮਤਾਲ ਵਿਧਾਨ ਸਭਾ ਹਲਕਾ ਚੋਣ ਦ੍ਰਿਸਟੀਕੋਣ ਤੋਂ ਸਭ ਤੋਂ ਅਹਿਮ ਹੈ। ਨੈਨੀਤਾਲ ਜ਼ਿਲ੍ਹੇ ਦੇ 6 ਵਿਧਾਨ ਸਭਾ ਹਲਕਿਆਂ ਵਿੱਚ ਕੁੱਲ 1010 ਪੋਲਿੰਗ ਸਟੇਸਨ ਬਣਾਏ ਗਏ ਹਨ। ਇਨ੍ਹਾਂ 'ਚ ਭੀਮਟਾਲ ਵਿਧਾਨ ਸਭਾ ਦੇ 57 ਪੋਲਿੰਗ ਬੂਥ ਹਨ, ਜਿੱਥੇ ਪੋਲਿੰਗ ਪਾਰਟੀਆਂ ਦੋ ਦਿਨ ਪਹਿਲਾਂ ਰਵਾਨਾ ਹੋਣਗੀਆਂ ਜਦਕਿ 953 ਪੋਲਿੰਗ ਥਾਵਾਂ ਲਈ ਪੋਲਿੰਗ ਪਾਰਟੀਆਂ ਇਕ ਦਿਨ ਪਹਿਲਾਂ ਰਵਾਨਾ ਹੋਣਗੀਆਂ।

## ਲੋਕ ਸਭਾ ਚੋਣ ਲੜਣ ਨੂੰ ਲੈ ਕੇ ਪਰਨੀਤ ਕੌਰ ਦਾ ਵੱਡਾ ਬਿਆਨ

ਪਟਿਆਲਾ 29 ਮਾਰਚ। ਲੋਕ ਸਭਾ ਚੋਣਾਂ ਨੂੰ ਲੈ ਕੇ ਪਟਿਆਲਾ ਤੋਂ ਸੰਸਦ ਮੈਂਬਰ ਪਰਨੀਤ ਕੌਰ ਦਾ ਵੱਡਾ ਬਿਆਨ ਸਾਹਮਣੇ ਆਇਆ ਹੈ। ਉਨ੍ਹਾਂ ਨੇ ਕਿਹਾ ਹੈ ਕਿ ਜੇ ਉਹ ਚੋਣ ਲੜਣਗੇ ਤਾਂ ਪਟਿਆਲਾ ਤੋਂ ਹੀ ਲੜਣਗੇ। ਹਾਲਾਂਕਿ ਉਨ੍ਹਾਂ ਕਿਹਾ ਕਿ ਇਸ ਬਾਰੇ ਫੈਸਲਾ ਪਾਰਟੀ ਹਾਈਕਮਾਨ ਵੱਲੋਂ ਹੀ ਲਿਆ ਜਾਵੇਗਾ। ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਜਦੋਂ ਉਨ੍ਹਾਂ ਤੋਂ ਭਾਰਤੀ ਜਨਤਾ ਪਾਰਟੀ ਵੱਲੋਂ ਲੋਕ ਸਭਾ ਚੋਣ ਲੜਣ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਇਹ ਫੈਸਲਾ ਪਾਰਟੀ ਹਾਈਕਮਾਨ ਕਰੇਗੀ ਕਿ ਕਿਸ ਨੂੰ ਟਿਕਟ ਦੇਣੀ ਹੈ। ਪਟਿਆਲਾ ਤੋਂ ਚੋਣ ਲੜਣ ਬਾਰੇ ਪੁੱਛਣ 'ਤੇ ਉਨ੍ਹਾਂ ਕਿਹਾ ਕਿ ਪਟਿਆਲਾ ਮੇਰਾ ਘਰ ਹੈ ਤੇ ਜੇ ਮੈਂ ਚੋਣ ਲੜਾਂਗੀ ਤਾਂ ਪਟਿਆਲਾ ਤੋਂ ਹੀ ਲੜਾਂਗੀ।



ਦੱਸ ਦਈਏ ਕਿ ਪਰਨੀਤ ਕੌਰ ਕਾਂਗਰਸ ਵੱਲੋਂ ਪਟਿਆਲਾ ਤੋਂ ਸੰਸਦ ਮੈਂਬਰ ਹਨ ਤੇ ਕੁਝ ਦਿਨ ਪਹਿਲਾਂ ਹੀ ਉਹ ਭਾਰਤੀ ਜਨਤਾ ਪਾਰਟੀ ਵਿਚ ਸ਼ਾਮਲ ਹੋ ਗਏ ਸਨ। ਇਸ ਮਗਰੋਂ ਲਗਾਤਾਰ ਕਿਆਸਅਰਾਈਆਂ ਹਨ ਕਿ ਭਾਰਤੀ ਜਨਤਾ ਪਾਰਟੀ ਵੱਲੋਂ ਉਨ੍ਹਾਂ ਨੂੰ ਮੁੜ ਚੋਣ ਮੈਦਾਨ ਵਿਚ ਉਤਾਰਿਆ ਜਾ ਸਕਦਾ ਹੈ।

## ਸ਼ਿਵ ਸੈਨਾ (ਯੂ. ਬੀ. ਟੀ.) ਨੇ 5 ਸੰਸਦ ਮੈਂਬਰਾਂ 'ਤੇ ਭਰੋਸਾ ਪ੍ਰਗਟਾਇਆ, ਪਹਿਲੀ ਸੂਚੀ 'ਚ 17 ਉਮੀਦਵਾਰਾਂ ਦੇ ਨਾਂ

**ਨਵਦੀਪ ਸਿੰਘ ਸਾਹਨੀ**

ਮੁੰਬਈ, 29 ਮਾਰਚ। ਸ਼ਿਵ ਸੈਨਾ (ਯੂ. ਬੀ. ਟੀ.) ਨੇ ਲੋਕ ਸਭਾ ਦੀਆਂ ਚੋਣਾਂ ਲਈ ਬੁੱਧਵਾਰ 17 ਉਮੀਦਵਾਰਾਂ ਦੀ ਪਹਿਲੀ ਸੂਚੀ ਜਾਰੀ ਕਰਦਿਆਂ ਕਿਹਾ ਕਿ ਉਹ ਸੂਬੇ ਦੀਆਂ ਕੁੱਲ 22 ਸੀਟਾਂ ਤੇ ਚੋਣ ਲੜੇਗੀ। ਪਾਰਟੀ ਨੇ ਸਾਬਕਾ ਕੇਂਦਰੀ ਮੰਤਰੀ ਅਨੰਤ ਗੀਤੇ ਨੂੰ ਰਾਏਗੜ੍ਹ ਤੇ ਅਰਵਿੰਦ ਸਾਵੰਤ ਨੂੰ ਦੱਖਣੀ ਮੁੰਬਈ ਲੋਕ ਸਭਾ ਸੀਟ ਤੋਂ ਆਪਣਾ ਉਮੀਦਵਾਰ ਐਲਾਨਿਆ ਹੈ। ਪਾਰਟੀ ਨੇ ਮਿਆਦ ਪੂਰਾ ਰਹੇ ਸਾਰੇ 5 ਸੰਸਦ ਮੈਂਬਰਾਂ ਨੂੰ ਦੁਬਾਰਾ ਮੈਦਾਨ 'ਚ ਉਤਾਰਿਆ ਹੈ। ਇਹ ਸੰਸਦ ਮੈਂਬਰ ਅਰਵਿੰਦ ਸਾਵੰਤ (ਦੱਖਣੀ ਮੁੰਬਈ), ਰਾਜਨ (ਠਾਣੇ), ਵਿਨਾਇਕ ਰਾਊਤ (ਰਤਨਾਗਿਰੀ-ਸਿੰਧੂਦੁਰਗ), ਓਮਰਾਜੇ



ਨਿੰਬਲਕਰ (ਧਾਰਸ਼ਿਵ) ਤੇ ਸੰਜੇ ਜਾਧਵ (ਪਰਭਨੀ) ਹਨ। ਪਾਰਟੀ ਨੇਤਾ ਸੰਜੇ ਰਾਊਤ ਨੇ ਕਿਹਾ ਕਿ ਸ਼ਿਵ ਸੈਨਾ (ਯੂ. ਬੀ. ਟੀ.) ਨੇ ਮੁੰਬਈ ਦੱਖਣੀ-ਮੱਧ ਸੀਟ ਤੋਂ ਰਾਜ ਸਭਾ ਦੇ ਮੈਂਬਰ ਅਨਿਲ ਦੇਸਾਈ ਨੂੰ ਚੋਣ ਮੈਦਾਨ 'ਚ ਉਤਾਰਿਆ ਹੈ। ਦੇਸਾਈ ਦਾ ਕਾਰਜਕਾਲ ਅਗਲੇ ਮਹੀਨੇ ਖਤਮ ਹੋਣ ਵਾਲਾ ਹੈ। ਪਾਰਟੀ ਨੇ ਮੁੰਬਈ ਤੋਂ 4 ਉਮੀਦਵਾਰ ਖੜ੍ਹੇ ਕੀਤੇ ਹਨ। ਕਾਂਗਰਸ ਦੀ ਮਹਾਰਾਸਟਰ ਇਕਾਈ ਨੇ ਸ਼ਿਵ ਸੈਨਾ (ਊਧਵ ਬਾਲਾ ਸਾਹਿਬ ਠਾਕਰੇ) ਵੱਲੋਂ ਭਿਵੰਡੀ, ਮੁੰਬਈ ਦੱਖਣੀ-ਮੱਧ ਤੇ ਸਾਂਗਲੀ ਲੋਕ ਸਭਾ ਸੀਟਾਂ ਲਈ ਆਪਣੇ ਉਮੀਦਵਾਰਾਂ ਦਾ ਐਲਾਨ ਕਰਨ 'ਤੇ ਇਤਰਾਜ ਜਤਾਉਂਦੇ ਹੋਏ ਕਿਹਾ ਕਿ ਮਹਾਵਿਕਾਸ ਆਘਾੜੀ (ਐੱਮ. ਵੀ. ਏ.) ਦੀਆਂ ਭਾਈਵਾਲ ਪਾਰਟੀਆਂ ਨੂੰ ਗੱਠਜੋੜ ਧਰਮ ਦੀ ਪਾਲਣਾ ਕਰਨੀ ਚਾਹੀਦੀ ਹੈ। ਮਹਾਰਾਸਟਰ 'ਚ ਕਾਂਗਰਸ ਵਿਧਾਇਕ ਦਲ ਦੇ ਨੇਤਾ ਬਾਲਾਸਾਹਿਬ ਥੋਰਾਟ ਨੇ ਸ਼ਿਵ ਸੈਨਾ (ਯੂ. ਬੀ. ਟੀ.) ਨੂੰ ਆਪਣੇ ਫੈਸਲੇ 'ਤੇ ਮੁੜ ਵਿਚਾਰ ਕਰਨ ਦੀ ਅਪੀਲ ਕੀਤੀ ਹੈ। ਹਾਲਾਂਕਿ, ਉਨ੍ਹਾਂ ਦੀ ਪਾਰਟੀ ਦੇ ਸਹਿਯੋਗੀ ਸੰਜੇ ਨਿਰੂਪਮ ਨੇ ਵਧੇਰੇ ਹਮਲਾਵਰ ਰੁਖ ਅਪਣਾਇਆ ਤੇ ਊਧਵ ਠਾਕਰੇ ਦੀ ਅਗਵਾਈ ਵਾਲੀ ਸ਼ਿਵ ਸੈਨਾ ਨੂੰ ਮੁੰਬਈ ਦੀਆਂ ਵਧੇਰੇ ਸੀਟਾਂ ਹਥਿਆਉਣ ਦੀ ਆਗਿਆ ਦੇਣ ਲਈ ਕਾਂਗਰਸ ਲੀਡਰਸ਼ਿਪ 'ਤੇ ਨਿਸਾਨਾ ਵਿੰਨ੍ਹਿਆ।

## ਇਹ ਰਾਜਨੀਤਕ ਸਾਜਿਸ਼, ਜਨਤਾ ਦੇਵੇਗੀ ਜਵਾਬ: ਕੇਜਰੀਵਾਲ

ਨਵੀਂ ਦਿੱਲੀ 29 ਮਾਰਚ। ਦਿੱਲੀ ਦੇ ਸ਼ਰਾਬ ਨੀਤੀ ਮਾਮਲੇ 'ਚ ਗ੍ਰਿਫਤਾਰ ਕੀਤੇ ਗਏ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਲੈ ਕੇ ਈ.ਡੀ. ਦੀ ਟੀਮ ਰਾਊਜ ਐਵੇਨਿਊ ਕੋਰਟ ਪਹੁੰਚ ਗਈ ਹੈ। ਕੋਰਟ ਦੇ ਬਾਹਰ ਮੀਡੀਆ ਦੇ ਸਵਾਲ ਦਾ ਜਵਾਬ ਦਿੰਦੇ ਹੋਏ ਕੇਜਰੀਵਾਲ ਨੇ ਕਿਹਾ ਕਿ ਇਹ ਰਾਜਨੀਤਕ ਸਾਜਿਸ਼ ਹੈ ਅਤੇ ਜਨਤਾ ਇਸ ਦਾ ਜਵਾਬ ਦੇਵੇਗੀ। ਕੋਰਟ 'ਚ ਦਿੱਲੀ ਦੇ 4 ਕੈਬਨਿਟ ਮੰਤਰੀ ਗੋਪਾਲ ਰਾਏ, ਸੌਰਭ ਭਾਰਦਵਾਜ, ਆਤਿਸ਼ੀ ਅਤੇ ਰਾਜ ਕੁਮਾਰ ਆਨੰਦ ਵੀ ਮੌਜੂਦ ਹਨ। ਉਨ੍ਹਾਂ ਦੀ ਪਤਨੀ ਸੁਨੀਤਾ ਕੇਜਰੀਵਾਲ ਨੇ ਦਾਅਵਾ ਕੀਤਾ ਸੀ ਕਿ ਕੇਜਰੀਵਾਲ ਅੱਜ ਕੋਰਟ ਦੇ ਅੰਦਰ ਸ਼ਰਾਬ ਘਪਲੇ 'ਚ ਵੱਡਾ ਖੁਲਾਸਾ ਕਰਨਗੇ। ਅਜਿਹੇ 'ਚ ਸਾਰਿਆਂ ਦੀ ਨਜ਼ਰ ਕੋਰਟ 'ਤੇ ਹੈ ਕਿ ਆਖਰ ਕੇਜਰੀਵਾਲ ਕਿਹੜਾ ਵੱਡਾ ਖੁਲਾਸਾ ਕਰਨ ਵਾਲੇ ਹਨ। ਦੱਸਣਯੋਗ ਹੈ ਕਿ ਕੇਜਰੀਵਾਲ ਦੀ ਈ.ਡੀ. ਹਿਰਾਸਤ ਖਤਮ ਹੋ ਰਹੀ ਹੈ ਅਤੇ ਹਿਰਾਸਤ ਵਧਾਉਣ ਦੀ ਮੰਗ ਕਰਦੇ ਹੋਏ ਈਡੀ ਕੇਜਰੀਵਾਲ ਨੂੰ ਅਦਾਲਤ 'ਚ ਪੇਸ਼ ਕਰੇਗੀ।

## ਮਨੀਸ਼ ਤਿਵਾੜੀ ਦੇ ਭਾਜਪਾ 'ਚ ਸ਼ਾਮਲ ਹੋਣ ਦਾ ਜਾਣੋ ਸੱਚ

ਜਲੰਧਰ 29 ਮਾਰਚ। ਲੋਕ ਸਭਾ ਚੋਣਾਂ ਤੋਂ ਪਹਿਲਾਂ ਪੰਜਾਬ ਦੀ ਸਿਆਸਤ ਵਿਚ ਜੋੜ-ਤੋੜ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਇਸ ਦਰਮਿਆਨ ਕਾਂਗਰਸ ਦੇ ਸ੍ਰੀ ਅਨੰਦਪੁਰ ਸਾਹਿਬ ਤੋਂ ਐੱਮ. ਪੀ. ਮਨੀਸ਼ ਤਿਵਾੜੀ ਨੇ ਭਾਜਪਾ 'ਚ ਸ਼ਾਮਲ ਹੋਣ ਦੀਆਂ ਖ਼ਬਰਾਂ ਦਾ ਖੰਡਨ ਕੀਤਾ ਹੈ। 'ਜਗਬਾਣੀ' ਨਾਲ ਫੋਨ 'ਤੇ ਗੱਲਬਾਤ ਕਰਦਿਆਂ ਤਿਵਾੜੀ ਨੇ ਕਿਹਾ ਕਿ ਇਹ ਸਾਰੀਆਂ ਖ਼ਬਰਾਂ ਝੂਠੀਆਂ ਹਨ। ਉਨ੍ਹਾਂ ਕਿਹਾ ਕਿ ਉਹ ਕਾਂਗਰਸ ਨਹੀਂ ਛੱਡਣਗੇ। ਗੌਰਤਲਬ ਹੈ ਕਿ ਮਨੀਸ ਤਿਵਾੜੀ ਸ੍ਰੀ ਅਨੰਦਪੁਰ ਸਾਹਿਬ ਤੋਂ ਚੋਣ ਲੜਨ ਦੀ ਤਿਆਰੀ ਕਰ ਰਹੇ ਹਨ ਜਦਕਿ ਪਾਰਟੀ ਵੱਲੋਂ ਅਜੇ ਤਕ ਉਮੀਦਵਾਰ ਨਹੀਂ ਐਲਾਨ ਕੀਤਾ ਗਿਆ ਹੈ। ਇਥੇ ਇਹ ਵੀ ਖਾਸ ਤੌਰ 'ਤੇ ਦੱਸਣਯੋਗ ਹੈ ਕਿ ਕਾਂਗਰਸ ਦੇ ਲੁਧਿਆਣਾ ਤੋਂ ਮੌਜੂਦਾ ਐੱਮ. ਪੀ. ਰਵਨੀਤ ਸਿੰਘ ਬਿੱਟੂ ਬੀਤੇ ਦਿਨੀਂ ਭਾਜਪਾ ਵਿਚ ਸ਼ਾਮਲ ਹੋ ਚੁੱਕੇ ਹਨ। ਇਸ ਦਰਮਿਆਨ ਸਿਆਸੀ ਗਲਿਆਰਿਆਂ ਵਿਚ ਚਰਚਾ ਸੀ ਕਿ ਮਨੀਸ਼ ਤਿਵਾੜੀ ਵੀ ਭਾਜਪਾ ਵਿਚ ਸ਼ਾਮਲ ਹੋਣ ਜਾ ਰਹੇ ਹਨ, ਇਨ੍ਹਾਂ ਸਾਰੀਆਂ ਅਟਕਲਾਂ 'ਤੇ ਵਿਰਾਮ ਲਗਾਉਂਦਿਆਂ ਤਿਵਾੜੀ ਨੇ ਆਖਿਆ ਹੈ ਕਿ ਉਹ ਕਾਂਗਰਸ ਨਹੀਂ ਛੱਡਣਗੇ।

## ਅਮਰੀਕਾ ਨੇ ਕੇਜਰੀਵਾਲ ਦੀ ਗ੍ਰਿਫਤਾਰੀ 'ਤੇ ਮੁੜ ਕੀਤੀ ਟਿੱਪਣੀ, ਵਿਦੇਸ਼ ਮੰਤਰਾਲਾ ਨੇ ਦਿੱਤੀ ਨਸੀਹਤ

**ਤੇਜਿੰਦਰ ਕੌਰ ਬੱਬਰ**

ਨਵੀਂ ਦਿੱਲੀ 29 ਮਾਰਚ। ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਗ੍ਰਿਫਤਾਰੀ 'ਤੇ ਅਮਰੀਕਾ ਵਲੋਂ ਕੀਤੀ ਗਈ ਹਾਲੀਆ ਟਿੱਪਣੀ 'ਤੇ ਵਿਦੇਸ਼ ਮੰਤਰਾਲਾ ਨੇ ਸਖਤ ਪ੍ਰਤੀਕਿਰਿਆ ਦਿੱਤੀ ਹੈ। ਭਾਰਤ ਨੇ ਅਮਰੀਕੀ ਵਿਦੇਸ਼ ਵਿਭਾਗ ਦੇ ਬਿਆਨ ਨੂੰ ਸਿਰੇ ਤੋਂ ਖਾਰਜ ਕਰਦੇ ਹੋਏ ਕਿਹਾ ਕਿ ਇਸ ਤਰ੍ਹਾਂ ਦੇ ਬਿਆਨ ਦਾ ਕੋਈ ਮਤਲਬ ਨਹੀਂ ਹੈ। ਇਸ ਤਰ੍ਹਾਂ ਦੀ ਟਿੱਪਣੀ ਅਣਉੱਚਿਤ ਹੈ। ਸਾਡੀ ਚੋਣ ਅਤੇ ਕਾਨੂੰਨੀ ਪ੍ਰਕਿਰਿਆ 'ਤੇ ਕੋਈ ਬਾਹਰੀ ਦੋਸ਼ ਲਗਾਉਣਾ ਗਲਤ ਅਤੇ ਪੂਰੀ ਤਰ੍ਹਾਂ ਅਸਵੀਕਾਰਯੋਗ ਵੀ ਹੈ। ਕੇਜਰੀਵਾਲ ਦੀ ਗ੍ਰਿਫਤਾਰੀ ਨੂੰ ਲੈ ਕੇ ਕੀਤੀ ਗਈ ਟਿੱਪਣੀ ਤੋਂ ਬਾਅਦ ਭਾਰਤੀ ਵਿਦੇਸ਼ ਮੰਤਰਾਲਾ ਨੇ ਬੁੱਧਵਾਰ ਨੂੰ ਅਮਰੀਕੀ ਡਿਪਲੋਮੈਟ ਨੂੰ ਤਲਬ ਕੀਤਾ ਸੀ। ਭਾਰਤ ਨੇ ਸਖਤ ਪ੍ਰਤੀਕਿਰਿਆ ਦਿਦੇ ਹੋਏ ਕਿਹਾ ਸੀ ਕਿ ਕੂਟਨੀਤੀ 'ਚ ਕਿਸੇ ਵੀ ਦੇਸ਼ ਤੋਂ ਦੂਜੇ ਦੇਸ਼ਾਂ ਦੀ ਪ੍ਰਭੂਸੱਤਾ ਅਤੇ ਅੰਦਰੂਨੀ ਮਾਮਲਿਆਂ ਦਾ ਸਨਮਾਨ ਕਰਨ



ਦੀ ਉਮੀਦ ਕੀਤੀ ਜਾਂਦੀ ਹੈ। ਇਸ ਦੇ ਬਾਵਜੂਦ ਅਮਰੀਕੀ ਵਿਦੇਸ਼ ਮੰਤਰਾਲਾ ਨੇ ਬੁੱਧਵਾਰ ਨੂੰ ਅਰਵਿੰਦ ਕੇਜਰੀਵਾਲ ਦੀ ਗ੍ਰਿਫਤਾਰੀ ਅਤੇ ਕਾਂਗਰਸ ਪਾਰਟੀ ਦੇ ਅਕਾਊਂਟ ਫ੍ਰੀਜ ਕੀਤੇ ਜਾਣ ਨੂੰ ਲੈ ਕੇ ਟਿੱਪਣੀ ਕੀਤੀ ਸੀ। ਵੀਰਵਾਰ ਨੂੰ ਆਯੋਜਿਤ ਵਿਦੇਸ਼ ਮੰਤਰਾਲਾ ਦੀ ਪ੍ਰੈੱਸ ਕਾਨਫਰੰਸ ਦੌਰਾਨ ਵਿਦੇਸ਼ ਮੰਤਰਾਲਾ ਦੇ ਬੁਲਾਰੇ ਰਣਧੀਰ ਜਾਇਸਵਾਲ ਨੇ ਕਿਹਾ,"ਅਮਰੀਕੀ ਵਿਦੇਸ਼ ਮੰਤਰਾਲਾ ਦੀ ਹਾਲੀਆ ਟਿੱਪਣੀ ਅਣਉੱਚਿਤ ਹੈ। ਸਾਡੀ ਚੋਣ ਅਤੇ ਕਾਨੂੰਨੀ ਪ੍ਰਕਿਰਿਆ ਨੂੰ ਲੈ ਕੇ ਕੀਤੀ ਗਈ ਬਾਹਰੀ ਟਿੱਪਣੀ ਮਨਜ਼ੂਰ ਨਹੀਂ ਹੈ। ਭਾਰਤ 'ਚ ਕਾਨੂੰਨੀ ਪ੍ਰਕਿਰਿਆ ਸਰਿਫ ਕਾਨੂੰਨ ਨਾਲ ਚੱਲਦੀਆਂ ਹਨ। ਕੋਈ ਵੀ ਸਹਿਯੋਗੀ ਦੇਸ਼ ਅਤੇ ਖਾਸ ਕਰ ਕੇ ਲੋਕਤੰਤਰੀ ਦੇਸ਼ਾਂ ਨੂੰ ਇਸ ਪ੍ਰਕਿਰਿਆ ਦੀ ਸ਼ਲਾਘਾ ਕਰਨ 'ਚ ਕੋਈ ਪਰੇਸ਼ਾਨੀ ਨਹੀਂ ਹੋਣੀ ਚਾਹੀਦੀ। ਭਾਰਤ ਨੂੰ ਆਪਣੇ ਆਜਾਦ ਅਤੇ ਮਜਬੂਤ ਲੋਕਤੰਤਰੀ ਸੰਸਥਾਵਾਂ 'ਤੇ ਮਾਣ ਹੈ ਅਤੇ ਅਸੀਂ ਇਨ੍ਹਾਂ ਨੂੰ ਕਿਸੇ ਵੀ ਬਾਹਰੀ ਤਾਕਤ ਦੇ ਪ੍ਰਭਾਵ ਤੋਂ ਬਚਾਉਣ ਲਈ ਵਚਨਬੱਧ ਹਾਂ।"



# ਮਲੋਟ ਪੁਲਸ ਵਲੋਂ ਹਨੀ ਟ੍ਰੈਪ ਦੇ ਧੰਦੇ ਦਾ ਪਰਦਾਫਾਸ਼, ਮਹਿਲਾ ਨੇ ਝਾਂਸੇ 'ਚ ਦੇ ਕੇ ਵਿਅਕਤੀ ਨੂੰ ਫਸਾਇਆ

ਮਲੋਟ 29 ਮਾਰਚ। ਮਲੋਟ ਅੰਦਰ ਹਨੀ ਟ੍ਰੈਪ ਚਲਾ ਰਹੀਆਂ ਕਈਆਂ ਔਰਤਾਂ ਦੇ ਗਿਰੋਹਾਂ ਵੱਲੋਂ ਭੋਲੇ ਭਾਲੇ ਵਿਅਕਤੀਆਂ ਨੂੰ ਗੱਲਾਂ ਵਿਚ ਲਾ ਕੇ ਘਰ ਬੁਲਾਉਣ ਪਿੱਛੋਂ ਛੇੜਛਾੜ ਸਮੇਤ ਹੋਰ ਗੰਭੀਰ ਦੋਸ਼ ਲਾ ਕੇ ਲੋਕਾਂ ਨਾਲ ਠੱਗੀ ਮਾਰਨ ਦਾ ਮਾਮਲੇ ਅਕਸਰ ਚਰਚਾ ਵਿਚ ਰਹਿੰਦੇ ਹਨ ਪਰ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਸੀਨੀਅਰ ਕਪਤਾਨ ਭਾਗੀਰਥ ਸਿੰਘ ਮੀਨਾ ਦੇ ਦਿਸ਼ਾ ਨਿਰਦੇਸ਼ਾਂ ਅਤੇ ਮਲੋਟ ਅੰਦਰ ਨਵੇਂ ਉਪ ਪੁਲਸ ਕਪਤਾਨ ਪਵਨਜੀਤ ਸਿੰਘ ਦੀਆਂ ਹਦਾਇਤਾਂ 'ਤੇ ਮਾੜੇ ਅਨਸਰਾਂ ਵਿਰੁੱਧ ਸਖਤ ਕਾਰਵਾਈ ਕੀਤੀ ਜਾ ਰਹੀ ਹੈ। ਤਾਜਾ ਮਾਮਲਾ ਮਲੋਟ ਸ਼ਹਿਰ ਦਾ ਹੈ, ਜਿਥੇ ਇਕ ਔਰਤ ਸ਼ਰੀਫ ਵਿਅਕਤੀ ਨੂੰ ਲਿਫਟ ਲੈਣ ਦੇ ਬਹਾਨੇ ਘਰ ਲੈ ਗਈ ਅਤੇ ਜਿਥੇ ਇਕ ਹੋਰ ਔਰਤ ਹਾਜਰ ਸੀ ਅਤੇ ਦੋਵਾਂ ਵੱਲੋਂ ਉਸ ਵਿਰੁੱਧ ਜਬਰੀ ਛੇੜਛਾੜ ਸਮੇਤ ਦੋਸ਼ਾਂ ਦੀਆਂ ਧਮਕੀਆਂ ਦੇ ਕੇ ਪੈਸੇ ਮੰਗਣੇ ਸ਼ੁਰੂ ਕਰ ਦਿੱਤੇ ਗਏ। ਇਸ ਮਾਮਲੇ ਦੀ ਸ਼ਿਕਾਇਤ ਤੋਂ ਬਾਅਦ ਸਿਟੀ ਮਲੋਟ ਪੁਲਸ ਨੇ ਉਕਤ ਮਹਿਲਾ ਅਤੇ ਉਸ ਦੇ ਸਾਥੀ ਵਿਰੁੱਧ ਮਾਮਲਾ ਦਰਜ ਕਰ ਲਿਆ ਹੈ। ਸਿਟੀ ਮਲੋਟ ਪੁਲਸ ਨੇ ਇਸ ਸਬੰਧੀ ਦਿੱਤੀ ਜਾਣਕਾਰੀ ਅਨੁਸਾਰ ਮੱਲਾ ਸਿੰਘ ਪੁੱਤਰ ਕਰਨੈਲ ਸਿੰਘ ਵਾਸੀ ਡੱਬਵਾਲੀ ਮਲਕੋ ਕੀ ਨੇ ਪੁਲਸ ਨੂੰ ਦਰਜ ਬਿਆਨਾਂ ਵਿਚ ਕਿਹਾ ਕਿ ਉਹ ਕੱਲ 3 ਵਜੇ ਦੇ ਕਰੀਬ ਆਪਣੇ ਘਰੇਲੂ ਕੰਮ ਲਈ ਮੋਟਰਸਾਈਕਲ 'ਤੇ ਮਲੋਟ ਸ਼ਹਿਰ ਨੂੰ ਆ ਰਿਹਾ ਸੀ ਕਿ ਟਰੱਕ ਯੂਨੀਅਨ ਨੇੜੇ ਬੱਤੀਆਂ ਵਾਲੇ ਕੱਟ 'ਤੇ ਇਕ ਔਰਤ



ਨੇ ਉਸ ਨੂੰ ਕਿਹਾ ਕਿ ਮੇਰੇ ਪੇਟ ਵਿਚ ਦਰਦ ਹੋ ਰਿਹਾ ਹੈ, ਇਸ ਲਈ ਮੈਨੂੰ ਬੱਸ ਸਟੈਂਡ ਨੇੜੇ ਛੱਡ ਦਿੱਤਾ ਜਾਵੇ। ਮੁਦਈ ਨੇ ਔਰਤ ਦੀ ਮਦਦ ਲਈ ਉਸਨੂੰ ਲਿਫਟ ਦੇ ਦਿੱਤੀ ਅਤੇ ਉਹ ਬੱਸ ਸਟੈਂਡ ਨੇੜੇ ਆਪਣੇ ਘਰ ਲੈ ਗਈ । ਜਿਥੇ ਘਰ ਵਿਚ ਇਕ ਔਰਤ ਹੋਰ ਵੀ ਮੌਜੂਦ ਸੀ ਤੇ ਮੁਦਈ ਤੋਂ ਉਸ ਦੇ ਮੋਟਰਸਾਈਕਲ ਦੀ ਚਾਬੀ ਖੋਹ ਲਈ। ਉਕਤ ਔਰਤਾਂ ਨੇ ਧਮਕੀ ਦਿੱਤੀ ਕਿ ਜਾਂ ਤਾਂ ਉਨ੍ਹਾਂ ਨੂੰ 10 ਹਜਾਰ ਰੁਪਏ ਦੇ ਦਿਓ ਨਹੀਂ ਤਾਂ ਉਸ ਵਿਰੁੱਧ ਘਰ ਅੰਦਰ ਦਾਖਲ ਹੋ ਕੇ ਛੇੜਛਾੜ ਦਾ ਮੁਕੱਦਮਾ ਦਰਜ ਕਰਾਉਣਗੀਆਂ। ਮੁਦਈ ਅਨੁਸਾਰ ਉਹ ਡਰ ਗਿਆ ਅਤੇ ਉਸ ਕੋਲ ਪੈਸੇ ਨਹੀਂ ਸਨ ਜਿਸ ਕਰਕੇ ਔਰਤਾਂ ਨੇ ਉਸ ਦਾ ਮੋਟਰਸਾਈਕਲ ਆਪਣੇ ਕਬਜੇ ਵਿਚ ਲੈ ਲਿਆ ਅਤੇ ਕਿਹਾ ਕਿ ਪੈਸੇ ਦੇ ਕੇ ਮੋਟਰਸਾਈਕਲ ਲੈ ਜਾਈਂ। ਸ਼ਿਕਾਇਤ ਕਰਤਾ ਅਨੁਸਾਰ ਉਹ ਆਪਣੀ ਇੱਜਤ ਕਰਕੇ ਡਰ ਗਿਆ ਅਤੇ ਬਾਅਦ ਵਿਚ ਉਸ ਨੇ ਇਹ ਗੱਲ ਆਪਣੇ ਭਤੀਜੇ ਨਾਲ ਸਾਂਝੀ ਕੀਤੀ ਜਿਨ੍ਹਾਂ ਨੇ ਪੜਤਾਲ ਕੀਤੀ ਕਿ ਲਿਫਟ ਲੈਣ ਵਾਲੀ ਔਰਤ ਵਿਅਕਤੀ ਨੂੰ ਜਿਸ ਘਰ ਵਿਚ ਲੈ ਕੇ ਗਈ ਸੀ, ਉਸ ਘਰ ਦੀ ਮਾਲਕਣ ਦਾ ਨਾਮ ਊਸ਼ਾ ਪਤਨੀ ਸ਼ਸ਼ੀ ਕੁਮਾਰ ਨੇੜੇ ਟਾਵਰ ਅਮਨ ਨਗਰ ਹੈ ਜਦਕਿ ਦੂਸਰੀ ਔਰਤ ਇਸ ਮਹਿਲਾ ਦੀ ਸਹਿਯੋਗੀ ਹੈ। ਮੁਦਈ ਨੇ ਮਾਮਲੇ ਦੀ ਸਿਟੀ ਮਲੋਟ ਪੁਲਸ ਨੂੰ ਸੂਚਨਾ ਦਿੱਤੀ, ਜਿਸ ਤੋਂ ਬਾਅਦ ਸਿਟੀ ਮਲੋਟ ਪੁਲਸ ਨੇ ਊਸ਼ਾ ਪਤਨੀ ਸ਼ਸ਼ੀ ਕੁਮਾਰ ਅਤੇ ਇਕ ਨਾਮਲੂਮ ਔਰਤ ਵਿਰੁੱਧ ਮਾਮਲਾ ਦਰਜ ਕਰ ਕੇ ਊਸ਼ਾ ਨੂੰ ਗ੍ਰਿਫਤਾਰ ਕਰ ਲਿਆ, ਜਦਕਿ ਉਸਦੀ ਸਹਿਯੋਗੀ ਮਹਿਲਾ ਦੀ ਸ਼ਨਾਖਤ ਕੀਤੀ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਮਲੋਟ ਵਿਖੇ ਹਨੀ ਟ੍ਰੈਪ ਦਾ ਧੰਦਾ ਲੰਬੇ ਸਮੇਂ ਤੋਂ ਚਲ ਰਿਹਾ ਹੈ। ਕੁਝ ਮਹੀਨੇ ਪਹਿਲਾਂ ਇਕ ਮਹਿਲਾ ਵੱਲੋਂ ਵਪਾਰੀ ਨੂੰ ਹੋਟਲ ਵਿਚ ਸੱਦਣ ਤੋਂ ਬਾਅਦ ਝੂਠੇ ਕੇਸ ਵਿਚ ਫਸਾਉਣ ਦੀ ਧਮਕੀ ਦੇ ਕੇ ਮੋਟੀ ਰਕਮ ਵਸੂਲੀ ਗਈ ਸੀ, ਜਿਸ ਦਾ ਰਾਜੀਨਾਮਾ ਕਰਾਉਣ ਵਿਚ ਇਕ ਧਾਰਮਿਕ ਸੰਸਥਾ ਨਾਲ ਜੁੜੇ ਵਿਅਕਤੀ ਦੀ ਮੁੱਖ ਭੂਮਿਕਾ ਰਹੀ ਸੀ। ਇਹ ਮਾਮਲਾ ਲੰਬਾ ਸਮਾਂ ਚਰਚਾ ਵਿਚ ਰਿਹਾ।

## ਬਾਰਡਰ ਦੇ ਇਕ ਕਿਲੋਮੀਟਰ ਦੇ ਘੇਰੇ ਅੰਦਰ ਉੱਚੇ ਕੱਦ ਦੀਆਂ ਫਸਲਾਂ ਲਗਾਉਣ 'ਤੇ ਪੂਰਨ ਪਾਬੰਦੀ

ਅੰਮ੍ਰਿਤਸਰ 29 ਮਾਰਚ। ਕਮਾਂਡਰ 73 ਬਟਾਲੀਅਨ ਬੀ. ਐੱਸ. ਐੱਫ. ਅਜਨਾਲਾ ਨੇ ਲਿਖਤੀ ਰੂਪ ਵਿਚ ਸੂਚਿਤ ਕੀਤਾ ਹੈ ਕਿ ਸਰਹੱਦ ਪਾਰ ਤੋਂ ਡਰੋਨ ਰਾਹੀਂ ਅਸਲਾ/ਹੈਰੋਇਨ ਵਗੈਰਾ ਦੀ ਖੇਪ ਭਾਰਤ ਵਿਚ ਭੇਜਣ ਦੀ ਲਗਾਤਾਰ ਕੋਸ਼ਿਸ ਕੀਤੀ ਜਾ ਰਹੀ ਹੈ ਅਤੇ ਕੁਝ ਕਿਸਾਨਾਂ ਵੱਲੋਂ ਅੰਤਰਰਾਸਟਰੀ ਬਾਰਡਰ ਤੋਂ ਇਕ ਕਿਲੋਮੀਟਰ ਦੇ ਘੇਰੇ ਅੰਦਰ ਉੱਚੇ ਕੱਦ ਦੇ ਬੂਟੇ ਪਾਪੂਲਰ, ਸਫੈਦੇ, ਬਗੀਚੇ, ਗੰਨਾ ਅਤੇ ਹੋਰ ਉਚੇ ਕੱਦ ਦੀਆਂ



ਫਸਲਾਂ ਆਦਿ ਲਗਾਈਆਂ ਹੋਈਆਂ ਹਨ। ਇਸ ਤੋਂ ਇਲਾਵਾ ਇਸ ਘੇਰੇ ਅੰਦਰ ਉੱਚੀਆਂ ਇਮਾਰਤਾਂ ਵੀ ਬਣਾਈਆਂ ਜਾ ਰਹੀਆਂ ਹਨ। ਅਜਿਹਾ ਹੋਣ ਨਾਲ ਦੇਸ ਵਿਰੋਧੀਆਂ ਵੱਲੋਂ ਘੁਸਪੈਠ ਦਾ ਖਤਰਾ ਬਣਿਆ ਰਹਿੰਦਾ ਹੈ ਅਤੇ ਅਮਨ ਤੇ ਕਾਨੂੰਨ ਦੀ ਸਥਿਤੀ ਵਿਗੜਣ ਦਾ ਵੀ ਅੰਦੇਸਾ ਬਣ ਸਕਦਾ ਹੈ। ਇਸ ਲਈ ਦੇਸ ਦੀ ਸੁਰੱਖਿਆ ਨੂੰ ਮੁੱਖ ਰੱਖਦੇ ਹੋਏ ਇਸ ਸਬੰਧੀ ਜਰੂਰੀ ਕਦਮ ਉਠਾਉਣੇ ਅਤਿ ਜਰੂਰੀ ਹਨ। ਇਸ ਸਥਿਤੀ ਨੂੰ ਧਿਆਨ ਵਿੱਚ ਰੱਖਦਿਆ ਘਣਿਸ਼ਾਮ ਥੋਰੀ ਆਈ. ਏ. ਐੱਸ. ਜ਼ਿਲ੍ਹਾ ਮੈਜਿਸਟ੍ਰੇਟ ਅੰਮ੍ਰਿਤਸਰ ਜਾਬਤਾ ਫੌਜਦਾਰੀ ਸੰਘਤਾ ਨੇ ਕਿਹਾ 1973 ਦੀ ਧਾਰਾ 144 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੋਇਆ, ਇਹ ਹੁਕਮ ਇਕਤਰਫਾ ਪਾਸ ਕਰਦਾ ਹਾਂ ਕਿ ਕੋਈ ਵੀ ਕਿਸਾਨ ਅੰਤਰਰਾਸਟਰੀ ਬਾਰਡਰ ਅਤੇ ਬਾਰਡਰ ਸੁਰੱਖਿਆ ਫੈਂਸ ਵਿਚ ਅਤੇ ਬਾਰਡਰ ਸੁਰੱਖਿਆ ਫੈਂਸ ਤੋਂ ਭਾਰਤੀ ਇਲਾਕੇ ਵਾਲੇ ਪਾਸੇ ਇਕ ਕਿਲੋਮੀਟਰ ਦੇ ਇਲਾਕੇ ਦੇ ਅੰਦਰ ਉੱਚੇ ਕੱਦ ਦੀਆਂ ਫਸਲਾਂ ਆਦਿ ਨਹੀਂ ਲਗਾਵੇਗਾ ਨਾ ਹੀ ਇਸ ਏਰੀਏ ਵਿਚ ਉੱਚੀਆਂ ਇਮਾਰਤਾਂ ਦੀ ਉਸਾਰੀ ਕਰੇਗਾ।

## ਬਾਬਾ ਵਡਬਾਗ ਸਿੰਘ ਜਾ ਰਹੀ ਸੰਗਤ ਹੋਈ ਹਾਦਸੇ ਦਾ ਸ਼ਿਕਾਰ, ਪਲਾਂ 'ਚ ਮਚਿਆ ਚੀਕ-ਚਿਹਾੜਾ

ਦਸੂਹਾ 29 ਮਾਰਚ। ਅੱਜ ਸਵੇਰੇ ਦਸੂਹਾ-ਹਾਜੀਪੁਰ ਰੋਡ 'ਤੇ ਪਿੰਡ ਸਰੀਂਹਪੁਰ ਮੋੜ ਵਿਖੇ ਤਰਨਤਾਰਨ ਤੋਂ ਬਾਬਾ ਵਡਭਾਗ ਸਿੰਘ ਵਿਖੇ ਇਕ ਟੈਂਪੂ 'ਚ ਜਾ ਰਹੀ ਸੰਗਤ ਜਦ ਉਕਤ ਸਥਾਨ 'ਤੇ ਲੰਗਰ ਛੱਕਣ ਲਈ ਰੁਕੀ ਤਾਂ ਤਲਵਾੜਾ ਵੱਲੋਂ ਆ ਰਹੇ ਇਕ ਟਿੱਪਰ ਨੇ ਟੈਂਪੂ ਟਰੈਵਲ ਨੂੰ ਟੱਕਰ ਮਾਰ ਦਿੱਤੀ। ਜਿਸ ਦੇ ਕਾਰਨ ਟੈਂਪੂ ਟਰੈਵਲ ਦੀਆਂ 16 ਤੋਂ ਵੱਧ ਸਵਾਰੀਆਂ ਗੰਭੀਰ ਜਖਮੀ ਹੋ ਗਈਆਂ, ਜਿਨ੍ਹਾਂ ਨੂੰ ਤੁਰੰਤ ਸਿਵਲ ਹਸਪਤਾਲ ਦਸੂਹਾ ਵਿਖੇ ਦਾਖਲ ਕਰਵਾਇਆ ਗਿਆ। ਇਨ੍ਹਾਂ ਜਖਮੀ



ਸਵਾਰੀਆਂ ਵਿਚ ਰੁਪਿੰਦਰ ਕੌਰ ਪਤਨੀ ਮੰਗਲ ਸਿੰਘ,ਜਗੀਰ ਕੌਰ ਪਤਨੀ ਸੁਲੱਖਣ ਸਿੰਘ,ਉਪਿੰਦਰ ਕੌਰ ਪਤਨੀ ਜੀਤ ਸਿੰਘ,ਰਾਜ ਕੌਰ ਪਤਨੀ ਮਨਪ੍ਰੀਤ ਸਿੰਘ,ਗੁਰਮੇਜ ਸਿੰਘ ਪੁੱਤਰ ਸੁਲੱਖਣ ਸਿੰਘ,ਨਿਰਵੈਰ ਸਿੰਘ ਪੁੱਤਰ ਮਨਜੀਤ ਸਿੰਘ,ਸਾਜਨ ਪੁੱਤਰ ਗੁਰਮੇਜ ਸਿੰਘ,ਕਮਲ ਪਤਨੀ ਨਿਰਵੈਰ ਸਿੰਘ,ਸੂਰਜ ਪੁੱਤਰ ਕੁਲਦੀਪ,ਗੁਰਮੀਤ ਪੁੱਤਰ ਕਸਮੀਰ, ਮਨਪ੍ਰੀਤ ਪੁੱਤਰ ਜਸਵੰਤ ਸਿੰਘ,ਗੁਰਜੀਤ ਪੁੱਤਰ ਪਲਵਿੰਦਰ ਸਿੰਘ,ਰੁਪਿੰਦਰ ਕੌਰ ਪਤਨੀ ਸਰਬਜੀਤ ਸਿੰਘ,ਜਗੀਰ ਕੌਰ ਪਤਨੀ ਸੁਲੱਖਣ ਸਿੰਘ,ਸਰਵਜੀਤ ਕੌਰ ਪਤਨੀ ਮੰਗਲ ਸਿੰਘ ਸਾਰੇ ਵਾਸੀ ਪਿੰਡ ਬੁੱਗਾ ਜ਼ਿਲ੍ਹਾ ਤਰਨਤਾਰਨ ਨੂੰ ਇਲਾਜ ਲਈ ਹਸਪਤਾਲ ਦੇ ਐਮਰਜੈਂਸੀ ਵਾਰਡ ਵਿਚ ਦਾਖ਼ਲ ਕਰਕੇ ਉਨ੍ਹਾਂ ਦਾ ਇਲਾਜ ਕੀਤਾ ਗਿਆ, ਜਿਨ੍ਹਾਂ ਵਿੱਚੋਂ 6 ਸਵਾਰੀਆਂ ਗੰਭੀਰ ਜਖਮੀ ਹੋ ਗਈਆਂ। ਐੱਸ. ਐੱਮ. ਓ. ਸਿਵਲ ਹਸਪਤਾਲ ਦਸੂਹਾ ਨੇ ਦੱਸਿਆ ਕਿ ਫਸਟ ਏਡ ਦੇਣ ਤੋਂ ਬਾਅਦ ਜਖਮੀ ਯਾਤਰੀਆਂ ਦੇ ਸਮੂਹ ਨੂੰ ਇਲਾਜ ਲਈ ਅੰਮ੍ਰਿਤਸਰ ਦੇ ਹਸਪਤਾਲ ਭੇਜਿਆ ਗਿਆ। ਦਸੂਹਾ ਪੁਲਸ ਵੱਲੋਂ ਟਿੱਪਰ ਚਾਲਕ ਖ਼ਿਲਾਫ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ।

## ਉਮਰ 78 ਸਾਲ, ਪੇਸਾ ਮਜਦੂਰੀ, 32 ਵਾਰ ਚੋਣਾਂ ਲੜ ਚੁੱਕੇ ਤੀਤਰ ਸਿੰਘ ਦਾ ਜਾਣੋ ਸਿਆਸੀ ਸਫਰ

ਜੈਪੁਰ 29 ਮਾਰਚ। ਰਾਜਸਥਾਨ ਦੇ ਵਿਧਾਨ ਸਭਾ ਹਲਕਾ ਕਰਨਪੁਰ ਦੇ ਛੋਟੇ ਜਿਹੇ ਪਿੰਡ 25 ਐੱਫ ਗੁਲਾਬੇਵਾਲਾ ਦੇ ਰਹਿਣ ਵਾਲੇ 78 ਸਾਲਾ ਤੀਤਰ ਸਿੰਘ ਮਨਰੇਗਾ ਦੇ ਦਿਹਾੜੀਦਾਰ ਮਜਦੂਰ ਹਨ ਪਰ ਆਪਣੇ ਹੱਕ ਲੈਣ ਲਈ 32 ਵਾਰ ਚੋਣਾਂ ਲੜ ਚੁੱਕੇ ਹਨ। ਹਾਲਾਂਕਿ ਉਹ ਹਰ ਵਾਰ ਚੋਣਾਂ 'ਚ ਬੁਰੀ ਤਰ੍ਹਾਂ ਹਾਰਦੇ ਹਨ ਪਰ ਅਗਲੀਆਂ ਚੋਣਾਂ ਲਈ ਇਕ ਵਾਰ ਫਿਰ ਪੂਰੇ ਜੋਸ ਅਤੇ ਜਜਬੇ ਨਾਲ ਜੁੱਟ ਜਾਂਦੇ ਹਨ। ਉਨ੍ਹਾਂ ਨੇ ਹੁਣ ਤੱਕ ਲੋਕ ਸਭਾ ਦੀਆਂ 10, ਵਿਧਾਨ ਸਭਾ ਦੀਆਂ 10, ਜ਼ਿਲ੍ਹਾ ਪ੍ਰੀਸਦ ਡਾਇਰੈਕਟਰ ਦੀਆਂ 4, ਸਰਪੰਚੀ ਦੀਆਂ 4 ਅਤੇ ਵਾਰਡ ਮੈਂਬਰੀ ਦੀਆਂ 4 ਚੋਣਾਂ 'ਚ ਕਿਸਮਤ ਅਜਮਾਈ ਹੈ ਪਰ ਚੋਣ ਅੰਕੜੇ ਕਦੇ ਵੀ ਤੀਤਰ ਸਿੰਘ ਦੇ ਪੱਖ 'ਚ ਨਹੀਂ ਰਹੇ ਅਤੇ ਹਰ ਵਾਰ ਉਨ੍ਹਾਂ ਦੀ ਜਮਾਨਤ ਜਬਤ ਹੁੰਦੀ ਰਹੀ। ਚੋਣ ਵਿਭਾਗ ਅਨੁਸਾਰ ਤੀਤਰ ਸਿੰਘ ਨੂੰ 2008 ਦੀਆਂ ਵਿਧਾਨ ਸਭਾ ਚੋਣਾਂ 'ਚ 938, 2013 ਦੀਆਂ ਵਿਧਾਨ ਸਭਾ ਚੋਣਾਂ 'ਚ 427 ਅਤੇ 2018 ਦੀਆਂ ਵਿਧਾਨ ਸਭਾ ਚੋਣਾਂ 'ਚ 653 ਵੋਟਾਂ ਮਿਲੀਆਂ। ਤੀਤਰ ਸਿੰਘ 'ਤੇ ਚੋਣਾਂ ਲੜਨ ਦਾ ਜਨੂੰਨ 70 ਦੇ ਦਹਾਕੇ 'ਚ ਉਦੋਂ ਸਵਾਰ ਹੋਇਆ, ਜਦੋਂ ਉਹ ਜਵਾਨ ਸਨ ਅਤੇ ਉਨ੍ਹਾਂ ਵਰਗੇ ਬਹੁਤ ਸਾਰੇ ਲੋਕ ਨਹਿਰੀ ਖੇਤਰਾਂ 'ਚ ਜਮੀਨ ਅਲਾਟਮੈਂਟ ਤੋਂ ਵਾਂਝੇ ਰਹਿ ਗਏ ਸਨ।



ਉਨ੍ਹਾਂ ਦੀ ਮੰਗ ਸੀ ਕਿ ਸਰਕਾਰ ਬੇਜਮੀਨੇ ਅਤੇ ਗਰੀਬ ਮਜਦੂਰਾਂ ਨੂੰ ਜਮੀਨ ਅਲਾਟ ਕਰੇ। ਉਨ੍ਹਾਂ ਦਾ ਕਹਿਣਾ ਹੈ ਕਿ ਉਹ ਚੋਣਾਂ ਕਿਉਂ ਨਾ ਲੜਣ, ਸਰਕਾਰ ਜਮੀਨ ਦੇਵੇ, ਸਹੂਲਤਾਂ ਦੇਵੇ, ਚੋਣਾਂ ਸਾਡੇ ਹੱਕ ਦੀ ਲੜਾਈ ਹੈ ਅਤੇ ਉਹ ਚੋਣਾਂ ਲੜਦੇ ਰਹਿਣਗੇ। ਉਹ ਲੋਕਪ੍ਰਿਅਤਾ ਜਾਂ ਰਿਕਾਰਡ ਬਣਾਉਣ ਲਈ ਨਹੀਂ, ਸਗੋਂ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਚੋਣਾਂ ਨੂੰ ਇਕ ਹਥਿਆਰ ਵਜੋਂ ਵਰਤ ਰਹੇ ਹਨ ਅਤੇ ਉਸ ਦੀ ਧਾਰ ਸਮਾਂ ਅਤੇ ਉਮਰ ਬੀਤਣ ਤੋਂ ਬਾਅਦ ਵੀ ਖੁੰਢੀ ਨਹੀਂ ਹੋਈ ਹੈ। ਤੀਤਰ ਸਿੰਘ ਦੀਆਂ ਤਿੰਨ ਧੀਆਂ ਅਤੇ ਦੋ ਪੁੱਤਰ ਹਨ, ਦੋ ਪੋਤਿਆਂ ਦਾ ਵਿਆਹ ਵੀ ਹੋ ਚੁੱਕਾ ਹੈ। ਉਨ੍ਹਾਂ ਕੋਲ ਜਮ੍ਹਾਂ ਪੂੰਜੀ ਦੇ ਨਾਂ 'ਤੇ 2500 ਰੁਪਏ ਦੀ ਨਕਦੀ ਹੈ, ਬਾਕੀ ਨਾ ਕੋਈ ਜਮੀਨ, ਨਾ ਜਾਇਦਾਦ, ਨਾ ਹੀ ਗੱਡੀਆਂ-ਘੋੜੇ। ਮਜੇਦਾਰ ਗੱਲ ਇਹ ਹੈ ਕਿ ਤੀਤਰ ਸਿੰਘ ਕਿਸੇ ਵੀ ਸੋਸਲ ਮੀਡੀਆ ਪਲੇਟਫਾਰਮ 'ਤੇ ਨਹੀਂ ਹਨ ਪਰ ਆਪਣੀ ਪਤਨੀ ਨਾਲ ਨਾਮਜਦਗੀ ਦਾਖਲ ਕਰਨ ਜਾਂਦੇ ਹੋਏ ਉਨ੍ਹਾਂ ਦੀ ਇਕ ਵੀਡੀਓ ਵਾਇਰਲ ਹੋਈ ਤਾਂ ਉਹ ਸੂਬੇ ਹੀ ਨਹੀਂ, ਪੂਰੇ ਦੇਸ 'ਚ ਚਰਚਾ ਦਾ ਵਿਸਾ ਬਣ ਗਏ ਹਨ।

## ਫਿਲੌਰ ਵਿਖੇ ਕਿੰਨਰ ਨੇ ਕੀਤੀ ਖੁਦਕੁਸ਼ੀ, ਕਮਰੇ ਵਿਚੋਂ ਇਸ ਹਾਲ 'ਚ ਮਿਲੀ ਲਾਸ਼

ਜਲੰਧਰ/ਫਿਲੌਰ 29 ਮਾਰਚ। ਜਲੰਧਰ ਦੇ ਫਿਲੌਰ 'ਚ ਇਕ ਕਿੰਨਰ ਨੇ ਘਰ 'ਚ ਫਾਹਾ ਲੈ ਕੇ ਖੁਦਕੁਸੀ ਕਰ ਲਈ। ਕਿੰਨਰ ਦੀ ਪਛਾਣ ਇੰਦਰਾ ਕਾਲੋਨੀ ਫਿਲੌਰ ਦੀ ਰਹਿਣ ਵਾਲੀ ਹਸੀਨਾ ਮਹੰਤ ਵਜੋਂ ਹੋਈ ਹੈ। ਪੁਲਸ ਨੇ ਲਾਸ ਨੂੰ ਕਬਜੇ 'ਚ ਲੈ ਕੇ ਪੋਸਟਮਾਰਟਮ ਲਈ ਸਿਵਲ ਹਸਪਤਾਲ ਫਿਲੌਰ ਭੇਜ ਦਿੱਤਾ ਹੈ।ਫਿਲਹਾਲ ਪੁਲਿਸ ਨੂੰ ਘਟਨਾ ਵਾਲੀ ਥਾਂ ਤੋਂ ਕੋਈ ਸੁਸਾਈਡ ਨੋਟ ਨਹੀਂ ਮਿਲਿਆ ਹੈ। ਪਿੰਡ ਦੇ ਸਰਪੰਚ ਜਗਤਾਰ ਚੰਦ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਉਨ੍ਹਾਂ ਨੂੰ ਕਾਲੋਨੀ ਵਿਚੋਂ ਕਿਸੇ ਨੇ ਫੋਨ ਕਰਕੇ ਦੱਸਿਆ ਕਿ ਹਸੀਨਾ ਮਹੰਤ ਨੇ ਫਾਹਾ ਲੈ ਲਿਆ ਹੈ। ਜਦੋਂ ਉਹ ਈਮ ਹਸੀਨਾ



ਮਹੰਤ ਦੇ ਘਰ ਪੁੱਜੇ ਤਾਂ ਵੇਖਿਆ ਕਿ ਉਸ ਦੇ ਕਮਰੇ ਦਾ ਅੰਦਰੋਂ ਦਰਵਾਜਾ ਬੰਦ ਸੀ। ਬੜੀ ਜੱਦੋ-ਜਹਿਦ ਨਾਲ ਦਰਵਾਜਾ ਖੋਲ੍ਹਿਆ ਤਾਂ ਵੇਖੀਆਂ ਹਸੀਨਾ ਮਹੰਤ ਨੇ ਪੱਖੇ ਨਾਲ ਫਾਹਾ ਲਿਆ ਹੋਇਆ ਸੀ, ਜਿਸ ਦੀ ਜਾਣਕਾਰੀ ਥਾਣਾ ਫਿਲੌਰ ਵਿਖੇ ਦਿੱਤੀ। ਥਾਣਾ ਫਿਲੌਰ ਦੇ ਏ. ਐੱਸ. ਆਈ. ਜੈ ਗੋਪਾਲ ਪੁਲਸ ਪਾਰਟੀ ਨਾਲ ਘਟਨਾ ਸਥਾਨ 'ਤੇ ਪੁੱਜੇ ਅਤੇ ਹਸੀਨਾ ਮਹੰਤ ਦੀ ਲਟਕਦੀ ਲਾਸ ਨੂੰ ਹੇਠਾਂ ਉਤਾਰੀਆਂ ਅਤੇ ਕਬਜੇ ਵਿੱਚ ਲੈ ਕੇ ਐਂਬੂਲੈਂਸ ਰਾਹੀਂ ਫਿਲੌਰ ਦੇ ਸਿਵਲ ਹਸਪਤਾਲ ਵਿਖੇ ਪੋਸਟਮਾਰਟਮ ਲਈ ਭੇਜ ਦਿੱਤਾ ਅਤੇ ਉਸ ਦੇ ਨਾਲ ਰਹਿੰਦੇ ਉਸ ਦੇ ਭਤੀਜਾ-ਭਤੀਜੀ ਅਨੁਰਾਗ ਅਤੇ ਜੋਤੀ ਤੋਂ ਪੁੱਛਗਿੱਛ ਸੂਰੂ ਕਰ ਦਿੱਤੀ। ਏ. ਐੱਸ. ਆਈ. ਜੈ ਗੋਪਾਲ ਨੇ ਕਿਹਾ ਮਾਮਲੇ ਦੀ ਪੂਰੀ ਡੂੰਘਾਈ ਨਾਲ ਜਾਂਚ ਕਰ ਰਹੇ ਹਾਂ, ਜੋ ਵੀ ਤੱਥ ਸਾਹਮਣੇ ਆਉਣਗੇ, ਉਸ ਦੇ ਆਧਾਰ 'ਤੇ ਕਾਰਵਾਈ ਕੀਤੀ ਜਾਵੇਗੀ।

## ਪੰਜਾਬ ਦੇ ਸਰਕਾਰੀ ਸਕੂਲ 'ਚ ਲੱਗ ਗਈ ਅੱਗ, ਪੈ ਗਈਆਂ ਭਾਜੜਾਂ

ਮੋਗਾ 29 ਮਾਰਚ। ਮੋਗਾ ਜ਼ਿਲ੍ਹੇ ਦੇ ਪਿੰਡ ਚੁਗਾਵਾਂ ਦੇ ਸਰਕਾਰੀ ਸਕੂਲ ਵਿਚ ਮਿਡ-ਡੇਅ ਮੀਲ ਬਣਾਉਂਦੇ ਸਮੇਂ ਅਚਾਨਕ ਗੈਸ ਸਿਲੰਡਰ ਨੂੰ ਅੱਗ ਲੱਗ ਗਈ। ਇਹ ਹਾਦਸਾ ਜਦੋਂ ਵਾਪਰਿਆ ਤਾਂ ਉਸ ਸਮੇਂ ਸਕੂਲ ਵਿਚ ਅਧਿਆਪਕਾਂ ਤੋਂ ਇਲਾਵਾ 60 ਤੋਂ 70 ਦੇ ਕਰੀਬ ਵਿਦਿਆਰਥੀ ਆਪਣੇ ਮਾਪਿਆਂ ਸਮੇਤ ਮੌਜੂਦ ਸਨ। ਦਰਅਸਲ ਅੱਜ ਸਕੂਲ ਵਿਚ ਅਧਿਆਪਕ-ਮਾਪੇ ਮਿਲਣੀ ਸੀ, ਜਿਸ ਦੇ ਚੱਲਦੇ ਬੱਚੇ ਅਤੇ ਉਨ੍ਹਾਂ ਦੇ ਮਾਪੇ ਸਕੂਲ ਪਹੁੰਚੇ ਹੋਏ ਸਨ। ਅੱਗ ਲੱਗਣ ਕਾਰਨ ਖਾਣਾ ਪਕਾਉਂਦੇ ਸਮੇਂ ਭੱਠੀ ਵਾਲੀ ਥਾਂ ਤੋਂ ਅਚਾਨਕ ਗੈਸ ਪਾਈਪ ਖੁੱਲ੍ਹ ਗਈ ਅਤੇ ਅੱਗ ਲੱਗ ਗਈ ਪਰ ਉਥੇ ਹੀ ਮੌਜੂਦ ਸਕੂਲੀ ਬੱਚਿਆਂ ਨੇ ਵੀ ਅੱਗ ਬੁਝਾਉਣ ਵਿਚ ਕਾਫੀ ਮਦਦ ਕੀਤੀ ਜਿਸਦੀ ਇਕ ਵੀਡੀਓ ਸਾਹਮਣੇ ਆਈ ਹੈ ਪਰ ਸਾਰੇ ਸਕੂਲ ਦੇ ਸਟਾਫ ਨੇ ਕਾਫੀ ਮਿਹਨਤ ਕੀਤੀ ਜਿਸ ਕਰਕੇ ਵੱਡਾ ਹਾਦਸਾ ਹੋਣ ਤੋਂ ਟਲ ਗਿਆ। ਮਿਡ-ਡੇ ਮਿੱਲ ਬਣਾਉਣ ਵਾਲੀ ਜਸਵੀਰ ਕੌਰ ਨੇ ਦੱਸਿਆ ਕਿ ਅੱਜ ਸਵੇਰੇ 11 ਵਜੇ ਦੇ ਕਰੀਬ ਜਦੋਂ ਉਹ ਮਿਡ-ਡੇ ਮੀਲ ਬਣਾਉਣ ਲਈ ਭੱਠੀ ਨੂੰ ਬਾਲਣ ਲੱਗੀ ਤਾਂ ਭੱਠੀ ਵਾਲੀ ਸਾਈਡ ਤੋਂ ਗੈਸ ਪਾਈਪ ਖੁੱਲ੍ਹ ਗਈ ਅਤੇ ਅਚਾਨਕ ਅੱਗ ਲੱਗ ਗਈ। ਦੇਖਦੇ ਹੀ ਦੇਖਦੇ ਅੱਗ ਬਹੁਤ ਜ਼ਿਆਦਾ ਮਚ ਗਈ ਅਤੇ ਇਕਦਮ ਭਾਜੜ ਪੈ ਗਈ।

## ਕੇਂਦਰੀ ਜੇਲ ਸ੍ਰੀ ਗੋਇੰਦਵਾਲ ਸਾਹਿਬ 'ਚ ਇਕ ਹੋਰ ਕਾਰਾ, ਕੈਦੀਆਂ ਨੂੰ ਪਾਬੰਦੀਸ਼ੁਦਾ ਸਾਮਾਨ ਪਹੁੰਚਾਉਂਦਾ ਹੋਮਗਾਰਡ ਕਾਬੂ

ਤਰਨਤਾਰਨ 29 ਮਾਰਚ। ਕੇਂਦਰੀ ਜੇਲ ਸ੍ਰੀ ਗੋਇੰਦਵਾਲ ਸਾਹਿਬ ਆਏ ਦਿਨ ਸੁਰਖੀਆਂ 'ਚ ਰਹਿੰਦੀ ਹੈ, ਜਿਸ ਦੀ ਇਕ ਹੋਰ ਤਾਜ਼ਾ ਮਿਸਾਲ ਉਸ ਵੇਲੇ ਵੇਖਣ ਨੂੰ ਮਿਲੀ, ਜਦੋਂ ਜੇਲ 'ਚ ਤਾਇਨਾਤ ਪੰਜਾਬ ਹੋਮਗਾਰਡ ਦੇ ਇਕ ਜਵਾਨ ਵਲੋਂ ਜੇਲ 'ਚ 7 ਤੰਬਾਕੂ ਦੀਆਂ ਪੁੜੀਆਂ, 2 ਸਿਗਰਟ ਦੀਆਂ ਡੱਬੀਆਂ, 1 ਮੋਬਾਇਲ, 1 ਚਾਰਜਰ ਤੇ 3 ਹੀਟਰ ਦੇ ਸਪਰਿੰਗ ਸੁੱਟੇ ਗਏ। ਇਸ ਸਬੰਧੀ ਪੁਲਸ ਨੇ ਪੰਜਾਬ ਹੋਮਗਾਰਡ ਦੇ ਜਵਾਨ ਨੂੰ ਗ੍ਰਿਫਤਾਰ ਕਰਦਿਆਂ ਇਕ ਅਣਪਛਾਤੇ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਇਸ ਸਬੰਧੀ ਕੇਂਦਰੀ ਜੇਲ ਸ੍ਰੀ ਗੋਇੰਦਵਾਲ ਸਾਹਿਬ ਦੇ ਸਹਾਇਕ ਸੁਪਰਡੈਂਟ ਭਗਵੰਤ ਸਿੰਘ ਨੂੰ ਵਾਰਡਨ ਗੁਰਲਾਲ ਸਿੰਘ ਤੇ ਟਾਵਰ ਸੰਤਰੀ ਪੰਜਾਬ ਹੋਮਗਾਰਡ ਸਤਨਾਮ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜੇਲ ਅੰਦਰ ਸਾਡੇ ਹੀ ਇਕ ਮੁਲਾਜ਼ਮ ਵਲੋਂ ਪਾਬੰਦੀਸ਼ੁਦਾ ਸਾਮਾਨ ਸੁੱਟਿਆ ਗਿਆ ਹੈ, ਜੋ ਆਪਣੇ ਇਕ ਸਾਥੀ ਸਮੇਤ ਮੋਟਰਸਾਈਕਲ 'ਤੇ ਸਵਾਰ ਹੋ ਕੇ ਮੌਕੇ ਤੋਂ ਫਰਾਰ ਹੋ ਗਿਆ। ਜੇਲ ਅੰਦਰ ਸੁੱਟੇ ਗਏ ਪੈਕੇਟ 'ਚੋਂ 7 ਤੰਬਾਕੂ ਦੀਆਂ ਪੁੜੀਆਂ, 2 ਸਿਗਰਟ ਦੀਆਂ ਡੱਬੀਆਂ, 1 ਮੋਬਾਇਲ, 1 ਚਾਰਜਰ ਤੇ 3



ਹੀਟਰ ਦੇ ਸਪਰਿੰਗ ਬਰਾਮਦ ਕਰਦਿਆਂ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਥਾਣਾ ਸ੍ਰੀ ਗੋਇੰਦਵਾਲ ਸਾਹਿਬ ਦੇ ਏ. ਐੱਸ. ਆਈ. ਸੁਖਵਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਵਲੋਂ ਬਰਾਮਦ ਕੀਤੇ ਗਏ ਸਾਮਾਨ ਨੂੰ ਕਬਜ਼ੇ 'ਚ ਲੈਂਦਿਆਂ ਪੰਜਾਬ ਹੋਮਗਾਰਡ ਦੇ ਜਵਾਨ ਪੂਰਨ ਸਿੰਘ ਨੂੰ ਗ੍ਰਿਫਤਾਰ ਕਰਕੇ ਇਕ ਅਣਪਛਾਤੇ ਵਿਅਕਤੀ ਦੀ ਭਾਲ ਸ਼ੁਰੂ ਕਰ ਦਿੱਤੀ ਗਈ ਹੈ।

### ਜਹਿਰੀਲੀ ਸ਼ਰਾਬ ਪੀਣ ਨਾਲ ਇਕ ਵਿਅਕਤੀ ਦੀ ਮੌਤ

ਪਾਤੜਾਂ 29 ਮਾਰਚ। ਸੂਬੇ ਵਿਚ ਜਹਿਰੀਲੀ ਸ਼ਰਾਬ ਦਾ ਸੇਕ ਪਾਤੜਾਂ ਇਲਾਕੇ ਤੱਕ ਵੀ ਪਹੁੰਚ ਗਿਆ ਹੈ। ਸਬ ਡਿਵੀਜਨ ਪਾਤੜਾਂ ਦੇ ਪਿੰਡ ਮੌਲਵੀਵਾਲਾ ਵਿਚ ਅੱਜ ਬਾਅਦ ਦੁਪਹਿਰ ਸ਼ਰਾਬ ਪੀਣ ਨਾਲ ਇਕ ਵਿਅਕਤੀ ਦੀ ਮੌਤ ਹੋ ਗਈ। ਮ੍ਰਿਤਕ ਮਿੱਠੂ ਸਿੰਘ ਪੁੱਤਰ ਅਰਜਨ ਸਿੰਘ ਉਮਰ ਲਗਭਗ 48 ਸਾਲ ਦੇ ਪੁੱਤਰ ਸਤਨਾਮ ਸਿੰਘ ਨੇ ਦੱਸਿਆ ਕਿ ਉਸ ਦਾ ਪਿਤਾ ਦਿਹਾੜੀਦਾਰ ਸੀ ਅਤੇ ਸ਼ਰਾਬ ਪੀਣ ਦਾ ਆਦੀ ਸੀ । ਪ੍ਰੰਤੂ ਮੰਗਲਵਾਰ ਸ਼ਾਮ ਉਹ ਘਰੋਂ ਬਾਹਰ ਗਿਆ ਅਤੇ ਰਾਤ ਕਰੀਬ 8 ਵਜੇ ਦੇ ਕਰੀਬ ਸ਼ਰਾਬੀ ਹਾਲਤ ਵਿਚ ਘਰ ਆਇਆ ਅਤੇ ਸੌਂ ਗਿਆ। ਸਵੇਰੇ ਜਦੋਂ ਉੱਠਿਆ ਤਾਂ ਉਸਨੂੰ ਉਲਟੀਆਂ ਲੱਗ ਗਈਆਂ। ਬਾਅਦ ਦੁਪਹਿਰ 2 ਵਜੇ ਦੇ ਕਰੀਬ ਉਸ ਨੂੰ ਅਚਾਨਕ ਘਬਰਾਹਟ ਮਹਿਸੂਸ ਹੋਈ । ਇਸ ਦੌਰਾਨ ਜਦੋਂ ਉਹ ਕੱਪੜੇ ਬਦਲ ਰਿਹਾ ਸੀ ਤਾਂ ਅਚਾਨਕ ਚੱਕਰ ਖਾ ਕੇ ਡਿੱਗ ਜਾਣ ਕਾਰਨ ਉਸਦੀ ਮੌਕੇ 'ਤੇ ਹੀ ਮੌਤ ਹੋ ਗਈ। ਇਸ ਦੌਰਾਨ ਪਿੰਡ ਦੇ ਸਰਪੰਚ ਦਵਿੰਦਰਦੀਪ ਸਿੰਘ ਬੂਟਾ ਨੇ ਦੱਸਿਆ ਕਿ ਮ੍ਰਿਤਕ ਮਿੱਠੂ ਸਿੰਘ ਰਵਿਦਾਸੀਆ ਭਾਈਚਾਰੇ ਨਾਲ ਸੰਬੰਧ ਰੱਖਦਾ ਸੀ ਅਤੇ ਉਸਦੇ ਦੋ ਲੜਕੇ ਤੇ ਦੋ ਲੜਕੀਆਂ ਹਨ ।

## ਚੋਣ ਜਾਬਤੇ 'ਚ ਭਾਰਗੋ ਕੈਂਪ 'ਚ ਹੋਈ ਜੰਮ ਕੇ ਗੁੰਡਾਦਰਦੀ

ਜਲੰਧਰ 29 ਮਾਰਚ। ਟਾਹਲੀ ਵਾਲਾ ਚੌਂਕ ਭਾਰਗੋ ਕੈਂਪ 'ਚ ਕਿਸੇ ਗੱਲ ਨੂੰ ਲੈ ਕੇ ਦੋ ਧਿਰਾਂ ਵਿਚਾਲੇ ਜਬਰਦਸਤ ਝਗੜਾ ਹੋ ਗਿਆ। ਇਸ ਦੌਰਾਨ ਤੇਜਧਾਰ ਹਥਿਆਰ ਚੱਲੇ ਅਤੇ ਇੱਟਾਂ ਰੋੜੇ ਵੀ ਚਲਾਏ ਗਏ। ਝਗੜੇ 'ਚ ਦੋਵੇਂ ਧਿਰਾਂ ਦੇ ਚਾਰ ਲੋਕ ਜਖਮੀ ਹੋਏ ਹਨ। ਇਲਾਕੇ 'ਚ ਗੁੰਡਾਗਰਦੀ ਵੇਖ ਕੇ ਲੋਕ ਡਰ ਗਏ। ਇੰਨਾ ਹੀ ਨਹੀਂ ਜਮੀਨ 'ਤੇ ਖਿੱਲਰੇ ਖੂਨ ਅਤੇ ਇੱਟਾਂ ਵੀ ਸਾਫ ਵਿਖਾਈ ਦੇ ਰਹੀਆਂ ਸਨ। 3 ਲੋਕਾਂ ਨੂੰ ਇਲਾਜ ਲਈ ਨਿੱਜੀ ਹਸਪਤਾਲ 'ਚ ਦਾਖਲ ਕਰਵਾਇਆ ਗਿਆ ਹੈ, ਜਦਕਿ ਇਕ ਜਖਮੀ ਨੂੰ ਇਲਾਜ ਲਈ ਸਿਵਲ ਹਸਪਤਾਲ ਪਹੁੰਚਿਆ। ਪਹਿਲੀ ਧਿਰ ਦੇ ਜਖਮੀ ਦੀ ਪਛਾਣ ਪ੍ਰਦੀਪ ਪੁੱਤਰ ਰਾਜ ਕੁਮਾਰ ਵਾਸੀ ਨਾਰੀ ਨਿਕੇਤਨ ਵਾਲੀ ਗਲੀ ਵਜੋਂ ਹੋਈ ਹੈ, ਜਦਕਿ ਦੂਜੇ ਪੱਖ ਦੇ ਜਖਮੀਆਂ ਦੀ ਪਛਾਣ ਵਿੱਕੀ ਪੁੱਤਰ ਸੇਵਾ ਰਾਮ ਵਾਸੀ ਨਿਊ ਸੰਤ ਨਗਰ ਮੰਗੂ ਬਸਤੀ, ਮਿੰਟੂ, ਸੈਟੀ ਹਵੇਲੀ (ਦੋਵੇਂ ਭਰਾ) ਪੁੱਤਰ ਬਹਾਦਰ ਵਜੋਂ ਹੋਈ ਹੈ। ਥਾਣਾ ਭਾਰਗੋ ਕੈਂਪ ਦੇ ਤਫਤੀਸੀ ਅਫਸਰ ਏ. ਐੱਸ. ਆਈ. ਰਘੁਵੀਰ ਸਿੰਘ ਦਾ ਕਹਿਣਾ ਹੈ ਕਿ ਮਿੰਟੂ ਦੀ




ਹਾਲਤ ਨਾਜੁਕ ਹੈ ਅਤੇ ਜਖਮੀਆਂ ਨੇ ਦੇਰ ਰਾਤ ਤੱਕ ਪੁਲਸ ਕੋਲ ਆਪਣੇ ਬਿਆਨ ਦਰਜ ਨਹੀਂ ਕਰਵਾਏ ਸਨ, ਜਿਸ ਕਾਰਨ ਪੁਲਸ ਕੋਲ ਪੂਰੀ ਜਾਣਕਾਰੀ ਨਾ ਹੋਣ ਕਾਰਨ ਮਾਮਲਾ ਦਰਜ ਨਹੀਂ ਕੀਤਾ ਜਾ ਸਕਿਆ। ਜਖਮੀਆਂ ਵੱਲੋਂ ਪੁਲਸ ਕੋਲ ਆਪਣੇ ਬਿਆਨ ਦਰਜ ਕਰਵਾਉਂਦੇ ਹੀ ਪੁਲਸ ਅਗਲੇਰੀ ਕਾਨੂੰਨੀ ਕਾਰਵਾਈ ਕਰੇਗੀ। ਇਲਾਕੇ ਦੇ ਲੋਕਾਂ ਨੇ ਦੱਸਿਆ ਕਿ ਪੰਜਾਬ 'ਚ ਚੋਣ ਜਾਬਤਾ ਲਾਗੂ ਹੋ ਗਿਆ ਹੈ ਅਤੇ ਮਹਾਨਗਰ 'ਚ ਫੌਜੀ ਬਲ ਵੀ ਤਾਇਨਾਤ ਕੀਤੇ ਗਏ ਹਨ ਤਾਂ ਜੋ ਕੋਈ ਅਣਸੁਖਾਵੀਂ ਘਟਨਾ ਨਾ ਵਾਪਰ ਸਕੇ ਪਰ ਭਾਰਗੋ ਕੈਂਪ ਦੀ ਅਜਿਹੀ ਗੁੰਡਾਗਰਦੀ ਤੋਂ ਬਾਅਦ ਲੋਕ ਡਰੇ ਹੋਏ ਹਨ ਤੇ ਪੁਲਸ ਦੀ ਸਖਤੀ ਦੀਆਂ ਧੱਜੀਆਂ ਉੱਡ ਰਹੀਆਂ ਹਨ।

## ਅਨਾਜ ਘਪਲੇ 'ਚ ਸਾਬਕਾ ਅਧਿਕਾਰੀਆਂ ਸਣੇ 4 ਲੋਕਾਂ ਨੂੰ 3 ਸਾਲ ਦੀ ਸਜਾ

ਮੋਹਾਲੀ 29 ਮਾਰਚ। ਅਨਾਜ ਘਪਲੇ ਨਾਲ ਸਬੰਧਿਤ ਮਾਮਲੇ ਵਿੱਚ ਸੀ. ਬੀ. ਆਈ. ਵਿਸੇਸ ਅਦਾਲਤ ਨੇ ਚਾਰਾਂ ਦੋਸੀਆਂ ਨੂੰ 3-3 ਸਾਲ ਦੀ ਸਜਾ ਸੁਣਾਈ ਅਤੇ ਹਰੇਕ ਦੋਸੀ 'ਤੇ 50,000 ਰੁਪਏ ਦਾ ਜੁਰਮਾਨਾ ਲਗਾਇਆ। ਸਜਾ ਭੁਗਤਣ ਵਾਲਿਆਂ ਵਿੱਚ ਐਫ. ਸੀ. ਆਈ. ਕੰਪਨੀ ਦੇ ਤਿੰਨ ਸਾਬਕਾ ਅਧਿਕਾਰੀਆਂ ਵਿੱਚ ਤਤਕਾਲੀ ਸਹਾਇਕ ਮੈਨੇਜਰ ਸੀਤਾ ਰਾਮ, ਡਿਪਟੀ ਮੈਨੇਜਰ ਅਸੋਕ ਕੁਮਾਰ ਗੁਪਤਾ, ਜ਼ਿਲ੍ਹਾ ਮੈਨੇਜਰ ਸੁਭਰਾਂਸੂ ਅਤੇ ਇੱਕ ਨਿੱਜੀ ਰਾਈਸ ਮਿੱਲ ਦਾ ਮਾਲਕ ਦਲੀਪ ਸਿੰਘ ਸਾਮਲ ਹਨ। ਸਾਰੇ ਦੋਸੀਆਂ 'ਤੇ ਦੋਸ਼ ਸੀ ਕਿ ਅਧਿਕਾਰੀਆਂ ਅਤੇ ਕੁਝ ਨਿੱਜੀ ਮਿੱਲ ਮਾਲਕਾਂ ਨਾਲ ਮਿਲੀ-ਭੁਗਤ ਕਰਕੇ ਐੱਫ. ਸੀ. ਆਈ. ਗੁਦਾਮ ਵਿੱਚ ਘਟੀਆ ਚੌਲ ਭੇਜਿਆ ਗਿਆ, ਜਿਸ ਦੀ ਗੁਣਵੱਤਾ ਦੀ ਜਾਂਚ ਨਹੀਂ ਕੀਤੀ ਗਈ। ਇਸ ਸਬੰਧੀ ਸੀ. ਬੀ. ਆਈ. ਚੰਡੀਗੜ੍ਹ ਨੇ 7 ਜਨਵਰੀ, 2006 ਨੂੰ ਐੱਫ. ਆਈ. ਆਰ. ਦਰਜ ਕੀਤੀ ਸੀ। ਸੀ. ਬੀ. ਆਈ. ਨੇ 28 ਨਵੰਬਰ, 2008 ਨੂੰ ਇਸ ਮਾਮਲੇ 'ਚ ਚਾਰਜਸੀਟ ਦਾਇਰ ਕੀਤੀ ਸੀ ਅਤੇ ਉਦੋਂ ਤੋਂ ਹੀ ਉਨ੍ਹਾਂ ਖ਼ਿਲਾਫ ਮਾਮਲਾ ਚੱਲ ਰਿਹਾ ਸੀ।

### ਮਾਮਲਾ ਪੰਜਾਬ ਅਮਰੂਦ ਮੁਆਵਜ਼ਾ ਘੁਟਾਲੇ ਦਾ, ਫਿਰੋਜਪੁਰ ਦੀ ਸਰਕਾਰੀ ਰਿਹਾਇਸ਼ 'ਤੇ ਨੇ ਮਾਰੀ ਰੇਡ

ਫਿਰੋਜ਼ਪੁਰ 29 ਮਾਰਚ। ਬੁੱਧਵਾਰ ਸਵੇਰੇ ਈ. ਡੀ. ਦੀ ਟੀਮ ਵਲੋਂ ਡਿਪਟੀ ਕਮਿਸ਼ਨਰ ਫਿਰੋਜ਼ਪੁਰ ਰਾਜੇਸ਼ ਧੀਮਾਨ ਦੀ ਸਰਕਾਰੀ ਰਿਹਾਇਸ਼ 'ਤੇ ਰੇਡ ਮਾਰੇ ਜਾਣ ਦੀ ਖਬਰ ਸਾਹਮਣੇ ਆਈ ਹੈ। ਇਸ ਰੇਡ ਦੌਰਾਨ ਨਾ ਤਾਂ ਕਿਸੇ ਨੂੰ ਕੋਠੀ ਦੇ ਅੰਦਰ ਜਾਣ ਦਿੱਤਾ ਗਿਆ ਅਤੇ ਨਾ ਹੀ ਕਿਸੇ ਨੂੰ ਕੋਠੀ ਤੋਂ ਬਾਹਰ ਜਾਣ ਦਿੱਤਾ ਗਿਆ। ਕਾਫੀ ਦੇਰ ਤੱਕ ਇਹ ਟੀਮ ਡੀ. ਸੀ. ਦੀ ਸਰਕਾਰੀ ਰਿਹਾਇਸ਼ ਦੇ ਅੰਦਰ ਤਲਾਸ਼ੀ ਲੈਂਦੀ ਰਹੀ। ਦੱਸ ਦੇਈਏ ਕਿ ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਪੰਜਾਬ ਅਮਰੂਦ ਮੁਆਵਜ਼ਾ ਘੁਟਾਲੇ ਸਬੰਧੀ ਡਿਪਟੀ ਕਮਿਸ਼ਨਰ ਫਿਰੋਜ਼ਪੁਰ ਰਾਜੇਸ਼ ਧੀਮਾਨ ਦੀ ਪਤਨੀ ਦੇ ਨਾਲ-ਨਾਲ ਹੋਰਨਾਂ ਖ਼ਿਲਾਫ ਵੀ ਕੇਸ ਦਰਜ ਕੀਤਾ ਗਿਆ ਸੀ, ਜਿਸ 'ਚ ਸ਼੍ਰੀ ਧੀਮਾਨ ਦੀ ਪਤਨੀ ਨੂੰ ਮਾਣਯੋਗ ਪੰਜਾਬ ਵੱਲੋਂ ਅਤੇ ਹਰਿਆਣਾ ਹਾਈਕੋਰਟ ਨੇ ਅਗਾਊਂ ਜ਼ਮਾਨਤ ਦਿੱਤੀ ਗਈ ਸੀ।

## ਆਉਣ ਵਾਲੇ ਸਾਲਾਂ 'ਚ ਨਵੇਂ ਇਲੈਕਟ੍ਰਿਕ ਵਾਹਨ ਉਤਾਰਨ ਦੀ ਤਿਆਰੀ 'ਚ ਕਈ ਵੱਡੀਆਂ ਕੰਪਨੀਆਂ

ਨਵੀਂ ਦਿੱਲੀ 29 ਮਾਰਚ। ਸਰਕਾਰ ਵੱਲੋਂ ਨਵੀਂ ਨੀਤੀ ਦੀ ਘੁੰਡ ਚੁਕਾਈ ਰਾਹੀਂ ਵਾਤਾਵਰਣ ਅਨੁਕੂਲ ਆਵਾਜਾਈ ਨੂੰ ਹੁਲਾਰਾ ਦੇਣ ਕਾਰਨ ਭਾਰਤੀ ਵਾਹਨ ਉਦਯੋਗ ਤੇਜੀ ਨਾਲ ਇਲੈਕਟ੍ਰਿਕ ਵਾਹਨ (ਈ. ਵੀ.) ਮਾਡਲ ਉਤਾਰਨ ਦੀ ਤਿਆਰੀ ਕਰ ਰਿਹਾ ਹੈ। ਵਾਹਨ ਖੇਤਰ ਦੀ ਮਾਰੂਤੀ, ਹੁੰਡਈ, ਮਹਿੰਦਰਾ ਐਂਡ ਮਹਿੰਦਰਾ ਅਤੇ ਟਾਟਾ ਮੋਟਰਜ ਵਰਗੀਆਂ ਵੱਡੀਆਂ ਕੰਪਨੀਆਂ ਵੱਖ-ਵੱਖ ਸੈਕਟਰਾਂ ਦੀ ਮੰਗ ਨੂੰ ਪੂਰਾ ਕਰਨ ਲਈ ਨਵੇਂ ਇਲੈਕਟ੍ਰਿਕ ਮਾਡਲ ਲਿਆਉਣ ਦੀ ਤਿਆਰੀ 'ਚ ਹਨ। ਇਸ ਸਬੰਧ ਵਿਚ ਮਹਿੰਦਰਾ ਐਂਡ ਮਹਿੰਦਰਾ ਦੇ ਮੁੱਖ ਕਾਰਜਕਾਰੀ ਅਧਿਕਾਰੀ (ਸੀ. ਈ. ਓ.) ਵਾਹਨ ਖੇਤਰ ਨਲਿਨੀਕਾਂਤ ਗੋਲਾਗੁੰਟਾ ਨੇ ਕਿਹਾ ਕਿ ਕੰਪਨੀ ਆਉਣ ਵਾਲੇ ਸਾਲਾਂ 'ਚ 5 ਨਵੇਂ ਬੈਟਰੀ ਇਲੈਕਟ੍ਰਿਕ ਵਾਹਨ ਪੇਸ਼ ਕਰੇਗੀ। ਇਸ ਦੀ ਸ਼ੁਰੂਆਤ ਜਨਵਰੀ, 2025 ਤੋਂ ਹੋਵੇਗੀ। ਉਨ੍ਹਾਂ ਨੇ ਕਿਹਾ ਕਿ ਇਹ ਇਲੈਕਟ੍ਰਿਕ ਸਪੋਰਟਸ ਯੂਟੀਲਿਟੀ ਵਾਹਨ (ਐੱਸ. ਯੂ. ਵੀ.) ਮਹਿੰਦਰਾ ਦੇ ਇਨੋਵੇਸ਼ਨ ਆਈ. ਐੱਨ. ਜੀ. ਐੱਲ. ਓ. ਮੰਚ 'ਤੇ ਬਣਾਏ ਜਾਣਗੇ। ਸਾਡਾ ਟੀਚਾ ਵਿਭਿੰਨਤਾ ਵਾਲੀ ਲੜੀ ਰਾਹੀਂ ਵੱਖ-ਵੱਖ ਵਰਗਾਂ ਦੇ ਖਪਤਕਾਰਾਂ ਦੀ ਲੋੜ ਨੂੰ ਪੂਰਾ ਕਰਨਾ ਹੈ। ਇਨ੍ਹਾਂ ਐੱਸ. ਯੂ. ਵੀ. ਨੂੰ ਉਤਾਰਨ ਦਾ ਮਕਸਦ ਇਲੈਕਟ੍ਰਿਕ ਵਾਹਨ ਸੈਕਟਰ 'ਚ ਆਪਣੀ ਸਥਿਤੀ ਨੂੰ ਮਜਬੂਤ ਕਰਨਾ ਹੈ। 2027 ਤੱਕ ਸਾਡੇ ਪੋਰਟਫੋਲੀਓ ਦਾ 20 ਤੋਂ 30 ਫੀਸਦੀ ਇਲੈਕਟ੍ਰਿਕ ਵਾਹਨਾਂ ਦਾ ਹੋਵੇਗਾ। ਮਾਰੂਤੀ ਸੁਜ਼ੂਕੀ ਇੰਡੀਆ (ਐੱਮ. ਐੱਸ. ਆਈ.) ਦੇ ਕਾਰਜਕਾਰੀ ਅਧਿਕਾਰੀ (ਕਾਰਪੋਰੇਟ ਮਾਮਲੇ) ਰਾਹੁਲ ਭਾਰਤੀ ਨੇ ਕਿਹਾ ਕਿ ਅਸੀਂ ਇਲੈਕਟ੍ਰਿਕ ਵਾਹਨ ਖੇਤਰ 'ਚ 'ਗੰਭੀਰ' ਨਿਵੇਸ਼ ਕਰ ਰਹੇ ਹਾਂ। ਉਨ੍ਹਾਂ ਨੇ ਕਿਹਾ ਕਿ ਅਸੀਂ ਵਿੱਤੀ ਸਾਲ 2024-25 'ਚ 550 ਕਿ. ਮੀ. ਰੇਂਜ ਦੇ ਨਾਲ ਈ. ਵੀ. ਦੇ ਰੂਪ 'ਚ ਨਵੇਂ ਸਿਰੇ ਤੋਂ ਡਿਜਾਈਨ ਹਾਈ-ਸਪੇਕ ਇਲੈਕਟ੍ਰਿਕ ਵਾਹਨ ਦਾ



ਉਤਪਾਦਨ ਸ਼ੁਰੂ ਕਰਾਂਗੇ। ਅਗਲੇ 7-8 ਸਾਲਾਂ 'ਚ ਸਾਡੇ 6 ਇਲੈਕਟ੍ਰਿਕ ਵਾਹਨ ਹੋਣਗੇ। ਹੁੰਡਈ ਮੋਟਰ ਇੰਡੀਆ ਦੇ ਮੁੱਖ ਸੰਚਾਲਨ ਅਧਿਕਾਰੀ (ਸੀ. ਈ. ਓ.) ਤਰੁਣ ਗਰਗ ਨੇ ਕਿਹਾ ਕਿ ਅਸੀਂ ਦੇਸ਼ 'ਚ ਪਹਿਲੇ ਮੂਲ ਯੰਤਰ ਵਿਨਿਰਮਾਤਾਵਾਂ (ਓ. ਈ. ਐੱਮ.) 'ਚੋਂ ਇਕ ਹਾਂ, ਜਿਸ ਨੇ ਮੁਕੰਮਲ ਲੰਬੀ ਰੇਂਜ ਵਾਲੀ ਐੱਸ. ਯੂ. ਵੀ. 'ਕੋਨਾ' 2019 'ਚ ਉਤਾਰੀ ਸੀ। ਪਿਛਲੇ ਸਾਲ ਕੰਪਨੀ ਨੇ ਆਪਣੀ ਪ੍ਰੀਮੀਅਮ ਇਲੈਕਟ੍ਰਿਕ ਐੱਸ. ਯੂ. ਵੀ. ਆਈ. ਓ. ਐੱਨ. ਆਈ. ਕਿਊ. 5 ਪੇਸ਼ ਕੀਤੀ ਸੀ। ਗਰਗ ਨੇ ਕਿਹਾ ਕਿ ਕਈ ਉਦਯੋਗ ਅੰਦਾਜ਼ਿਆਂ ਅਨੁਸਾਰ, ਈ. ਵੀ. ਦਾ 2030 ਤੱਕ ਭਾਰਤ ਦੇ ਵਾਹਨ ਬਾਜਾਰ 'ਚ ਹਿੱਸਾ ਲਗਭਗ 20 ਫੀਸਦੀ 'ਤੇ ਪਹੁੰਚ ਜਾਵੇਗਾ। ਸਾਨੂੰ ਭਰੋਸਾ ਹੈ ਕਿ ਇਲੈਕਟ੍ਰਿਕ ਵਾਹਨ ਜਲਦ ਮੁੱਖ ਧਾਰਾ ਦਾ ਹਿੱਸਾ ਹੋਣਗੇ।

### ਕਿਰਪਾਨ ਦੀ ਨੋਕ 'ਤੇ ਕਿਸਾਨ ਕੋਲੋਂ ਟਰਾਲੀ ਖੋਹਣ ਵਾਲੇ ਦੋ ਲੁਟੇਰੇ ਪੁਲਸ ਨੇ ਕੀਤੇ ਕਾਬੂ

ਦੀਨਾਨਗਰ 29 ਮਾਰਚ। ਵਿਧਾਨ ਸਭਾ ਹਲਕਾ ਦੀਨਾਨਗਰ ਅਧੀਨ ਆਉਂਦੇ ਪੁਲਸ ਸਟੇਸਨ ਦੌਰਾਂਗਲਾ ਦੇ ਇਲਾਕੇ ਅੰਦਰ ਹੈਡ ਪੁਲ ਗਾਹਲੜੀ ਦੇ ਨਜਦੀਕ ਇੱਕ ਕਿਸਾਨ ਕੋਲੋਂ ਦੋ ਲੁਟੇਰੇ ਕਿਰਪਾਨ ਦੀ ਨੋਕ 'ਤੇ ਟਰਾਲੀ ਖੋਹ ਕੇ ਫਰਾਰ ਹੋ ਗਏ ਸਨ। ਪੁਲਸ ਨੇ ਤਰੁੰਤ ਹਰਕਤ ਵਿੱਚ ਆਉਂਦੇ ਹੋਏ ਦੋਵਾਂ ਲੁਟੇਰਿਆਂ ਨੂੰ ਟਰਾਲੀ ਸਮੇਤ ਕਾਬੂ ਕਰਨ ਵਿੱਚ ਸਫਲਤਾ ਪ੍ਰਾਪਤ ਕੀਤੀ ਹੈ। ਇਸ ਮੌਕੇ ਡੀ. ਐੱਸ. ਪੀ. ਦੀਨਾਨਗਰ ਸੁਖਵਿੰਦਰ ਪਾਲ ਸਿੰਘ ਨੇ ਦੱਸਿਆ ਕਿ ਪੁਲਸ ਨੇ ਤਰੁੰਤ ਹਰਕਤ ਵਿੱਚ ਆਉਂਦਿਆਂ ਸਾਰੇ ਨਾਕੇ ਅਲਰਟ ਕਰਨ ਉਪਰੰਤ ਪੁਲਸ ਵੱਲੋਂ ਇੱਕ ਗੁਪਤ ਸੂਚਨਾ ਦੇ ਆਧਾਰ 'ਤੇ ਇਨ੍ਹਾਂ ਦੋਵਾਂ ਲੁਟੇਰਿਆਂ ਨੂੰ ਟਰਾਲੀ ਸਮੇਤ ਕਾਬੂ ਕਰ ਲਿਆ ਗਿਆ ਹੈ। ਪੁਲਸ ਮੁਤਾਬਕ ਇਨ੍ਹਾਂ ਦੀ ਪਛਾਣ ਸੈਫ ਅਲੀ ਪੁੱਤਰ ਸ਼ੇਰ ਮੁਹੰਮਦ, ਸਾਲੂ ਪੁੱਤਰ ਨੂਰ ਮੁਹੰਮਦ ਵਾਸੀਆਂਨ ਸਮਾਦ ਬਾਈ ਥਾਣਾ ਬਾਘਾਪੁਰਾਣਾ ਜ਼ਿਲ੍ਹਾ ਮੋਗਾ ਦੱਸੀ ਗਈ ਹੈ ।

ਕੌਮੀ ਪਤ੍ਰਿਕਾ
ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।
Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad
Ph. : 011-41509689
011-23315814
Mob. : 9971359517
9312262300
E-mail address:
qpatrika@gmail.com
R.N.I. No. 39272/81
Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

## ਜਲੰਧਰ 'ਚ ਚਲਾਈ ਗਈ ਸੱਵਛਤਾ ਹੀ ਸੇਵਾ ਦੇ ਤਹਿਤ ਸਫਾਈ ਮੁਹਿੰਮ

ਜਲੰਧਰ 29 ਮਾਰਚ। ਜਲੰਧਰ 'ਚ ਅੱਜ ਨਗਰ ਨਿਗਮ ਨੇ ਸਵੱਛਤਾ ਹੀ ਸੇਵਾ ਦੇ ਤਹਿਤ ਜਲੰਧਰ 'ਚ ਵੱਖ-ਵੱਖ ਥਾਵਾਂ 'ਤੇ ਸਫਾਈ ਮੁਹਿੰਮ ਚਲਾਈ ਗਈ। ਇਹ ਮੁਹਿੰਮ ਪੂਰੀ ਤਰ੍ਹਾਂ ਮਹਾਤਮਾ ਗਾਂਧੀ ਜੀ ਨੂੰ ਸਮਰਪਿਤ ਹੈ। ਇਸ ਮੌਕੇ ਕਾਲਜ ਦੇ ਐੱਨ. ਸੀ. ਸੀ. ਬੱਚਿਆਂ ਅਤੇ ਆਮ ਲੋਕਾਂ ਨੇ ਵੀ ਇਸ ਮੁਹਿੰਮ ਦਾ ਸਮਰਥਨ ਕੀਤਾ। ਇਸ ਮੌਕੇ ਨਗਰ ਨਿਗਮ ਦੇ



ਅਧਿਕਾਰੀਆਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਦਿਸਾ-ਨਿਰਦੇਸਾਂ 'ਤੇ ਸਫਾਈ ਮੁਹਿੰਮ ਚਲਾਈ ਜਾ ਰਹੀ ਹੈ ਅਤੇ ਇਹ ਸਾਡੇ ਵੱਲੋਂ ਮਹਾਤਮਾ ਗਾਂਧੀ ਨੂੰ ਸਰਧਾਂਜਲੀ ਹੈ। ਸਹਿਰ ਦੀ ਸਫਾਈ ਮੁਹਿੰਮ ਵਿੱਚ ਆਮ ਲੋਕਾਂ ਦੇ ਨਾਲ-ਨਾਲ ਕਾਲਜ ਦੇ ਬੱਚੇ ਵੀ ਸਾਡਾ ਸਾਥ ਦੇ ਰਹੇ ਹਨ। ਅਸੀਂ ਸਾਰਿਆਂ ਨੂੰ ਇਹ ਸੰਦੇਸ ਦੇਣਾ ਚਾਹਾਂਗੇ ਕਿ ਹਰ ਕੋਈ ਸਫਾਈ ਦਾ ਧਿਆਨ ਰੱਖੇ ਅਤੇ ਆਪਣੇ ਸਹਿਰ ਅਤੇ ਦੇਸ ਨੂੰ ਹੋਰ ਵੀ ਸੁੰਦਰ ਬਣਾਉਣ।

# ਸੇਅਰਾਂ 'ਚ ਗਿਰਾਵਟ ਅਤੇ ਫੇਡ ਦੇ ਇਸਾਰੇ ਕਾਰਨ ਚਮਕੇਗਾ ਸੋਨਾ

ਨਵੀਂ ਦਿੱਲੀ 29 ਮਾਰਚ। ਗੋਲਡ ਐਕਸਚੇਂਜ ਟਰੇਡਿਡ ਫੰਡ (ਈ.ਟੀ.ਐੱਫ.) 'ਚ ਨਿਵੇਸ ਕਾਫੀ ਵਧਿਆ ਹੈ। ਪਿਛਲੇ ਸਾਲ ਸਤੰਬਰ ਅਤੇ ਦਸੰਬਰ ਨੂੰ ਖਤਮ ਹੋਣ ਵਾਲੀਆਂ ਤਿਮਾਹੀਆਂ 'ਚ ਨਿਵੇਸ ਆਉਣ ਦੀ ਬਜਾਏ ਇਨ੍ਹਾਂ ਫੰਡਾਂ 'ਚੋਂ ਨਿਕਾਸੀ ਦੇਖਣ ਨੂੰ ਮਿਲੀ ਹੈ। ਇਸ ਸਾਲ ਜਨਵਰੀ-ਮਾਰਚ ਤਿਮਾਹੀ ਦੌਰਾਨ ਵੀ ਅਜਿਹਾ ਹੀ ਹੋਇਆ ਸੀ। ਪਰ ਜੂਨ ਤਿਮਾਹੀ ਵਿੱਚ ਗੋਲਡ ਈਟੀਐਫ ਵਿੱਚ 298 ਕਰੋੜ ਰੁਪਏ ਦਾ ਸੁੱਧ ਨਿਵੇਸ ਹੋਇਆ ਸੀ। ਜੁਲਾਈ ਵਿੱਚ ਇਹ ਅੰਕੜਾ ਵਧ ਕੇ 456 ਕਰੋੜ ਰੁਪਏ ਹੋ ਗਿਆ ਅਤੇ ਅਗਸਤ ਵਿੱਚ ਇਹ ਅੰਕੜਾ 1,028 ਕਰੋੜ ਰੁਪਏ ਦੇ ਨਿਵੇਸ ਨਾਲ ਪਿਛਲੇ 16 ਮਹੀਨਿਆਂ ਵਿੱਚ ਸਭ ਤੋਂ ਵੱਧ ਹੋ ਗਿਆ। ਇਸ ਸਾਲ ਹੁਣ ਤੱਕ 6.2 ਪ੍ਰਤੀਸਤ ਦੀ ਔਸਤ ਰਿਟਰਨ ਦੇਣ ਵਾਲੇ 14 ਗੋਲਡ ਈਟੀਐਫ ਵਰਤਮਾਨ ਵਿੱਚ 24,423 ਕਰੋੜ ਰੁਪਏ ਦੀ ਜਾਇਦਾਦ ਨੂੰ ਸੰਭਾਲ ਰਹੇ ਹਨ। ਜਦੋਂ ਸਟਾਕ ਮਾਰਕੀਟ ਹਰ ਦਿਨ ਨਵੀਆਂ ਉਚਾਈਆਂ 'ਤੇ ਪਹੁੰਚ ਰਿਹਾ ਹੈ ਤਾਂ ਨਿਵੇਸਕ ਸੇਅਰ ਬਾਜਾਰ 'ਚ ਮੁਨਾਫਾ ਕਮਾਉਣ ਤੋਂ ਬਾਅਦ ਆਪਣਾ ਪੈਸਾ ਸੋਨੇ 'ਚ ਲਗਾ ਰਹੇ ਹਨ। ਕਾਮਟਰੈਂਡਜ ਰਿਸਰਚ ਦੇ ਨਿਰਦੇਸਕ ਗਿਆਨਸੇਖਰ ਥਿਆਗਰਾਜਨ ਨੇ ਕਿਹਾ, 'ਨਿਵੇਸ ਸਲਾਹਕਾਰ ਸੁਝਾਅ ਦਿੰਦੇ ਹਨ ਕਿ ਜੇਕਰ ਕਿਸੇ ਨਿਵੇਸਕ ਨੂੰ ਸੇਅਰ ਬਾਜਾਰ ਤੋਂ ਚੰਗਾ ਰਿਟਰਨ ਮਿਲਿਆ ਹੈ, ਤਾਂ ਉਹ ਆਪਣੀ ਆਮਦਨ ਦਾ ਕੁਝ ਹਿੱਸਾ ਸੋਨੇ 'ਚ ਨਿਵੇਸ ਕਰ ਸਕਦਾ ਹੈ। ਇਹ ਅਨਿਸਚਿਤਤਾ ਦੇ ਪ੍ਰਬਲ ਹੋਣ 'ਤੇ ਨਿਵੇਸਾਂ ਦੀ ਸੁਰੱਖਿਆ ਤਹਿਤ ਕੰਮ ਕਰੇਗਾ। ਅਮਰੀਕਾ ਵਿਚ ਵਿਆਜ ਦਰਾਂ ਆਪਣੇ ਸਿਖਰ 'ਤੇ ਪਹੁੰਚਦੀਆਂ ਨਜਰ ਆ ਰਹੀਆਂ ਹਨ। ਹਾਲਾਂਕਿ ਫੈਡਰਲ ਰਿਜਰਵ ਨੇ



ਸੰਕੇਤ ਦਿੱਤਾ ਹੈ ਕਿ ਦਰਾਂ ਲੰਬੇ ਸਮੇਂ ਤੱਕ ਉੱਚੀਆਂ ਰਹਿਣਗੀਆਂ, ਸੋਨਾ ਬਾਜਾਰ ਕੁਝ ਹੋਰ ਸੋਚ ਰਿਹਾ ਹੈ। ਪਲਾਨ ਅਹੇਡ ਵੈਲਥ ਐਡਵਾਈਜਰਜ ਦੇ ਮੁੱਖ ਵਿੱਤੀ ਯੋਜਨਾਕਾਰ ਵਿਸਾਲ ਧਵਨ ਦਾ ਕਹਿਣਾ ਹੈ, 'ਸੋਨਾ ਬਾਜਾਰ 'ਚ ਇਹ ਚਿੰਤਾ ਦੂਰ ਹੋ ਗਈ ਹੈ ਕਿ ਲਗਾਤਾਰ ਉੱਚੀ ਮਹਿੰਗਾਈ ਕਾਰਨ ਵਿਆਜ ਦਰਾਂ 'ਚ ਵਾਧਾ ਲੰਬੇ ਸਮੇਂ ਤੱਕ ਜਾਰੀ ਰਹਿ ਸਕਦਾ ਹੈ।' ਸੋਨੇ ਦੀਆਂ ਕੀਮਤਾਂ ਆਪਣੇ ਸਿਖਰਲੇ ਪੱਧਰ ਤੋਂ 5-6 ਫੀਸਦੀ ਹੇਠਾਂ ਆ ਗਈਆਂ ਹਨ। ਮੋਤੀਲਾਲ ਓਸਵਾਲ ਵਿੱਤੀ ਸੇਵਾਵਾਂ ਦੇ ਮੁਖੀ (ਖੋਜ, ਵਸਤੂ ਅਤੇ ਮੁਦਰਾ) ਨਵਨੀਤ ਦਾਮਾਨੀ ਦਾ ਕਹਿਣਾ ਹੈ ਕਿ ਗਿਰਾਵਟ ਕਾਰਨ ਸੋਨੇ ਦੀਆਂ ਕੀਮਤਾਂ ਹੇਠਾਂ ਆਈਆਂ ਹਨ, ਜਿਸ ਕਾਰਨ ਲੰਬੇ ਸਮੇਂ ਦੇ ਨਿਵੇਸ ਵੱਲ ਨਿਵੇਸਕਾਂ ਦਾ ਝੁਕਾਅ ਵਧਿਆ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਨਿਵੇਸਕ ਹੁਣ ਧਾਤੂ ਦੇ ਰੂਪ ਵਿੱਚ ਯਾਨੀ ਗਹਿਣਿਆਂ ਅਤੇ ਇੱਟਾਂ ਆਦਿ ਦੇ ਰੂਪ ਵਿੱਚ ਸੋਨਾ ਖਰੀਦਣ ਦੀ ਬਜਾਏ ਈਟੀਐਫ, ਸਾਵਰੇਨ ਗੋਲਡ ਬਾਂਡ ਆਦਿ ਵਿੱਚ ਨਿਵੇਸ ਕਰਨ ਨੂੰ ਤਰਜੀਹ ਦੇ ਰਹੇ ਹਨ। ਦਾਮਨੀ ਦਾ ਕਹਿਣਾ ਹੈ, 'ਈਟੀਐਫ ਵਰਗੀਆਂ ਯੋਜਨਾਵਾਂ ਵਿੱਚ ਨਿਵੇਸ ਕਰਨਾ ਅਤੇ ਕਢਵਾਉਣਾ ਦੋਵੇਂ ਆਸਾਨ ਹਨ। ਸੁੱਧਤਾ ਅਤੇ ਰੱਖ-ਰਖਾਅ ਬਾਰੇ ਚਿੰਤਾ ਕਰਨ ਦੀ ਕੋਈ ਲੋੜ ਨਹੀਂ ਹੈ ਅਤੇ ਧਾਤੂ ਰੂਪ ਵਿੱਚ ਸੋਨਾ ਖਰੀਦਣ 'ਤੇ ਲਾਗੂ ਵਸਤੂਆਂ ਅਤੇ ਸੇਵਾਵਾਂ ਟੈਕਸ (ਜੀਐਸਟੀ) ਤੋਂ ਵੀ ਬਚਿਆ ਜਾਂਦਾ ਹੈ।

## ਜਲੰਧਰ ਜਿਲ੍ਹੇ ਦੇ ਕਿਸਾਨਾਂ ਲਈ ਅਹਿਮ ਖਬਰ, ਮੈਜਿਸਟ੍ਰੇਟ ਵੱਲੋਂ ਨਵੇਂ ਹੁਕਮ ਜਾਰੀ

ਜਲੰਧਰ 29 ਮਾਰਚ। ਜਿ਼ਲ੍ਹਾ ਮੈਜਿਸਟ੍ਰੇਟ ਵਿਸੇਸ ਸਾਰੰਗਲ ਨੇ ਫੌਜਦਾਰੀ ਜ਼ਾਬਤਾ ਸੰਘਤਾ ਦੀ ਧਾਰਾ 144 ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦਿਆਂ ਜਿ਼ਲ੍ਹੇ ਦੇ ਅਧਿਕਾਰ ਖੇਤਰ ਵਿੱਚ ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣ 'ਤੇ ਪਾਬੰਦੀ ਲਗਾ ਦਿੱਤੀ ਹੈ। ਜਿ਼ਲ੍ਹਾ ਮੈਜਿਸਟ੍ਰੇਟ ਨੇ ਦੱਸਿਆ ਕਿ ਝੋਨੇ ਦੀ ਪਰਾਲੀ ਨੂੰ ਅੱਗ ਲਾਉਣ ਨਾਲ ਕਈ ਜਹਿਰੀਲੀਆਂ ਗੈਸਾਂ ਪੈਦਾ ਹੁੰਦੀਆਂ ਹਨ, ਜੋ ਮਨੁੱਖੀ ਸਿਹਤ ਨੂੰ ਨੁਕਸਾਨ ਪਹੁੰਚਾਉਂਦੀਆਂ ਹਨ ਅਤੇ ਵਾਤਾਵਰਣ ਨੂੰ ਵੀ ਪ੍ਰਦੂਸਿ਼ਤ ਕਰਦੀਆਂ ਹਨ। ਉਨ੍ਹਾਂ ਦੱਸਿਆ ਕਿ ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣ ਕਰਕੇ ਮਿੱਟੀ ਦੀ ਉਪਜਾਊ ਸ਼ਕਤੀ ਦਾ ਨੁਕਸਾਨ ਹੁੰਦਾ ਹੈ ਅਤੇ ਮਿੱਟੀ ਵਿੱਚ ਮੌਜੂਦ ਕਈ ਪੌਸਟਿਕ ਤੱਤ ਨਸਟ ਹੋ ਜਾਂਦੇ ਹਨ।

# ਕੌਮਾਂਤਰੀ ਬਾਜਾਰ 'ਚ ਰਿਕਾਰਡ ਮਹਿੰਗੀ ਹੋਈ ਖੰਡ, 12 ਸਾਲਾਂ ਦੇ ਉੱਚ ਪੱਧਰ 'ਤੇ ਪੁੱਜੀਆਂ ਕੀਮਤਾਂ

ਨਵੀਂ ਦਿੱਲੀ 29 ਮਾਰਚ। ਖੰਡ ਦੀ ਵਧਦੀ ਕੀਮਤ ਨਾਲ ਪੂਰੀ ਦੁਨੀਆ 'ਚ ਲੋਕਾਂ ਦੀ ਰਸੋਈ ਦਾ ਬਜਟ ਵਿਗੜ ਗਿਆ ਹੈ। ਸਪਲਾਈ ਅਤੇ ਮੰਗ 'ਚ ਭਾਰੀ ਫਰਕ ਕਾਰਨ ਖੰਡ ਦੀ ਕੀਮਤ 12 ਸਾਲਾਂ ਦੇ ਉੱਚ ਪੱਧਰ 'ਤੇ ਪੁੱਜ ਗਈ ਹੈ। 19 ਸਤੰਬਰ ਨੂੰ ਖੰਡ ਦੀ ਕੀਮਤ ਵਧ ਕੇ 27.5 ਡਾਲਰ 'ਤੇ ਪੁੱਜ ਗਈ। ਅਜਿਹੇ ਵਿਚ ਕਿਹਾ ਜਾ ਰਿਹਾ ਹੈ ਕਿ ਇਸ ਸਾਲ ਹੁਣ ਤੱਕ ਖੰਡ ਦੀ ਕੀਮਤ ਵਿਚ ਕਰੀਬ 30 ਫੀਸਦੀ ਦਾ ਉਛਾਲ ਦੇਖਿਆ ਗਿਆ ਹੈ। ਖਾਸ ਗੱਲ ਇਹ ਹੈ ਕਿ ਖੰਡ ਦੀ ਵਧਦੀ ਕੀਮਤ ਤੋਂ ਅਮਰੀਕਾ ਵੀ ਅਛੂਤਾ ਨਹੀਂ ਹੈ। ਇੱਥੇ ਹੀ ਖੰਡ 27 ਡਾਲਰ ਦੇ ਕਰੀਬ ਕਾਰੋਬਾਰ ਕਰ ਰਹੀ ਹੈ। ਕਾਰੋਬਾਰੀ ਮਾਹਿਰਾਂ ਦਾ ਕਹਿਣਾ ਹੈ ਕਿ ਭਾਰਤ 'ਚ ਖੰਡ ਦਾ ਉਤਪਾਦਨ ਪ੍ਰਭਾਵਿਤ ਹੋਣ ਨਾਲ ਸਿਰਫ ਭਾਰਤ ਹੀ ਨਹੀਂ ਸਗੋਂ ਪੂਰੇ ਵਿਸ਼ਵ 'ਚ ਮਹਿੰਗਾਈ ਵਧ ਗਈ ਹੈ। ਲਗਭਗ ਸਾਰੇ ਦੇਸ਼ਾਂ ਵਿਚ ਖੰਡ ਦੀ ਕੀਮਤਾਂ 7ਵੇਂ ਅਸਮਾਨ 'ਤੇ ਪੁੱਜ ਗਈਆਂ ਹਨ। ਹਾਲਾਂਕਿ ਭਾਰਤ ਵਿਚ ਕੇਂਦਰ ਸਰਕਾਰ ਨੇ ਤਿਓਹਾਰੀ ਸੀਜਨ ਨੂੰ ਦੇਖਦੇ ਹੋਏ ਖੰਡ ਦੀ ਵਧਦੀ ਕੀਮਤ 'ਤੇ ਲਗਾਮ ਲਗਾਉਣ ਲਈ ਕਮਰ ਕੱਸ ਲਈ ਹੈ। ਸਰਕਾਰ 13 ਲੱਖ ਟਨ ਖੰਡ ਦਾ ਕੋਟਾ ਖੁੱਲ੍ਹੇ ਬਾਜਾਰ ਵਿਚ ਜਾਰੀ ਕਰ ਸਕਦੀ ਹੈ। ਉੱਥੇ ਹੀ ਐਗਰੀ ਮੰਡੀ ਦੇ ਕੋ-ਫਾਊਂਡਰ ਹੇਮੰਤ ਸ਼ਾਹ ਦਾ ਕਹਿਣਾ ਹੈ ਕਿ ਪਿਛਲੇ ਦੋ ਮਹੀਨਿਆਂ ਤੋਂ ਸਰਕਾਰ ਲਗਾਤਾਰ ਖੰਡ ਦੀ ਕੀਮਤ 'ਤੇ ਨਜਰ ਰੱਖ ਰਹੀ ਹੈ। ਸਰਕਾਰ ਸਮੇਂ-ਸਮੇਂ 'ਤੇ ਐਕਸ਼ਨ ਵੀ ਲੈ ਰਹੀ ਹੈ। ਸਰਕਾਰ ਦੀ ਇਹੀ ਕੋਸ਼ਿਸ਼ ਹੈ ਕਿ ਦੁਰਗਾ ਪੂਜਾ ਅਤੇ ਦੀਵਾਲੀ ਵਰਗੇ ਤਿਓਹਾਰ ਦੌਰਾਨ ਮਾਰਕੀਟ 'ਚ ਖੰਡ ਦੀ ਸਪਲਾਈ ਪ੍ਰਭਾਵਿਤ ਨਾ ਹੋਵੇ ਅਤੇ ਕੀਮਤਾਂ ਕਾਬੂ 'ਚ ਰਹਿਣ। ਜਾਣਕਾਰੀ ਮੁਤਾਬਕ ਸੋਕੇ ਅਤੇ ਘੱਟ ਮੀਂਹ ਕਾਰਨ ਭਾਰਤ ਦੇ ਨਾਲ-ਨਾਲ ਥਾਈਲੈਂਡ 'ਚ ਵੀ



ਖੰਡ ਦੇ ਉਤਪਾਦਨ 'ਚ ਗਿਰਾਵਟ ਆਈ ਹੈ। ਇਸ ਕਾਰਨ ਖੰਡ ਦੀਆਂ ਕੀਮਤਾਂ 'ਚ ਵਾਧਾ ਹੋ ਰਿਹਾ ਹੈ ਜਦ ਕਿ ਬ੍ਰਾਜੀਲ ਵਿਚ ਖੰਡ ਦਾ ਬੰਪਰ ਉਤਪਾਦਨ ਹੋਇਆ ਹੈ। ਇਸ ਦੇ ਬਾਵਜੂਦ ਵੀ ਇੰਟਰਨੈਸ਼ਨਲ ਮਾਰਕੀਟ 'ਚ ਖੰਡ ਦੀ ਕੀਮਤ ਵਧਦੀ ਹੀ ਜਾ ਰਹੀ ਹੈ। ਪਿਛਲੇ ਇਕ ਹਫਤੇ ਦੇ ਅੰਦਰ ਇੰਟਰਨੈਸ਼ਨਲ ਮਾਰਕੀਟ 'ਚ ਖੰਡ 0.22 ਫੀਸਦੀ ਮਹਿੰਗਾਈ ਹੋਈ ਹੈ। ਉੱਥੇ ਹੀ ਪਿਛਲੇ 1 ਮਹੀਨੇ ਵਿਚ ਖੰਡ ਦੀ ਕੀਮਤ ਵਿਚ 13 ਫੀਸਦੀ ਦੀ ਤੇਜੀ ਦਰਜ ਕੀਤੀ ਗਈ ਹੈ ਜਦ ਕਿ 1 ਸਾਲ ਵਿਚ ਇਹ 48 ਫੀਸਦੀ ਮਹਿੰਗੀ ਹੋ ਗਈ ਹੈ।

## ਦਸੂਹਾ ਪੁਲਸ ਨੇ ਦੋ ਨੌਜਵਾਨ ਨਸ਼ੀਲੇ ਟੀਕਿਆਂ ਸਮੇਤ ਕੀਤੇ ਗ੍ਰਿਫਤਾਰ

ਦਸੂਹਾ 29 ਮਾਰਚ। ਥਾਣਾ ਦਸੂਹਾ ਦੇ ਐੱਸ. ਐੱਚ. ਓ. ਹਰਪ੍ਰੇਮ ਸਿੰਘ, ਏ. ਐੱਸ. ਆਈ. ਅਨਿਲ ਕੁਮਾਰ ਨੇ ਪੁਲਸ ਪਾਰਟੀ ਦੇ ਨਾਲ ਗਸ਼ਤ ਦੌਰਾਨ ਇਕ ਨੌਜਵਾਨ ਸੰਦੀਪ ਸਿੰਘ ਬੀੜੀ ਪੁੱਤਰ ਬਹਾਦਰ ਸਿੰਘ ਵਾਸੀ ਝਿੰਗੜ ਕਲਾਂ ਨੂੰ ਕਾਬੂ ਕਰਕੇ 13 ਨਸ਼ੀਲੇ ਟੀਕੇ ਬਰਾਮਦ ਕੀਤੇ। ਇਸ ਤੋਂ ਇਲਾਵਾ ਇਕ ਹੋਰ ਨੌਜਵਾਨ ਪਰਮਜੀਤ ਲਾਡੀ ਪੁੱਤਰ ਹਰਭਜਨ ਸਿੰਘ ਵਾਸੀ ਸਾਹਪੁਰ ਨੂੰ ਕਾਬੂ ਕਰਕੇ 13 ਨਸ਼ੀਲੇ ਟੀਕੇ ਬਰਾਮਦ ਕਰਨ ਵਿੱਚ ਸਫਲਤਾ ਹਾਸਲ ਕੀਤੀ। ਇਸ ਸਬੰਧੀ ਜਾਣਕਾਰੀ ਦਿੰਦੇ ਥਾਣਾ ਦਸੂਹਾ ਦੇ ਐੱਸ. ਐੱਚ. ਓ. ਹਰਪ੍ਰੇਮ ਸਿੰਘ ਨੇ ਦੱਸਿਆ ਕਿ ਦੋਵਾਂ ਨੌਜਵਾਨਾਂ ਕੋਲੋਂ 26 ਟੀਕੇ ਬਰਾਮਦ ਕੀਤੇ ਗਏ ਹਨ, ਜਿਨ੍ਹਾਂ ਖਿ਼ਲਾਫ ਐੱਨ. ਡੀ. ਪੀ. ਐੱਸ. ਐਕਟ ਤਹਿਤ ਮਾਮਲਾ ਦਰਜ ਕਰਕੇ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ ਅਤੇ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ।

# ਨਾਬਾਲਿਗ ਕੁੜੀ ਨਾਲ ਹੱਦਾਂ ਟੱਪ ਰਿਹਾ ਸੀ ਹਵਸ ਦਾ ਭੁੱਖਾ, ਹਾਲਾਤ ਦੇਖ ਪਿਓ ਦੇ ਉੱਡੇ ਹੋਸ਼

ਦੋਰਾਹਾ 29 ਮਾਰਚ। ਦੋਰਾਹਾ ਥਾਣੇ ਦੀ ਹੱਦ ਨਾਲ ਲੱਗਦੇ ਇਕ ਪਿੰਡ 'ਚ ਪ੍ਰਵਾਸੀ ਨੌਜਵਾਨ ਵੱਲੋਂ ਨਾਬਾਲਗ ਕੁੜੀ ਨਾਲ ਜਬਰ-ਜਿ਼ਨਾਹ ਕੀਤੇ ਜਾਣ ਦਾ ਸ਼ਰਮਨਾਕ ਮਾਮਲਾ ਸਾਹਮਣੇ ਆਇਆ ਹੈ। ਬਾਅਦ 'ਚ ਪੁਲਸ ਨੇ ਮੁਲਜਮ ਸੂਰਿਆਪਾਲ ਪੁੱਤਰ ਰਾਮ ਚੰਦਰ ਵਾਸੀ ਪਿੰਡ ਸੁਲਤਾਨਜੋਤ ਚਹਿਲਵਾ, ਮਕਾਨ ਨੰਬਰ 71, ਅਸਰਫ ਨਗਰ, ਥਾਣਾ ਮਾਲੀਪੁਰ, ਜਿ਼ਲ੍ਹਾ ਸਰਬਸਤੀ ਭੀਨਸਾ ਉੱਤਰ ਪ੍ਰਦੇਸ ਖਿ਼ਲਾਫ ਧਾਰਾ 376 ਅਤੇ ਪੋਕਸੋ ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸੂਰੂ ਕਰ ਦਿੱਤੀ ਹੈ, ਜੋ ਕਿ ਦੋਰਾਹਾ ਵਿਖੇ ਕਿਸੇ ਫੈਕਟਰੀ ਵਿਚ ਕੰਮ ਕਰਦਾ ਸੀ। ਇਸ ਮਾਮਲੇ ਵਿਚ ਕੁੜੀ ਦੇ ਪਿਤਾ ਨੇ ਪੁਲਸ ਕੋਲ ਸਿ਼ਕਾਇਤ ਦਰਜ ਕਰਵਾਈ ਹੈ ਕਿ ਉਸ ਦੀ ਪਤਨੀ ਫੈਕਟਰੀ ਵਿਚ ਕੰਮ ਕਰਨ ਲਈ ਸਵੇਰੇ ਘਰੋਂ ਨਿਕਲੀ ਸੀ, ਜਦੋਂਕਿ ਉਹ ਦਿਹਾੜੀਦਾਰ ਮਜਦੂਰ ਵਜੋਂ ਕੰਮ ਕਰਨ ਲਈ ਘਰੋਂ ਗਿਆ ਸੀ ਪਰ ਉਥੇ ਕੰਮ ਨਾ ਮਿਲਣ ਕਾਰਨ ਉਹ ਘਰ ਵਾਪਸ ਆ ਗਿਆ। ਉਸ ਨੇ ਦੇਖਿਆ ਕਿ ਉਕਤ ਮੁਲਜਮ ਉਸ ਦੀ ਨਾਬਾਲਿਗ ਧੀ ਨਾਲ ਜਬਰ-ਜਿ਼ਨਾਹ ਕਰ ਰਿਹਾ ਸੀ। ਸਿ਼ਕਾਇਤਕਰਤਾ ਵੱਲੋਂ ਰੌਲਾ ਪਾਉਣ 'ਤੇ ਮੁਲਜਮ ਉਸਦੀ ਲੜਕੀ ਨੂੰ ਛੱਡ ਕੇ ਮੌਕੇ ਤੋਂ ਫਰਾਰ ਹੋ ਗਿਆ।

## ਜਿਲ੍ਹੇ ਦੀਆਂ ਮੰਡੀਆਂ 'ਚ ਸੁਚੱਜੇ ਢੰਗ ਨਾਲ ਹੋ ਰਹੀ ਝੋਨੇ ਦੀ ਖਰੀਦ ਤੋਂ ਕਿਸਾਨ ਖੁਸ਼

ਜਲੰਧਰ 29 ਮਾਰਚ। ਝੋਨੇ ਦੇ ਚੱਲ ਰਹੇ ਖਰੀਦ ਸੀਜ਼ਨ ਦੌਰਾਨ ਜਲੰਧਰ ਜ਼ਿਲ੍ਹੇ 'ਚ ਖਰੀਦ ਕੀਤੀ ਫਸਲ ਦੀ ਨਾਲੋ-ਨਾਲ ਅਦਾਇਗੀ ਨੂੰ ਯਕੀਨੀ ਬਣਾਉਂਦਿਆਂ 5 ਅਕਤੂਬਰ ਤੱਕ 16 ਕਰੋੜ ਰੁਪਏ ਕਿਸਾਨਾਂ ਦੇ ਖਾਤਿਆਂ ਵਿੱਚ ਭੇਜੇ ਜਾ ਚੁੱਕੇ ਹਨ। 5 ਅਕਤੂਬਰ ਤੱਕ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਕੁੱਲ 20162 ਮੀਟ੍ਰਿਕ ਟਨ ਝੋਨੇ ਦੀ ਆਮਦ ਹੋਈ ਹੈ, ਜਿਸ ਵਿੱਚੋਂ ਵੱਖ-ਵੱਖ ਖਰੀਦ ਏਜੰਸੀਆਂ ਵੱਲੋਂ 17070 ਮੀਟ੍ਰਿਕ ਟਨ ਫਸਲ ਦੀ ਖਰੀਦ ਕੀਤੀ ਜਾ ਚੁੱਕੀ ਹੈ। ਪਨਗ੍ਰੇਨ ਵੱਲੋਂ 5674.31 ਮੀਟ੍ਰਿਕ ਟਨ, ਮਾਰਕਫੈੱਡ ਵੱਲੋਂ 3592.06 ਮੀਟ੍ਰਿਕ ਟਨ, ਪਨਸਪ ਵੱਲੋਂ 6215 ਮੀਟ੍ਰਿਕ ਟਨ, ਪੰਜਾਬ ਸਟੇਟ ਵੇਅਰਹਾਊਸ ਵੱਲੋਂ 1212 ਮੀਟ੍ਰਿਕ ਟਨ ਅਤੇ ਪ੍ਰਾਈਵੇਟ ਵਪਾਰੀਆਂ ਵੱਲੋਂ 376.84 ਮੀਟ੍ਰਿਕ ਟਨ ਝੋਨੇ ਦੀ ਫਸਲ ਦੀ ਖਰੀਦ ਕੀਤੀ ਜਾ ਚੁੱਕੀ ਹੈ। ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਝੋਨੇ ਦੀ ਖਰੀਦ ਸੁਚਾਰੂ ਢੰਗ ਨਾਲ ਚੱਲ ਰਹੀ ਹੈ ਅਤੇ ਸਮੁੱਚੀ ਪ੍ਰਕਿਰਿਆ ਨੂੰ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਨ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਾਰੇ ਲੋੜੀਂਦੇ ਪ੍ਰਬੰਧ ਯਕੀਨੀ ਬਣਾਏ ਗਏ ਹਨ ਤਾਂ ਜੋ ਮੰਡੀਆਂ ਵਿੱਚ ਆਪਣੀ ਜਿਣਸ ਲੈ ਕੇ ਆਉਣ ਵਾਲੇ ਕਿਸਾਨਾਂ ਨੂੰ ਕਿਸੇ ਕਿਸਮ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ। ਮੰਡੀਆਂ ਵਿੱਚ ਵਿਕਰੀ ਲਈ ਆਪਣੀ ਫਸਲ ਲੈ ਕੇ ਆਉਣ ਵਾਲੇ ਕਿਸਾਨਾਂ ਵੱਲੋਂ ਵੀ ਖਰੀਦ ਪ੍ਰਬੰਧਾਂ 'ਤੇ ਤਸੱਲੀ ਦਾ ਪ੍ਰਗਟਾਵਾ ਕੀਤਾ ਜਾ ਰਿਹਾ ਹੈ।

## ਸੇਲ ਨੇ ਪਹਿਲੀ ਛਿਮਾਹੀ 'ਚ ਰੂਸ ਤੋਂ ਮੰਗਵਾਇਆ 6 ਲੱਖ ਟਨ ਕੋਕਿੰਗ ਕੋਲਾ : ਚੇਅਰਮੈਨ

ਨਵੀਂ ਦਿੱਲੀ 29 ਮਾਰਚ। ਜਨਤਕ ਖੇਤਰ ਦੀ ਸਟੀਲ ਕੰਪਨੀ ਸੇਲ ਨੇ ਮੌਜੂਦਾ ਵਿੱਤੀ ਸਾਲ ਦੀ ਪਹਿਲੀ ਛਿਮਾਹੀ ਵਿੱਚ 8 ਖੇਪਾਂ ਵਿੱਚ ਰੂਸ ਤੋਂ ਲਗਭਗ 6 ਲੱਖ ਟਨ ਕੋਕਿੰਗ ਕੋਲਾ ਦਰਾਮਦ ਕੀਤਾ ਹੈ। ਸੇਲ ਦੇ ਚੇਅਰਮੈਨ ਅਮਰੇਂਦੂ ਪ੍ਰਕਾਸ ਨੇ ਇਹ ਜਾਣਕਾਰੀ ਦਿੱਤੀ ਹੈ। ਸਟੀਲ ਬਜਾਰ 'ਤੇ ਗੱਲ ਕਰਦੇ ਹੋਏ ਸਟੀਲ ਅਥਾਰਟੀ ਆਫ ਇੰਡੀਆ ਲਿਮਟਿਡ (ਸੇਲ) ਦੇ ਮੁਖੀ ਨੇ ਕਿਹਾ ਕਿ ਅਪ੍ਰੈਲ-ਸਤੰਬਰ ਦੀ ਮਿਆਦ 'ਚ ਅੱਠ ਖੇਪਾਂ 'ਚ ਰੂਸ ਤੋਂ ਕੋਕਿੰਗ ਕੋਲੇ ਦੀ ਮੰਗ ਕੀਤੀ ਗਈ ਸੀ, ਜਿਸ ਦੀ ਹਰੇਕ ਖੇਪ 75,000 ਟਨ ਸੀ। ਪ੍ਰਕਾਸ ਨੇ ਕਿਹਾ ਕਿ, "ਅਸੀਂ ਵਿੱਤੀ ਸਾਲ ਦੀ ਪਹਿਲੀ ਤਿਮਾਹੀ ਵਿੱਚ 75,000 ਟਨ ਕੋਕਿੰਗ ਕੋਲੇ ਦੀਆਂ ਚਾਰ ਖੇਪਾਂ ਮੰਗਵਾਈਆਂ ਸਨ। ਜੁਲਾਈ-ਸਤੰਬਰ ਤਿਮਾਹੀ ਵਿੱਚ ਵੀ ਇਹੀ ਅੰਕੜਾ ਬਰਕਰਾਰ ਰਿਹਾ।" ਇਸ ਤਰ੍ਹਾਂ ਮੌਜੂਦਾ ਵਿੱਤੀ ਸਾਲ ਦੀਆਂ ਪਹਿਲੀਆਂ ਦੋ ਤਿਮਾਹੀਆਂ ਵਿੱਚ ਕੁੱਲ ਅੱਠ ਖੇਪਾਂ ਵਿੱਚ ਰੂਸ ਤੋਂ ਕਰੀਬ ਛੇ ਲੱਖ ਟਨ ਕੋਕਿੰਗ ਕੋਲਾ



ਖਰੀਦਿਆ ਗਿਆ ਹੈ। ਕੋਕਿੰਗ ਕੋਲਾ ਸਟੀਲ ਨਿਰਮਾਣ ਵਿੱਚ ਕੱਚੇ ਮਾਲ ਵਜੋਂ ਵਰਤਿਆ ਜਾਂਦਾ ਹੈ। ਨਿਰਮਾਤਾਵਾਂ ਨੂੰ ਆਪਣੀਆਂ ਲੋੜਾਂ ਦਾ 90 ਫੀਸਦੀ ਦਰਾਮਦ ਰਾਹੀਂ ਪੂਰਾ ਕਰਨਾ ਪੈਂਦਾ ਹੈ। ਉਨ੍ਹਾਂ ਕਿਹਾ ਕਿ ਸੇਲ ਨੂੰ ਕੋਕਿੰਗ ਕੋਲੇ ਦੀ ਸਪਲਾਈ ਵਧਾਉਣ ਲਈ ਮੋਜ਼ਾਮਬੀਕ ਸਥਿਤ ਆਈਸੀਵੀਐੱਲ ਦੀ ਉਤਪਾਦਨ ਸਮਰੱਥਾ ਨੂੰ ਦੁੱਗਣਾ ਕਰਨ ਦੀ ਯੋਜਨਾ ਹੈ। ਇਸਦੀ ਮੌਜੂਦਾ ਉਤਪਾਦਨ ਸਮਰੱਥਾ 20 ਲੱਖ ਟਨ ਪ੍ਰਤੀ ਸਾਲ ਹੈ। ਇੰਟਰਨੈਸਨਲ ਕੋਲਾ ਵੈਂਚਰਜ ਪ੍ਰਾਈਵੇਟ ਲਿਮਿਟੇਡ () ਕੋਲਾ ਖਾਣਾਂ ਅਤੇ ਵਿਦੇਸੀ ਸੰਪਤੀਆਂ ਦੀ ਪ੍ਰਾਪਤੀ ਲਈ ਬਣਾਈ ਗਈ ਇੱਕ ਵਿਸੇਸ ਉਦੇਸ ਵਾਹਨ ਹੈ। ਇਸ ਦੇ ਭਾਈਵਾਲ , , , ਕੋਲ ਇੰਡੀਆ ਅਤੇ ਹਨ।

# ਗਿਰਾਵਟ ਦੇ ਬਾਵਜੂਦ 17 ਦੇਸ਼ਾਂ ਦੀਆਂ ਮੁਦਰਾਵਾਂ ਦੇ ਮੁਕਾਬਲੇ ਰੁਪਏ ਦਾ ਪ੍ਰਦਰਸ਼ਨ ਸਭ ਤੋਂ ਬਿਹਤਰ

ਨਵੀਂ ਦਿੱਲੀ 29 ਮਾਰਚ। ਡਾਲਰ ਦੇ ਮੁਕਾਬਲੇ ਲਗਾਤਾਰ ਗਿਰਾਵਟ ਦੇ ਬਾਵਜੂਦ ਰੁਪਏ ਨੇ



17 ਦੇਸਾਂ ਦੀਆਂ ਮੁਦਰਾਵਾਂ ਦੇ ਮੁਕਾਬਲੇ ਬਿਹਤਰ ਪ੍ਰਦਰਸਨ ਕੀਤਾ ਹੈ। ਬੈਂਕ ਆਫ ਬੜੌਦਾ ਦੇ ਮੁਤਾਬਕ ਸਤੰਬਰ 'ਚ 17 ਦੇਸਾਂ ਦੇ ਮੁਕਾਬਲੇ ਰੁਪਏ 'ਚ 0.62 ਫੀਸਦੀ ਦੀ ਸਭ ਤੋਂ ਘੱਟ ਗਿਰਾਵਟ ਆਈ ਹੈ। ਮੈਕਸੀਕੋ ਦੀ ਮੁਦਰਾ ਵਿੱਚ ਸਭ ਤੋਂ ਵੱਧ 4.80 ਪ੍ਰਤੀਸਤ ਦੀ ਗਿਰਾਵਟ ਆਈ। ਰਿਪੋਰਟ ਮੁਤਾਬਕ ਤਾਈਵਾਨੀ ਕਰੰਸੀ ਡਾਲਰ ਦੇ ਮੁਕਾਬਲੇ 1.21 ਫੀਸਦੀ ਕਮਜੋਰ ਹੋਈ ਹੈ। ਮਲੇਸੀਆ ਦੀ ਕਰੰਸੀ 1.46 ਫੀਸਦੀ ਡਿੱਗ ਗਈ। ਸਿੰਗਾਪੁਰ ਡਾਲਰ 1.52 ਫੀਸਦੀ ਅਤੇ ਆਸਟ੍ਰੇਲੀਆ ਦੀ ਮੁਦਰਾ 'ਚ 1.74 ਫੀਸਦੀ ਅਤੇ ਦੱਖਣੀ ਅਫਰੀਕੀ ਮੁਦਰਾ 1.78 ਫੀਸਦੀ ਡਿੱਗ ਗਈ। ਬ੍ਰਾਜੀਲੀਅਨ ਰੀਅਲ 2.15% ਟੁੱਟਿਆ ਜਦੋਂ ਕਿ ਇੰਡੋਨੇਸੀਆਈ ਮੁਦਰਾ ਵਿੱਚ 2.18% ਦੀ ਗਿਰਾਵਟ ਆਈ। ਤੁਰਕੀ ਲਿਰਾ 'ਚ 2.29 ਫੀਸਦੀ ਅਤੇ ਕੋਰੀਆਈ ਕਰੰਸੀ 'ਚ 2.39 ਫੀਸਦੀ ਦੀ ਗਿਰਾਵਟ ਸਤੰਬਰ 'ਚ ਦਰਜ ਕੀਤੀ ਗਈ ਹੈ। ਹਾਲਾਂਕਿ, ਵੱਡੇ ਦੇਸਾਂ ਵਿੱਚ, ਸਿਰਫ ਹਾਂਗਕਾਂਗ ਦੀ ਮੁਦਰਾ ਵਿੱਚ 0.10 ਪ੍ਰਤੀਸਤ ਦੀ ਮਜਬੂਤੀ ਆਈ ਹੈ। ਰੁਪਏ 'ਚ ਗਿਰਾਵਟ ਮੂਲ ਰੂਪ 'ਚ ਡਾਲਰ ਦੀ ਮਜਬੂਤੀ ਅਤੇ ਕੱਚੇ ਤੇਲ ਦੀਆਂ ਕੀਮਤਾਂ 'ਚ ਵਾਧੇ ਕਾਰਨ ਹੈ। ਇਹ ਅਜੇ ਹੋਰ ਸਮਾਂ ਵੀ ਜਾਰੀ ਰਹਿ ਸਕਦਾ ਹੈ, ਕਿਉਂਕਿ ਕੱਚਾ ਤੇਲ ਇਸ ਵੇਲੇ 95 ਡਾਲਰ ਪ੍ਰਤੀ ਬੈਰਲ ਨੂੰ ਪਾਰ ਕਰ ਚੁੱਕਾ ਹੈ ਅਤੇ ਲਗਾਤਾਰ ਵਧ ਰਿਹਾ ਹੈ। ਇਸ ਦਾ ਅਸਰ ਇਹ ਹੋਵੇਗਾ ਕਿ ਵਿਦੇਸ 'ਚ ਪੜ੍ਹਾਈ ਜਾਂ ਖਰਚ ਕਰਨਾ ਮਹਿੰਗਾ ਹੋ ਜਾਵੇਗਾ। ਦਰਾਮਦ ਕੀਤੀਆਂ ਵਸਤਾਂ ਮਹਿੰਗੀਆਂ ਹੋਣਗੀਆਂ ਅਤੇ ਨਿਰਯਾਤ ਕੀਤੀਆਂ ਵਸਤੂਆਂ ਲਈ ਉੱਚੀਆਂ ਕੀਮਤਾਂ ਮਿਲਣਗੀਆਂ।

## ਪੰਜਾਬ ਸਰਕਾਰ ਨੇ 2019 ਮਾਸਟਰ ਕੇਡਰ ਦੀ ਸੀਨੀਆਰਤਾ ਸੂਚੀ ਨਹੀਂ ਕੀਤੀ ਜਾਰੀ

ਚੰਡੀਗੜ੍ਹ 29 ਮਾਰਚ। ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਫਰਵਰੀ ਮਹੀਨੇ ਵਿਚ ਪੰਜਾਬ ਸਰਕਾਰ ਵਲੋਂ 19 ਜੂਨ 2019 ਨੂੰ ਜਾਰੀ ਕੀਤੀ ਮਾਸਟਰ ਕੇਡਰ ਸੀਨੀਆਰਤਾ ਸੂਚੀ 'ਤੇ ਸਵਾਲ ਉਠਾਉਂਦੇ ਹੋਏ ਸਰਕਾਰ ਨੂੰ ਮਾਸਟਰ ਕੇਡਰ ਦੀ ਨਵੀਂ ਸੀਨੀਆਰਤਾ ਸੂਚੀ ਬਣਾਉਣ ਦੇ ਹੁਕਮ ਦਿੱਤੇ ਸਨ। ਸਰਕਾਰ ਵਲੋਂ ਹਾਈਕੋਰਟ ਦੇ ਹੁਕਮਾਂ ਦੀ ਅਣਦੇਖੀ ਕੀਤੀ ਗਈ, ਜਿਸ ਕਾਰਨ ਪੰਜਾਬ ਸਿੱਖਿਆ ਵਿਭਾਗ ਵਿਚ ਕੰਮ ਕਰਦੇ ਮਾਸਟਰਾਂ ਨੇ ਇਕ ਵਾਰ ਫਿਰ ਹਾਈਕੋਰਟ ਵਿਚ ਪਹੁੰਚ ਕਰ ਕੇ ਉਲੰਘਣਾ ਪਟੀਸਨ ਦਾਇਰ ਕੀਤੀ, ਜਿਸ ਨੂੰ ਅਦਾਲਤ ਨੇ ਪ੍ਰਵਾਨ ਕਰਦੇ ਹੋਏ ਸਰਕਾਰ ਅਤੇ ਸਬੰਧਤ ਪ੍ਰਤੀਵਾਦੀਆਂ ਨੂੰ ਨੋਟਿਸ ਜਾਰੀ ਕਰ ਕੇ ਜਵਾਬ ਮੰਗਿਆ ਸੀ। ਸੁੱਕਰਵਾਰ ਸਮਾਂ ਮੰਗਿਆ, ਜਿਸ 'ਤੇ ਅਦਾਲਤ ਨੇ ਮਾਮਲੇ ਦੀ ਸੁਣਵਾਈ 15 ਫਰਵਰੀ ਤਕ ਮੁਲਤਵੀ ਕਰ ਦਿੱਤੀ ਹੈ। ਹਾਈਕੋਰਟ ਨੂੰ ਦੱਸਿਆ ਗਿਆ ਕਿ ਫਰਵਰੀ ਮਹੀਨੇ ਹਾਈਕੋਰਟ ਨੇ ਨਵੀਂ ਸੀਨੀਆਰਤਾ ਸੂਚੀ ਲਈ 6 ਮਹੀਨੇ ਦੀ ਸਮਾਂ ਹੱਦ ਤੈਅ ਕੀਤੀ ਸੀ। ਇਹ ਫੈਸਲਾ ਅਹਿਮ ਹੈ ਕਿਉਂਕਿ ਸੀਨੀਆਰਤਾ ਸੂਚੀ 50,000 ਤੋਂ ਵੱਧ ਮਾਸਟਰਾਂ ਦੀ ਹੈ।

## 30 ਲੱਖ ਖਰਚ ਕੈਨੇਡਾ ਭੇਜੀ ਨੂੰਹ ਨੇ ਤੋੜ ਦਿੱਤੀਆਂ ਆਸਾਂ, ਨਹੀਂ ਪਤਾ ਸੀ ਹੋਵੇਗਾ ਇਹ ਕੁੱਝ

ਮੋਗਾ/ਕੈਨੇਡਾ 29 ਮਾਰਚ। ਮੋਗਾ ਜ਼ਿਲ੍ਹੇ ਦੇ ਪਿੰਡ ਮਹੇਸ਼ਰੀ ਨਿਵਾਸੀ ਹਰਪਾਲ ਸਿੰਘ ਦੇ ਬੇਟੇ ਨੂੰ ਵਿਆਹ ਕਰਵਾ ਕੇ ਕੈਨੇਡਾ ਲੈ ਕੇ ਜਾਣ ਦਾ ਝਾਂਸਾ ਦੇ ਕੇ ਉਸਦੀ ਪਤਨੀ ਅਤੇ ਸਹੁਰੇ ਪਰਿਵਾਰ ਵੱਲੋਂ 30 ਲੱਖ ਰੁਪਏ ਹੜੱਪਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਸਬੰਧ ਵਿਚ ਜਾਂਚ ਤੋਂ ਬਾਅਦ ਥਾਣਾ ਸਦਰ ਮੋਗਾ ਵਿਚ ਹਰਪਾਲ ਸਿੰਘ ਨਿਵਾਸੀ ਪਿੰਡ ਮਹੇਸ਼ਰੀ ਦੀ ਸ਼ਿਕਾਇਤ 'ਤੇ ਭੁਪਿੰਦਰ ਸਿੰਘ, ਉਸਦੀ ਪਤਨੀ ਸ਼ਿੰਦਰਪਾਲ ਕੌਰ, ਦਲਜੀਤ ਕੌਰ ਸਾਰੇ ਨਿਵਾਸੀ ਨਾਨਕ ਨਗਰੀ ਮੋਗਾ ਅਤੇ ਉਸ ਦੀ ਨੂੰਹ ਹਰਜਿੰਦਰ ਕੌਰ ਹਾਲ ਆਬਾਦ ਕੈਨੇਡਾ ਖਿ਼ਲਾਫ



ਧੋਖਾਦੇਹੀ ਅਤੇ ਹੋਰਨਾਂ ਧਾਰਾਵਾਂ ਦੇ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਇਸ ਮਾਮਲੇ ਦੀ ਜਾਂਚ ਸਹਾਇਕ ਥਾਣੇਦਾਰ ਜਸਵਿੰਦਰ ਸਿੰਘ ਵੱਲੋਂ ਕੀਤੀ ਜਾ ਰਹੀ ਹੈ। ਜ਼ਿਲ੍ਹਾ ਪੁਲਸ ਮੁਖੀ ਮੋਗਾ ਨੂੰ ਦਿੱਤੇ ਸ਼ਿਕਾਇਤ ਪੱਤਰ ਵਿਚ ਹਰਪਾਲ ਸਿੰਘ ਨੇ ਕਿਹਾ ਕਿ ਉਸ ਦੇ ਬੇਟੇ ਪਰਮਜੀਤ ਸਿੰਘ ਦਾ ਵਿਆਹ ਹਰਜਿੰਦਰ ਕੌਰ ਨਾਲ ਹੋਇਆ ਸੀ ਅਤੇ ਉਨ੍ਹਾਂ ਉਸ ਦੀ ਪੜ੍ਹਾਈ ਦਾ ਸਾਰਾ ਖਰਚਾ ਆਪ ਕਰਕੇ ਦੋਵਾਂ ਨੂੰ ਵਿਦੇਸ਼ ਕੈਨੇਡਾ ਭੇਜ ਦਿੱਤਾ ਸੀ, ਕੈਨੇਡਾ ਜਾ ਕੇ ਉਸਦੀ ਨੂੰਹ ਹਰਜਿੰਦਰ ਕੌਰ ਨੇ ਅਪਣੇ ਪਰਿਵਾਰ ਨਾਲ ਕਥਿਤ ਮਿਲੀਭੁਗਤ ਕਰਕੇ ਉਸ ਦੇ ਬੇਟੇ ਪਰਮਜੀਤ ਸਿੰਘ ਨੂੰ ਛੱਡ ਦਿੱਤਾ ਅਤੇ ਕਰੀਬ 30 ਲੱਖ ਰੁਪਏ ਦੀ ਠੱਗੀ ਕੀਤੀ ਗਈ ਹੈ। ਜ਼ਿਲ੍ਹਾ ਪੁਲਸ ਮੁਖੀ ਮੋਗਾ ਦੇ ਹੁਕਮਾਂ 'ਤੇ ਇਸ ਦੀ ਜਾਂਚ ਐੱਸ. ਪੀ. ਪੀ. ਬੀ. ਆਈ. ਮੋਗਾ ਵੱਲੋਂ ਕੀਤੀ ਗਈ ਅਤੇ ਕਾਨੂੰਨੀ ਰਾਇ ਹਾਸਲ ਕਰਨ ਤੋਂ ਬਾਅਦ ਕਥਿਤ ਦੋਸ਼ੀਆਂ ਖ਼ਿਲਾਫ ਉਕਤ ਮਾਮਲਾ ਦਰਜ ਕੀਤਾ ਗਿਆ ਹੈ। ਜਿਨ੍ਹਾਂ ਦੀ ਗ੍ਰਿਫਤਾਰੀ ਅਜੇ ਬਾਕੀ ਹੈ।


**NAME CHANGE**

I Jaswinder Kaur Sethi w/o Balbir Singh Sethi r/o J - 171, Rajouri Garden , New Delhi - 27 have changed my name to Jaswinder Kaur for all purposes.

**PUBLIC NOTICE**

I hitherto known as DHANANJAY S/o R P CHAND KAUSHIK, residing at 594/48, Sanjay Gandhi Memorial Nagar, Vill. Badkhal, Block-A, Faridabad NIT, Faridabad, Haryana-121001, have changed my name and shall hereafter be known as DHANANJAY KAUSHIK.

**PUBLIC NOTICE**

It is hereby, informed to the General Public that, I TULSI RAM AGGARWAL, S/o LATE GULKANDI RAM, R/o III/5/15, GOPI NATH BAZAR, DELHI CANTT-110010, have lost the Original Provisional Allotment Letter No. 44761/383009/BS205D1502 dated 30/05/2013/ Original Payment Receipt No.24352013/ Doc No: 2300012685 dated 11/05/2013 issued by Jaiprakash Associates Limited in respect of Unit bearing No. BS205D1502 in JAYPEE GREENS SPORTS CITY EAST project, situated at Jaypee Greens, Sports City, Gautam Budh Nagar, Buddh Circuit Studios-II on dated 08/05/2013. Any one finding the said documents is requested to kindly return the same to me or to the Company.

**PUBLIC NOTICE**

General Public is hereby informed that my clients Mr. Shivlal Sharma and his wife Mrs. Pooja Sharma , R/o E/1 -319 Madangir , Dr Ambedkar Nagar, New Delhi 110062, C/R Qtr. 53A sector 4 Pushp Vihar New Delhi 110017. also at have severed all their relations with their son Rahul sharma @ Happy due to his bad behaviour towards his family . Both of my above named Clients have also disowned and debarred their said son from all their movable and immovable properties. Anybody dealing with Rahul Sharma @ Happy will do so at their own risk and responsibilities and both of my Clients will not be responsible for any act, deed or dealing done by Rahul Sharma @ Happy.

**KESHAV BHARDWAJ**
(ADVOCATE AND LEGAL CONSULTANT)
Ch. No.342 (E) Lawyers Block
Saket District Courts
New Delhi-110017

**NAME CHANGE**

I, hitherto known as ASHOK KAIN S/o KUMAR PAL KAIN R/o 16/468, H Bapa Nagar, Hardhyan Singh Road, Karol Bagh, New Delhi-110005 have changed my name and shall hereafter be known as ASHOK KUMAR KAIN.

**PUBLIC NOTICE**

It is for general information that I, GEETA BALI W/o Late OM PRAKASH, R/o 777, Mukherjee Nagar, North West Delhi, Delhi - 110009, declare that name of mine has been wrongly written as GITA BALI in my PPO No. 9811. The actual name of mine is GEETA BALI respectively, which may be amended accordingly.

**PUBLIC NOTICE**

It is for general information that I, SURENDRA KUMAR S/o CHANDRA JEET R/o C-10, Gali No. 1/5A, Bhajanpura, Garhi Mendu, North East Delhi, Delhi-110053, declare that name of my minor daughter has been wrongly written as JANHAVI in my minor daughter's namely JAHNAVI PRAKHYAT aged 15 years, in her School Records. The actual name of my minor daughter is JAHNAVI PRAKHYAT.

**NAME CHANGE**

I, SUSHMA wife of No-15716068K Rank-NK Name-DHARMENDRA YADAV R/o VILL-BASAI, PO+TEH-BERASIA, DIST-BHOPAL, MADHYA PRADESH-463106 have changed my name from SUSHMA to SUSHAMA KUMARI for all future purposes vide Affidavit Dated 09/10/2023 before Notary Public, Delhi.

**PUBLIC NOTICE**

It is for general information that I, MEHROO NISHA W/o SIRAJUDDIN residing at A-295, GP - Block , Jhuggi , Pitampura , Delhi 110034 declare that the name of mine has been wrongly written as MEHROOM in my Ration Card No.- 077002459424. The actual name of mine is MEHROO NISHA which may be amended accordingly.

**NAME CHANGE**

I, hitherto known as SHALINI JATAV D/O NATHU RAM R/O B-30, SECOND FLOOR, NEAR SAWAN PARK GURUDWARA, ASHOK VIHAR PHASE-3, ASHOK VIHAR, NORTH WEST DELHI, DELHI-110052 have changed my name and shall hereafter be known as SHALINI SINGH.

**NOTICE**

Public at large is hereby informed that my client M/s Aircon Engineers Private Ltd are the owner of Industrial Property bearing No. 306, admeasuring 385 sq. yds., Block-B, Okhla Industrial area, Phase-I, New Delhi-110020 vide registered Sale Deed dated 18/03/2023 executed by Smt. Gurbachan Kaur W/o Late Sh. S. Durlabh Singh in favour of M/s Aircon Engineers Private Ltd through its Director Sh. Kanwar Deep Singh as Doc No. 1690, Book no. I, Vol No. 16931, Pages No. 57-66, SR-V Delhi Initially, Perpetual Lease Deed dated 10/11/1997 executed by DDA in favour of Sh. S. Durlabh Singh (Doc No. 10237, Book no. I, Vol No. 1300, Pages No. 109-113) in respect of Plot No. 306, who died leaving behind (1) Smt. Gurbachan Kaur & (2) Sh. Kanwaljit Singh. Further, Relinquishment Deed executed by Sh. Kanwaljit Singh in favour of Smt. Gurbachan Kaur who executed Regd. GPA dated 30/04/2015 in favour of M/s Aircon Engineers Private Ltd through its Director Sh. Arvind Singh (Doc No. 764), Thereafter, Conveyance Deed dated 02/03/2023 executed by DDA in favour of Smt. Gurbachan Kaur W/o Late Sh. S. Durlabh Singh (Doc No. 2533) Finally, registered Sale Deed dated 18/03/2023 executed in favour of my client who now intends to mortgage the said immovable property for bonafide requirements to HDFC BANK LTD. Whosoever is having any objection to the said mortgage or anyone has claim or right or interest in the property shall contact the undersigned with the objection within 07 days failing which it shall be presumed that there stands no objections.

NEW DELHI
DATE: 9/10/2023

**PRAGYA BHUSHAN ADVOCATE**
Enrl. No. D/721/02
Office: L-27,GF, Kailash Colony, New Delhi-48
Mob.: 9968006418

**NAME CHANGE**

I, GANGA VISHAN S/o PEMARAM R/o 28/51, PIRU VIHAR, DELHI CANTT-110010 have changed my minor son's name from YOGESH BISHNOI to YOGESH for all future purposes.

**NAME CHANGE**

I, hitherto known as RAKESH KUMAR alias RAKESH KUMAR SHARMA S/O SHYAM LAL R/O C-6A, ANOOP NAGAR, UTTAM NAGAR, WEST DELHI, DELHI-110059 have changed my name and shall hereafter be known as RAKESH KUMAR SHARMA.

**NAME CHANGE**

I, hitherto known as NARINDER GILL alias NARINDER SHARMA S/O LATE SHRI PREM NARAYAN SHARMA R/O 573/3, BANIA PARA, MEHRAULI, SOUTH DELHI, DELHI-110030 have changed my name and shall hereafter be known as NARINDER SHARMA.

**NAME CHANGE**

I, JAISWAL SIMRAN D/O ASHISH JAISWAL R/O T 21, SECOND FLOOR T BLOCK GREEN PARK EXTENSION DELHI-110016 have changed my name to SIMRAN JAISWAL for all future purpose.

**NAME CHANGE**

I, hitherto known as LEELA DEVI W/O PRABHU RAJ R/O RZD-2/168B, GROUND FLOOR, D-2 BLOCK, GALI NO-5, MAHAVIR ENCLAVE-1, SOUTH WEST DELHI NEW DELHI-110045 have changed my name and shall hereafter be known as PYARI DEVI.

**NAME CHANGE**

I Taneesha Khanna d/o Harish Khanna R/o 7/42, Subhash Nagar, New Delhi - 27 have changed my name to Taneesha for all purposes.

**NAME CHANGE**

I YOGESH KUMAR GAHLOTH S/O LATE OM PRAKASH R/O JD/18 D LOWER GROUND FLOOR GUPTA COLONY MALVIYA NAGAR NEW DELHI 110017 HAVE CHANGED MY MOTHER NAME IN MY SCHOOL DOCUMENTS AND MY 10TH AND 12TH CBSE DOCUMENTS AND CORRECT NAME OF MY MOTHER IN ALL DOCUMENTS IS REETA.

**NAME CHANGE**

I, No.-JC-340911X Rank-SUB Name-GHANENDRA VIR VIKRAM SINGH S/O SURENDRA SINGH R/o VILL-JER, PO-PRATHWIPUR, TEH-PRATHWIPUR DIST- NIWARI, MANDHYA PRADESH-472338, have change my minor daughter's name from SHRADDHA to SHRADDHA SINGH for all future purposes.

**NAME CHANGE**

I, JAI PRAKASH S/O BUDH RAM R/O G-003 GF,LIG DDA FLATS, AYUSH ENCLAVE MOLAR BAND, SARITA VIHAR SOUTH EAST DELHI NEW DELHI-110076,HAVE CHANGED MY NAME FROM JAI PRAKASH TO JAI PRAKASH NIRMAL FOR ALL FUTURE PURPOSE.

**NAME CHANGE**

I, JC-387936P RANK-SUB, NAME-JAY VIR SINGH S/O LATE SHRI CHANDRAPAL SINGH R/O VPO-MALAV, TEH-KHAIR, DIST-ALIGARH, U.P-202165 have changed my name from JAY VIR SINGH to JAYVIR SINGH for all future purposes vide Affidavit Dated 03/10/2023 before Notary Public, Delhi.

**NAME CHANGE**

I, DALJEET KAUR mother of NO-19003376X Rank-NK Name-AMANDEEP SINGH R/O VILL-KANSAPUR, PO-ALIPUR, TEH-BARARA, DISTT-AMBALA, HARYANA-133202 have changed my name from DALJEET KAUR to DALJIT KAUR for all future purposes vide Affidavit Dated 03/10/2023 before Notary Public, Delhi.

**NAME CHANGE**

I, JAGJEET SINGH father of No-19003571P Rank-L/HAV Name-HARPREET SINGH R/O VILL-SADIQ, FARIDKOT, PUNJAB-151212 have changed my name from JAGJEET SINGH to JAGJIT SINGH for all future purposes vide Affidavit Dated 03/10/2023 before Notary Public, Delhi.

**PUBLIC NOTICE**

Be it known that my client Satish Kumar Saini s/o Sh.Mahavir Singh r/o 38, Jangpura Road, Bhogal, N. Delhi-110014 has executed a Registered GPA and will in respect of property measuring 200 sq.yds,out of Killa no. 101, Situated in the layout plan ofnew friends colony, Singhu border, Village Kundli District Sonepat Haryana, in favour of Sh. Khushi Ram s/o Sh.lal Singh r/o, Kundli ,Singhu border, Sonepat, GPA registered as document No.21017 in Additional Book No.IV Volume no. 3181on pages 135 to 137 registered on dated 27/4/2000 in the office of S.R. Delhi and will registered as document No.21218 in Additional Book No.III, Volume No.1394 on Pages 166 duly registered on dated 27/4/2000 . my client wants to cancel/revoke the above mentioned GPA and will of above said Propertybecause of some unavoidable circumstances. If any person have any objection, claim etc. he/she/they shall contact to Advocate Sunil Kumar on Mob.No.9811807192 within 7 days otherwise the objection/claim shall be treated as null and void.

**SUNIL KUMAR ADVOCATE**
CH. NO. 1131,
ROHINI COURTS, DELHI

**NAME CHANGE**

I, hitherto known as LEELA DEVI W/O PRABHU RAJ R/O RZD-2/168B, GROUND FLOOR, D-2 BLOCK, GALI NO-5, MAHAVIR ENCLAVE-1, SOUTH WEST DELHI NEW DELHI-110045 have changed my name and shall hereafter be known as PYARI DEVI.

**NAME CHANGE**

I, RAHUL S/o NO-14446464A HAV(Gnr) GANGA VISHAN R/o VPO-ALAI, DIST & TEH-NAGAUR, RAJASTHAN-341001, have changed my name from RAHUL to RAHUL BISHNOI for all future purposes vide affidavit dated 30/09/2023 before Notary Public, Delhi.

**NAME CHANGE**

I, ABHISHEK KUMAR S/O ASHARPHI PRASAD GUPTA residing at 79-D, J AND K POCKET, DILSHAD GARDEN, JHILMIL, EAST DELHI, DELHI-110095 changed my name to ABHISHEK KUMAR GUPTA for all future purpose

**NAME CHANGE**

I, Mohmmad Farman S/O Mohmmad Yasin R/O House Number C-12/397, F/F, Yamuna Vihar, North East, Delhi-110053, have changed my name to Mohd Farman for all future purpose

**NAME CHANGE**

It is for general information that I, GOPESHWARI D/o SUSHIL KUMAR residing at A-345, Sanjay Camp, Chanakya Puri, New Delhi, Delhi – 110021 declare that the name of my Father has been wrongly written as SUSHIL in my 10th and 12th Class Educational Document. The actual name of my Father is SUSHIL KUMAR which may be amended accordingly.

**PUBLIC NOTICE**

I KAVITA D/O SH. BALRAJ R/O ROOM N-1, GALI NO.7, AADARSH NAGAR, NEAR RAM CHOWK, INDUSTRIAL COMPLEX DUNDAHERA, INDUSTRIAL COMPLEX DUNDAHERA, GURGAON, HARYANA, 122016, UNDERTAKE THAT I KAVITA WANT TO CHANGE MY NAME TO AARAV SINGH AND GENDER AS MALE. I KAVITA HENCEFORTH BE KNOWN AS AARAV SINGH S/O BALRAJ. THE ABOVE STATEMENT MADE BY ME IS TRUE AND CORRECT TO THE BEST OF MY KNOWLEDGE AND BELIEF. IF ANY LEGAL ISSUE ARISES IN THIS REGARD AT ANY STAGE, I WILL BE PERSONALLY RESPONSIBLE FOR THE SAME AND THE DEPARTMENT OF PUBLICATION WILL NOT BE LIABLE AS FOR ANY CONSEQUENCES ARISING THEREFROM.

# ਕਿੱਥੇ ਜਾਣ ਕੁੜੀਆਂ ਤੇ ਚਿੜੀਆਂ

ਪ੍ਰੋ. ਹਮਦਰਦਵੀਰ ਨੌਸ਼ਹਿਰਵੀ

ਅੱਜ ਦਾ ਹੋਕਾ ਖ਼ਬਰਦਾਰ! ਕੁੜੀਓ ਤੇ ਚਿੜੀਓ ਆਪਣਿਆਂ ਤੋਂ ਬਚੋ। ਘਰਾਂ ਦੇ ਅੰਦਰ, ਸਕੂਲ ਵਿਚ, ਗੁਆਂਢ ਵਿਚ ਮਾਨਵ-ਮਾਦਾ, ਮਾਸਖੋਰੇ ਸ਼ਿਕਾਰੀ ਨੀਝ ਲਾਈ ਬੈਠੇ ਹਨ। ਮਾਸੀ ਨੂੰ ਮਿਲਣ ਆਈ ਕੁੜੀ ਘਰ ਅੰਦਰ ਹੀ ਮਾਸੜ ਨੇ ਘੇਰ ਲਈ। ਧੀ ਦੀ ਸ਼ਾਦੀ ਪੱਕੀ ਕਰ ਦਿੱਤੀ ਹੈ। ਮਾਂ ਬਾਪ ਸ਼ਾਦੀ ਦੇ ਪ੍ਰਬੰਧ ਲਈ ਘਰੋਂ ਬਾਹਰ ਹਨ। ਜਾਣਦਾ ਪਛਾਣਦਾ ਗੁਆਂਢੀ ਮੁੰਡਾ ਕੰਧ ਟਪ ਕੇ ਘਰ ਵੜਦਾ ਹੈ। ਕੁੜੀ ਨੂੰ ਵਲ੍ਹੇਂਧਰ ਸੁੱਟਦਾ ਹੈ। ਕੁੜੀ ਆਈਲੈਟਸ ਦੀ ਪੜ੍ਹਾਈ ਕਰ ਰਹੀ ਹੈ। ਕੈਨੇਡਾ ਜਾਣ ਦਾ ਵਿਚਾਰ ਹੈ। ਕੁੜੀ ਜਮਾਤ ਲਾ ਕੇ ਅੱਡੇ ਵਿਚ ਖੜ੍ਹੀ, ਆਪਣੇ ਪਿੰਡ ਦੀ ਬੱਸ ਉਡੀਕ ਰਹੀ ਹੈ। ਉਸੇ ਪਿੰਡ ਦੇ ਦੋ ਮੁੰਡਿਆਂ ਨੇ, ਕਾਰ ਕੁੜੀ ਨੇੜੇ ਆ ਕੇ ਰੋਕ ਲਈ। ਪਿੰਡ ਦੇ ਮੁੰਡਿਆਂ ਨੂੰ ਕੁੜੀ ਪਛਾਣਦੀ ਹੈ। ਕਾਰ ਵਿਚ ਬੈਠ ਗਈ। ਪਿੰਡ ਜਾਣ ਦੀ ਥਾਂ ਕਾਰ, ਦੂਰ ਖੇਤਾਂ ਵਿਚ ਇਕ ਟਿਊਬਵੈੱਲ ਦੇ ਕੋਠੇ ਨੇੜੇ ਆ ਰੁਕੀ। ਤਿੰਨ ਹਵਸੀ ਮੁੰਡੇ ਹੋਰ ਬੁਲਾ ਲੈ ਗਏ। ਪਿੰਡ ਦੇ ਮੁੰਡਿਆਂ ਨੇ ਪਿੰਡ ਦੀ ਕੁੜੀ ਨਾਲ ਵਾਰੀ-ਵਾਰੀ ਬਦਫੈਲੀ ਕੀਤੀ।

## ਪਿੰਡ ਦੀ ਧੀ ਭੈਣ

ਕਦੀ ਸਮਾਂ ਸੀ ਪਿੰਡ ਦੀ ਧੀ ਭੈਣ ਇਕ ਘਰ ਦੀ ਨਹੀਂ ਸਾਰੇ ਪਿੰਡ ਦੀ ਧੀ ਭੈਣ ਹੁੰਦੀ ਸੀ। ਹੁਣ ਕੁੜੀ ਨੂੰ ਪਿੰਡ ਵਿੱਚੋਂ ਹੀ ਨਹੀਂ, ਗੁਆਂਢ ਵਿੱਚੋਂ ਹੀ ਨਹੀਂ, ਆਪਣੇ ਘਰ ਦੇ ਅੰਦਰੋਂ ਵੀ ਖ਼ਤਰਾ ਹੈ। ਭਾਰਤੀ ਰਾਸ਼ਟਰੀ ਅਪਰਾਧ ਬਿਊਰੋ ਅਨੁਸਾਰ 2015 ਦੀ ਰਿਪੋਰਟ ਵਿਚ ਅੰਕਿਤ ਹੈ ਕਿ ਇਸ ਸਾਲ ਕੁੜੀਆਂ ਨਾਲ 34,651 ਜਬਰ-ਜ਼ਨਾਹ ਦੇ ਕੇਸ ਸਾਹਮਣੇ ਆਏ। ਇਨ੍ਹਾਂ ਵਿੱਚੋਂ 330 97 ਪੀੜਤਾ ਦੇ ਜਾਣੂ ਤਾਂ ਆਪਣੇ ਸਨ। ਜੇ ਮਾਸੂਮ ਕੁੜੀ ਨੂੰ ਘਰ ਆਏ ਰਿਸ਼ਤੇਦਾਰ ਪਾਸੋਂ ਹੀ ਖ਼ਤਰਾ ਹੈ। ਕੁਝ ਅਤਿ ਨਹਿਸ਼ ਹਾਲਤਾਂ ਵਿਚ ਆਪਣੇ ਪਿਤਾ ਪਾਸੋਂ, ਆਪਣੇ ਚਾਚੇ ਪਾਸੋਂ ਹੀ ਕੁੜੀ ਨੂੰ ਆਪਣੀ ਇੱਜ਼ਤ ਦਾ ਖ਼ਤਰਾ ਹੈ ਤਾਂ ਦਸੋ, ਕੁੜੀ ਲਈ ਕਿਹੜੀ ਥਾਂ ਮਹਿਫੂਜ਼ ਹੋਈ! ਸਹਾਰਾਂ ਘਰਾਂ, ਧਰਮਸ਼ਾਲਾਵਾਂ, ਆਸ਼ਰਮਾਂ ਵਿਚ ਤਾਂ ਪਹਿਲਾਂ ਹੀ ਕਾਮੀ ਧਾੜਵੀ ਰਹਿੰਦੇ ਹਨ। ਬੁੱਲ੍ਹੇ ਸ਼ਾਹ ਠੀਕ ਹੀ ਕਹਿੰਦਾ ਹੈ :

ਧਰਮਸ਼ਾਲਾ ਧਾੜਵੀ ਵਾਸਦੇ
ਠਾਕਰ ਦੁਆਰੇ ਠੱਗ
ਵਿਚ ਮਸੀਤੀਂ ਵਸਣ ਕਸਾਈ
ਆਸ਼ਕ ਰਹਿਣ ਅਲੱਗ...

## ਨਾਹਰੇ

ਨੰਨ੍ਹੀ ਛਾਂ, ਬੇਟੀ ਬਚਾਓ, ਬੇਟੀ ਪੜ੍ਹਾਓ ਆਦਿ ਦੇ ਸਰਕਾਰੀ ਨਾਹਰਿਆਂ ਦੇ ਬਥੇਰੇ ਪਾਪੜ ਵੇਲੇ ਜਾਂਦੇ ਹਨ। ਬਹੁਤੇ ਦੇਵੀ ਮਾਤਾ ਦੇ ਪੁਜਾਰੀ, ਜੈ ਮਾਤਾ ਦੀ ਕਹਿਣ ਵਾਲੇ ਕਥਿਤ ਮਦਾਰੀ, ਵਿਹਲੜ ਸ਼ਰਾਬੀ-ਕਬਾਬੀ ਭੀੜ ਕੁੜੀਆਂ ਨੂੰ ਕਿੱਥੇ ਜੀਣ ਦਿੰਦੀ ਹੈ। ਘਰਾਂ, ਸਕੂਲਾਂ, ਬੱਸ ਅੱਡਿਆਂ, ਸੜਕਾਂ, ਬਜ਼ਾਰਾਂ ਵਿਚ ਕੁੜੀਆਂ-ਔਰਤਾਂ ਲਈ ਸੁਰੱਖਿਆ ਦਾ ਕੋਈ ਪ੍ਰਬੰਧ ਨਹੀਂ।

ਆਲ੍ਹਣਿਆਂ ਵਿੱਚੋਂ ਚਿੜੀਆਂ ਗਾਇਬ ਹਨ। ਘਰਾਂ ਅੰਦਰ ਕੁੜੀਆਂ ਦੁਬਕ ਕੇ ਬੈਠੀਆਂ ਹਨ। ਕੰਜਕਾਂ ਦੀ ਪੂਜਾ ਲਈ ਕੰਜਕਾਂ ਨਹੀਂ ਮਿਲਦੀਆਂ। ਕੋਈ ਦਿਨ ਐਸਾ ਨਹੀਂ ਲੰਘਦਾ ਜਦੋਂ ਦੋ ਤਿੰਨ ਕੁੜੀਆਂ ਨਾਲ ਜਬਰ-ਜ਼ਨਾਹ ਨਾ ਹੁੰਦਾ ਹੋਵੇ। ਸਾਨੂੰ ਇਸ ਤਰ੍ਹਾਂ ਲੱਗਦਾ ਹੈ ਕਿ ਅਸੀਂ ਬਲਾਤਕਾਰਾਂ, ਚੋਰਾਂ, ਠੱਗਾਂ, ਫਿਰਕੂਆਂ, ਮਦਾਰੀਆਂ, ਭ੍ਰਿਸ਼ਟ ਵਪਾਰੀਆਂ ਦੀ ਧਰਤੀ ਉੱਤੇ ਰਹਿ ਰਹੇ ਹੋਈਏ।

## ਧਰਮੀ ਬਾਬਲ

ਧਰਮੀ ਬਾਬਲ ਆਪਣੀਆਂ ਧੀਆਂ ਨੂੰ ਸਾਖਰ ਖੁੱਲ੍ਹੀ ਫਿਜ਼ਾ, ਮੁਕਤ ਹਵਾ ਤੇ ਅੰਬਰਾਂ ਤਕ ਉਡਾਰੀ ਭਰਨ ਲਈ ਬੇਖ਼ੌਫ ਮਾਹੌਲ ਦੇਣਾ ਚਾਹੁੰਦੇ ਹਨ। ਕਿਸੇ ਵੀ ਅਮਾਨਵੀਂ ਖ਼ਤਰੇ ਦਾ ਮੁਕਾਬਲਾ ਕਰਨ ਲਈ ਰਾਹ ਵਿਚ ਸੂਰਜ ਦੀਆਂ ਕਿਰਨਾਂ, ਅੱਖਾਂ ਵਿਚ ਬਲਦੀਆਂ ਮਸ਼ਾਲਾਂ, ਹੱਥਾਂ ਵਿਚ ਨਲੂਏ, ਬਘੇਰ ਅਤੇ ਬਚਿੱਤਰ ਦਾ ਹੌਸਲਾ ਤੇ ਆਵਾਜ਼ ਵਿਚ ਲਲਕਾਰ ਦੇਣਾ ਚਾਹੁੰਦੇ ਹਨ। ਚਿੜੀਆਂ ਨੂੰ ਸ਼ਿਕਰਿਆਂ ਦਾ ਮੁਕਾਬਲਾ ਕਰਨਾ ਹੀ ਪੈਣਾ।

ਚਿੜੀਆਂ ਬਾਬਲਾ, ਚਿੜੀਆਂ
ਵੇ ਚਿੜੀਆਂ
ਚਿੜੀਆਂ ਮੇਰੀ ਫੁਲਕਾਰੀ ਦੀਆਂ
ਪਿੜੀਆਂ ਵੇ, ਪਿੜੀਆਂ...



### ਕੁੜੀਆਂ ਦੀ ਗਿਣਤੀ

ਕੁੜੀਆਂ ਦੀ ਗਿਣਤੀ ਲਗਾਤਾਰ ਘੱਟ ਰਹੀ ਹੈ। ਮਾਂ ਦੇ ਪੇਟ ਵਿਚ ਆਈ ਕੰਨਿਆਂ ਪ੍ਰਾਹੁਣੀ, ਪੇਟ ਦੀ ਕਬਰ ਵਿਚ ਹੀ ਸਮਾ ਜਾਂਦੀ ਹੈ। ਜੇ ਪੇਟ ਤੋਂ ਬਾਹਰ ਆ ਹੀ ਜਾਂਦੀ ਹੈ ਤਾਂ ਮਾਦਾ ਭਰੂਣ ਗੰਦੇ ਨਾਲੇ ਵਿਚ ਜਾਂ ਪਾਤੜਾਂ ਦੀਆਂ ਅੰਨ੍ਹੀਆਂ ਖੂਹੀਆਂ ਵਿਚ ਸੁੱਟ ਦਿੱਤੀ ਜਾਂਦੀ ਹੈ। 2017 ਦੇ ਸਾਲ ਵਿਚ ਭਾਰਤ ਦੇ ਵੱਖ-ਵੱਖ ਹਸਪਤਾਲਾਂ ਵਿਚ ਹਜ਼ਾਰਾਂ ਬੱਚੇ (ਬਹੁਤੀਆਂ ਬੱਚੀਆਂ) ਜੀਵਨਦਾਨੀ ਆਕਸੀਜਨ ਨਾ ਮਿਲਣ ਕਰਕੇ ਮੌਤ ਦੇ ਮੂੰਹ ਜਾ ਪਏ ਹਨ। ਗੋਰਖਪੁਰ ਦੇ ਬੀਆਰਡੀ ਹਸਪਤਾਲ ਵਿਚ 60 ਨਵਜਾਤ ਬੱਚੇ ਮੌਤ ਦੇ ਮੂੰਹ ਜਾ ਪਏ। ਨਾਸਿਕ ਦੇ ਸਿਵਲ ਹਸਪਤਾਲ ਵਿਚ 55 ਬੱਚੇ, ਯੂਪੀ ਦੇ ਫਾਰੂਖਾਬਾਦ ਦੇ ਜ਼ਿਲ੍ਹਾ ਹਸਪਤਾਲ ਵਿਚ 49 ਬੱਚੇ ਅਤੇ ਝਾਰਖੰਡ ਜਮਸ਼ੈਦਪੁਰ ਦੇ ਹਸਪਤਾਲ ਵਿਚ 30 ਦਿਨ ਵਿਚ 64 ਨਵਜਾਤ ਬੱਚੇ ਮਾਰੇ ਗਏ। ਹਸਪਤਾਲਾਂ ਦਾ ਮਾਨਵਖੋਰ ਪ੍ਰਬੰਧ।

ਜਾ ਬਾਜ਼ਾਂ ਨਾਲ ਭਿੜੀਆਂ
ਭਿੜੀਆਂ ਵੇ, ਭਿੜੀਆਂ
ਬਾਬਲਾ ਚਿੜੀਆਂ ਵੇ
ਚਿੜੀਆਂ ...

## ਪੇਂਡੂ ਜੀਵਨ

ਕਦੀ ਚਿੜੀਆਂ ਸਾਡੇ ਪੇਂਡੂ ਜੀਵਨ ਦਾ ਹਿੱਸਾ ਹੁੰਦੀਆਂ ਸਨ। ਚਿੜੀ ਚੂਕਦੀ ਸੀ-ਪਹੁ ਫੁਟਦੀ ਸੀ। ਮਾਵਾਂ, ਦਾਦੀਆਂ ਬੱਚਿਆਂ ਲਈ ਤਵੇਂ ਉੱਤੇ ਆਟੇ ਦੀਆਂ ਚਿੜੀਆਂ ਬਣਾ ਕੇ, ਪਕਾ ਕੇ ਦਿੰਦੀਆਂ-ਲੈ ਪੁੱਤ, ਰੋ ਨਾ ਲੈ ਫੜ ਚਿੜੀ। ਚਿੜੀ ਫੜ ਕੇ ਬੱਚਾ ਬਹੁਤ ਖ਼ੁਸ਼ ਹੋ ਜਾਂਦਾ ਸੀ। ਕੱਚੇ ਘਰਾਂ ਦੀਆਂ ਛੱਤਾਂ ਸ਼ਤੀਰੀਆਂ ਬਾਲਿਆਂ ਦੀਆਂ ਹੁੰਦੀਆਂ ਸਨ। ਬਾਲਿਆਂ ਵਿਚ ਵਿਰਲਾਂ ਹੁੰਦੀਆਂ ਸਨ। ਚਿੜੀਆਂ ਇਨ੍ਹਾਂ ਵਿਰਲਾਂ ਵਿਚ ਆਲ੍ਹਣੇ ਬਣਾਉਂਦੀਆਂ ਸਨ। ਦਿਨ ਵਿਚ, ਘਰ ਵਿਚ ਕਈ-ਕਈ ਵਾਰ ਆਉਂਦੀਆਂ ਜਾਂਦੀਆਂ ਸਨ। ਚੀਂ-ਚੀਂ ਕਰਦੀਆਂ ਸਨ। ਗੀਤ ਗਾਉਂਦੀਆਂ ਸਨ। ਮਨ ਪਰਚਾਉਂਦੀਆਂ ਸਨ। ਬਾਹਰੋਂ ਹਰਿਆ ਘਾਹ ਪੱਤੇ ਲਿਆਉਂਦੀਆਂ ਸਨ। ਕੁਦਰਤ ਨਾਲ ਸਾਡੀ ਨੇੜਤਾ ਵਧਾਉਂਦੀਆਂ ਸਨ। ਖਿੜਕੀਆਂ, ਰੌਸ਼ਨਦਾਨਾਂ ਨੂੰ ਜਾਲੀਆਂ ਨਹੀਂ ਸਨ ਲੱਗੀਆ ਹੁੰਦੀਆਂ। ਉਦੋਂ ਪ੍ਰਦੂਸ਼ਣ ਵੀ ਘੱਟ, ਮੱਛਰ ਵੀ ਘੱਟ ਸੀ। ਚਿੜੀਆਂ ਚੱਕਰ ਮਾਰਦੀਆਂ ਰਹਿੰਦੀਆਂ ਸਨ। ਬਾਹਰ ਦੀ ਵਾਈ-ਸੋਈ ਦਿੰਦੀਆਂ ਰਹਿੰਦੀਆਂ ਸਨ।

## ਮਾਂ ਪੁੱਤ ਮੰਗਦੀ ਹੈ

ਮਾਂ ਪੁੱਤ ਮੰਗਦੀ ਹੈ ਤੇ ਦਾਦੀ ਪੋਤਾ। ਪੁੱਤ, ਪੋਤਾ ਹੀ ਵੱਡਾ ਹੋ ਕੇ ਆਪਣੇ ਮਾਂ ਜਾਂ ਦਾਦੀ ਨੂੰ ਘਰੋਂ ਬਾਹਰ ਕੱਢਦਾ ਹੈ। ਧੀ ਮਾਂ ਜਾਂ ਦਾਦੀ ਨੂੰ ਆਪਣੇ ਨਾਲ ਸਹੁਰਿਆਂ ਦੇ ਘਰ ਪਨਾਹ ਦਿੰਦੀ ਹੈ। ਭਾਰਤ ਦੇ ਕਰੀਬ ਸਾਰਿਆਂ ਹੀ ਪ੍ਰਾਂਤਾਂ ਵਿਚ 1000 ਪਿੱਛੇ ਕੁੜੀਆਂ ਦੀ ਜੰਮਣ ਦਰ ਮੁੰਡਿਆਂ ਨਾਲੋਂ ਕਾਫ਼ੀ ਘੱਟ ਹੈ। ਸਵਾਏ ਕੇਰਲਾ ਪ੍ਰਾਂਤ ਦੇ। ਕੇਰਲਾ ਵਿਚ 1000 ਮੁੰਡਿਆਂ ਦੇ ਪਿੱਛੇ ਕੁੜੀਆਂ ਦੀ ਦਰ 1084 ਹੈ। ਕੇਰਲਾ ਭਾਰਤ ਵਿਚ ਸਭ ਤੋਂ ਵੱਧ ਪੜ੍ਹਿਆ ਲਿਖਿਆ ਤੇ ਅਗਾਂਹਵਧੂ ਪ੍ਰਾਂਤ ਹੈ।



## ਆਦਮ ਦੇ ਜਾਏ

ਆਦਮ ਦੇ ਜਾਏ ਬਾਰ੍ਹਵੀਂ ਪਾਸ ਕਰ ਕੇ ਆਈਲੈਟਸ ਕਰਦੇ ਹਨ। ਏਜੰਟਾਂ ਰਾਹੀਂ ਵੀਜ਼ਾ ਖ਼ਰੀਦ ਕੇ, ਹੋ ਜਾਂਦੇ ਹਨ ਸਾਗਰੀ ਹਵਾਵਾਂ ਤੇ ਸਵਾਰ। ਪੜ੍ਹਾਈ ਦੇ ਬਹਾਨੇ ਉੱਡ ਜਾਂਦੇ ਕੈਨੇਡਾ, ਅਸਟਰੇਲੀਆ ਰੁਜ਼ਗਾਰ ਦੀ ਖ਼ਾਤਰ-ਪੇਟ ਖ਼ਾਤਰ। ਪਿੱਛੇ ਰਹਿ ਜਾਂਦਾ ਹੈ ਖਾਲੀ ਘਰ, ਨਿਰਾ ਪਿੰਜਰਾ, ਖੂੰਡੀ ਦੀ ਠਕ-ਠਕ। ਸੰਘ ਦੀ ਖਰ ਖਰ। ਬੁੱਢੇ ਮਾਂ ਪਿਓ ਦੇ ਝੋਰੇ। ਸਮੁੰਦਰੋਂ ਪਾਰ ਗਏ ਬੱਚਿਆਂ ਦੇ ਵਾਪਸ ਮੁੜਨ ਕਦੀ ਨਾ ਮੁਕਣ ਵਾਲੀ ਲੰਮੀ ਉਡੀਕ। ਯੁੱਗ ਬੀਤੇ-ਗਈ ਪਿਆਰ ਦੀ ਰੁੱਤ ਫੇਰ ਵਾਪਸ ਕਦੀ ਨਾ ਮੁੜਦੀ। ਸਾਰੀ ਸਾਰੀ ਰਾਤ, ਜਾਗਦੀ ਰਾਤ। ਸੁਪਨੇ ਕੋਈ ਰਾਹ ਨਾ ਦਿੰਦੇ।

## ਨਿੱਕੀਆਂ ਚਿੜੀਆਂ

ਮੇਰੇ ਘਰ ਦੇ ਨੇੜੇ ਇਕ ਨਿੱਕੀ ਜਿਹੀ ਪਾਰਕ ਬਚੀ ਹੈ। ਸਵੇਰੇ-ਸਵੇਰੇ ਇਕ ਕੋਇਲ ਦੀ ਆਉਂਦੀ ਹੈ, ਆਵਾਜ਼। ਵਿਹੜੇ ਵਿਚ ਖਿੜ ਜਾਂਦੀ ਹੈ ਬਹਾਰ। ਬਾਕੀ ਸਾਰਾ ਦਿਨ ਕਾਂ ਬੋਲਦੇ ਹਨ। ਕਾਂ ਕਾਂ ਕਰਦੇ ਹਨ। ਨਿੱਕੀਆਂ-ਨਿੱਕੀਆਂ ਚਿੜੀਆਂ, ਡਰਦੀਆਂ-ਡਰਦੀਆਂ ਸ਼ਾਮ ਨੂੰ ਆਉਂਦੀਆਂ ਹਨ। ਫੁੱਲਾਂ ਉੱਤੇ ਬੈਠਦੀਆਂ ਹਨ। ਰਾਤ ਲਈ ਭੋਜਨ ਲੱਭਦੀਆਂ ਹਨ ਪਰ ਹੁਣ ਇਹ ਚਿੜੀਆਂ ਨਹੀਂ ਆਉਂਦੀਆਂ। ਪਾਰਕ ਦੇ ਇਕ ਕੋਨੇ ਵਿਚ ਬਹੁਤਾ ਉੱਚਾ ਮੋਬਾਈਲ ਟਾਵਰ ਬਣਾ ਦਿੱਤਾ ਗਿਆ ਹੈ। ਦੂਰ ਤਕ ਘਾਤਕ ਤਿਰੰਗਾਂ ਦੀ ਮਾਰ। ਚਿੜੀਆਂ ਗਈਆਂ ਉਡਾਰੀ ਮਾਰ। ਪਾਰਕ ਵਿਚ ਵਿਦੇਸ਼ੀ ਰੁੱਖ ਲੱਗਾ ਦਿੱਤੇ ਗਏ ਹਨ। ਵਿਦੇਸ਼ੀ ਫੁੱਲ ਉੱਗਾ ਦਿੱਤੇ ਗਏ ਹਨ। ਚਿੜੀਆਂ ਦੇਸੀ ਹਨ। ਵਿਦੇਸ਼ੀ ਰੁੱਖਾਂ ਉੱਤੇ ਆਲ੍ਹਣੇ ਨਹੀਂ ਬਣਾ ਸਕਦੀਆਂ। ਵਿਦੇਸ਼ੀ ਫੁੱਲਾਂ ਵਿੱਚੋਂ ਦੇਸੀ ਚੋਗਾ ਨਹੀਂ ਲੱਭ ਸਕਦੀਆਂ, ਸਾਡੀਆਂ ਚਿੜੀਆਂ। ਜਦੋਂ ਰੁੱਤ, ਹਵਾ ਵਿਚ ਨਮੀ ਵੀ ਆਉਂਦੀ ਹੈ। ਉਦੋਂ ਰੁੱਤ ਤਿਉਹਾਰਾਂ ਦੀ ਹੁੰਦੀ ਹੈ। ਸੋਹਲ ਚਿੜੀਆਂ ਵਿਚਾਰੀਆਂ ਕਿਧਰ ਜਾਣ। ਕੁੜੀਆਂ ਬਿਨਾਂ ਵਿਹੜਾ ਸ਼ਮਸ਼ਾਨ ਹੈ, ਵੀਰਾਨ ਹੈ। ਚਿੜੀਆਂ ਬਿਨਾਂ ਆਸਮਾਨ ਸੱਖਣਾ ਹੈ, ਗੁੰਗਾ ਹੈ। ਕਾਇਨਾਤ ਰੁਸੀ ਹੈ, ਨਰਾਜ਼ ਹੈ। ਆਓ, ਕੁੜੀਆਂ ਤੇ ਚਿੜੀਆਂ ਨੂੰ ਸੁਰੱਖਿਅਤ ਜੀਵਨ ਦੇਣ ਲਈ ਮਹੌਲ ਪੈਦਾ ਕਰੀਏ। ਇਹ ਸਾਡਾ ਫ਼ਰਜ਼ ਹੀ ਨਹੀਂ ਨੈਤਿਕ ਜ਼ਿੰਮੇਵਾਰੀ ਵੀ ਹੈ। •

94638-08697

---

ਸਿੱਖਿਆ ਤੰਤਰ 'ਚ ਸਖ਼ਤ ਸੁਧਾਰ ਦੀ ਲੋੜ ਹੈ ਪਰ ਸਮੇਂ ਦੀਆਂ ਸਰਕਾਰਾਂ ਆਪਣੇ ਸਵਾਰਥ ਵਿਚ ਮਸਰੂਫ ਹਨ ਸੋ ਮਾਪਿਆਂ ਨੂੰ ਬੱਚਿਆਂ ਦੇ ਚੰਗੇ ਭਵਿੱਖ ਲਈ ਅੱਗੇ ਆਉਣਾ ਪਵੇਗਾ...



# ਬਸਤੇ ਦੇ ਭਾਰ ਹੇਠ ਦੱਬਿਆ ਬਚਪਨ

ਡਾ. ਨਿਸ਼ਾਨ ਸਿੰਘ

ਸਿੱਖਿਆ ਨੂੰ ਮਨੁੱਖੀ ਜੀਵਨ ਵਿਚ ਸਭ ਤੋਂ ਵੱਧ ਮਹੱਤਵ ਦਿੱਤਾ ਜਾਂਦਾ ਹੈ। ਉਂਜ ਇਹ ਲਾਜ਼ਮੀ ਵੀ ਹੈ ਕਿਉਂਕਿ ਸਿੱਖਿਆ ਤੋਂ ਬਿਨਾਂ ਮਨੁੱਖੀ ਜੀਵਨ ਅਗਿਆਨਤਾ ਭਾਵ ਹਨੇਰੇ ਨਾਲ ਭਰਿਆ ਹੁੰਦਾ ਹੈ। ਸਿੱਖਿਆ ਜਿੱਥੇ ਮਨੁੱਖ ਨੂੰ ਆਪਣੇ ਹੱਕਾਂ ਪ੍ਰਤੀ ਜਾਗਰੂਕ ਕਰਦੀ ਹੈ ਉੱਥੇ ਆਪਣੀਆਂ ਜ਼ਿੰਮੇਵਾਰੀਆਂ ਪ੍ਰਤੀ ਜਵਾਬਦੇਹ ਵੀ ਬਣਾਉਂਦੀ ਹੈ। ਇਸ ਕਰਕੇ ਸਿੱਖਿਆ ਨੂੰ ਮਨੁੱਖੀ ਜੀਵਨ ਦਾ ਅਨਿਖੜਵਾਂ ਅੰਗ ਮੰਨਿਆ ਜਾਂਦਾ ਹੈ। ਖ਼ੈਰ! ਇਹ ਵੱਖਰਾ ਵਿਸ਼ਾ ਹੈ। ਸਾਡੇ ਅੱਜ ਦੇ ਲੇਖ ਦਾ ਮੂਲ ਆਧਾਰ 'ਬੱਚਿਆਂ ਦੇ ਮੋਢਿਆਂ ਉੱਪਰ ਵਧਦਾ ਬਸਤੇ ਦਾ ਭਾਰ' ਹੈ। ਆਧੁਨਿਕ ਸਮਾਜ ਵਿਚ ਵੱਡੇ ਸਕੂਲਾਂ ਦਾ ਰੁਝਾਨ ਆਪਣੀ ਚਰਮ ਸੀਮਾ ਉੱਤੇ ਹੈ। ਹਰ ਮਨੁੱਖ ਆਪਣੇ ਬੱਚਿਆਂ ਨੂੰ ਵੱਡੇ ਅਤੇ ਮਹਿੰਗੇ ਸਕੂਲਾਂ ਵਿਚ ਪੜ੍ਹਾਉਣਾ ਚਾਹੁੰਦਾ ਹੈ, ਜਿੱਥੇ ਉਨ੍ਹਾਂ ਦਾ ਬੱਚਾ ਚੰਗੀ ਸਿੱਖਿਆ ਰਾਹੀਂ ਚੰਗਾ ਨਾਗਰਿਕ ਬਣ ਸਕੇ, ਕਾਮਯਾਬ ਮਨੁੱਖਾਂ ਦੀ ਸ਼੍ਰੇਣੀ ਵਿਚ ਸ਼ਾਮਲ ਹੋ ਸਕੇ, ਚੰਗੀ ਨੌਕਰੀ ਪ੍ਰਾਪਤ ਕਰ ਸਕੇ ਪਰ ਇਸ ਕਾਮਯਾਬੀ ਦੇ ਇਸ ਚੱਕਰ ਵਿਚ ਨਿੱਕੇ ਬੱਚਿਆਂ ਤੋਂ ਉਨ੍ਹਾਂ ਦਾ ਮਾਸੂਮ ਬਚਪਨ ਖੋਇਆ ਜਾ ਰਿਹਾ ਹੈ।

## ਦੁੱਖ-ਸੁੱਖ ਸਾਂਝਾ

ਹਰ ਰੋਜ਼ ਅਖ਼ਬਾਰਾਂ ਇਨ੍ਹਾਂ ਖ਼ਬਰਾਂ ਨਾਲ ਭਰੀਆਂ ਹੁੰਦੀਆਂ ਹਨ ਕਿ ਪੇਪਰਾਂ ਵਿੱਚੋਂ ਫੇਲ੍ਹ ਹੋਏ ਵਿਦਿਆਰਥੀ ਨੇ ਖ਼ੁਦਕੁਸ਼ੀ ਜਿਹਾ ਭਿਆਨਕ ਕਦਮ ਚੁੱਕ ਲਿਆ। ਇਹ ਬਹੁਤ ਮੰਦਭਾਗਾ ਰੁਝਾਨ ਹੈ। ਅੱਜ ਕਲ੍ਹ ਤਾਂ ਦੱਸਵੀਂ/ ਬਾਰ੍ਹਵੀਂ ਕਲਾਸਾਂ ਦੇ ਵਿਦਿਆਰਥੀ ਵੀ ਆਤਮਹੱਤਿਆ ਵਰਗੇ ਸਖ਼ਤ ਕਦਮ ਚੁੱਕ ਰਹੇ ਹਨ। ਕਿਹੋ ਜਿਹੇ ਸਮਾਜ ਦੀ ਸਿਰਜਣਾ ਕਰ ਰਹੇ ਹਾਂ ਅਸੀਂ? ਜਿੱਥੇ ਆਪਣੀ ਜਾਨ ਗੁਆਉਣ ਤੋਂ ਬਿਨਾਂ ਕੋਈ ਹੋਰ ਰਾਹ ਦਿੱਸਦਾ ਹੀ ਨਹੀਂ ਹੈ, ਜਿੱਥੇ ਆਪਣਾ ਦੁੱਖ-ਸੁੱਖ ਸਾਂਝਾ ਕਰਨ ਲਈ ਕੋਈ ਮਨੁੱਖ ਹੀ ਨਹੀਂ ਲੱਭਦਾ। ਅੱਜਤ ਦੀ ਤ੍ਰਾਸਦੀ ਹੈ।

## ਸਿੱਖਿਆ ਪ੍ਰਣਾਲੀ

ਸਿੱਖਿਆ ਪ੍ਰਣਾਲੀ ਨੂੰ ਦਿਨੋਂ-ਦਿਨ ਗੁੰਝਲਦਾਰ ਬਣਾਇਆ ਜਾ ਰਿਹਾ ਹੈ ਪਰ ਨਤੀਜਾ ਕੁਝ ਵੀ ਸਾਹਮਣੇ ਨਹੀਂ ਆ ਰਿਹਾ ਕਿਉਂਕਿ ਅਸੀਂ ਚੰਗੇ ਨਾਗਰਿਕ ਘੱਟ ਅਤੇ ਬੇਰੁਜ਼ਗਾਰ ਵੱਧ ਪੈਦਾ ਕਰ ਰਹੇ ਹਾਂ। ਸਿੱਖਿਆ ਦਾ ਮੂਲ ਮਕਸਦ ਇਖ਼ਲਾਕੀ ਕਦਰਾਂ-ਕੀਮਤਾਂ ਨੂੰ ਬਾਲ-ਮਨਾਂ ਵਿਚ ਬਿਠਾਉਣਾ ਨਹੀਂ ਰਿਹਾ ਬਲਕਿ ਅੰਨ੍ਹੀ ਦੌੜ ਦੇ ਖਿਡਾਰੀ ਬਣਾਉਣਾ ਹੈ ਤਾਂ ਕਿ ਚੰਗੇ ਰੁਜ਼ਗਾਰ ਨੂੰ ਪ੍ਰਾਪਤ ਕੀਤਾ ਜਾ ਸਕੇ ਵੱਧ ਪੈਸਾ ਕਮਾਇਆ ਜਾ ਸਕੇ। ਸਕੂਲਾਂ ਵਿਚ ਇੰਨੇ ਵਿਸ਼ੇ ਪੜ੍ਹਾਉਣ ਦਾ ਜ਼ੋਰ ਹੈ ਕਿ ਨਿੱਕੇ ਬੱਚਿਆਂ ਦੇ ਬਸਤਿਆਂ ਦਾ ਭਾਰ ਬਹੁਤ ਵੱਧ ਗਿਆ ਹੈ। ਜਿੰਨੀਆਂ ਕਿਤਾਬਾਂ ਬੱਚੇ ਦੇ ਸਕੂਲ ਬੈਗ ਵਿਚ ਹਨ ਉਹ ਸਾਰੀਆਂ ਦਿਨ 'ਚ ਇਕ ਵਾਰ ਖੋਲ੍ਹ ਕੇ ਵੀ ਦੇਖਦਾ ਹੋਊ ਜਾਂ ਨਹੀਂ? ਪਰ ਬਸਤੇ ਵਿਚ ਲੈ ਕੇ ਸਾਰੀਆਂ ਹੀ ਜਾਣੀਆਂ ਹਨ ਕਿਉਂਕਿ ਇਕ ਕਿਤਾਬ ਵੀ ਘਰ ਰਹਿ ਗਈ ਤਾਂ ਸਕੂਲ ਨੂੰ ਭਾਰੀ ਜੁਰਮਾਨਾ ਲਗਾਉਣ ਦਾ ਬਹਾਨਾ ਮਿਲ ਜਾਣਾ ਹੈ। ਇਸ ਕਰਕੇ ਮਾਂ-ਬਾਪ ਸਾਰੀਆਂ ਕਿਤਾਬਾਂ ਬੱਚਿਆਂ ਦੇ ਮੋਢਿਆਂ ਉੱਪਰ ਸੁੱਟ ਦਿੰਦੇ ਹਨ।

### ਗਿਆਨ ਪ੍ਰਾਪਤੀ ਦਾ ਮਾਧਿਅਮ

ਪੜ੍ਹਾਈ ਨੂੰ ਹੁਣ ਗਿਆਨ ਪ੍ਰਾਪਤੀ ਦਾ ਮਾਧਿਅਮ ਨਹੀਂ ਮੰਨਿਆ ਜਾਂਦਾ ਬਲਕਿ ਪੱਕੀ ਨੌਕਰੀ ਦਾ ਜੁਗਾੜ ਬਣਾ ਕੇ ਰੱਖ ਦਿੱਤਾ ਗਿਆ ਹੈ। ਇਸ ਕਰਕੇ ਜੁਆਕਾਂ ਦੇ ਮੋਢਿਆਂ ਉੱਪਰ ਬਸਤੇ ਦਾ ਭਾਰ ਬਹੁਤ ਵੱਧ ਗਿਆ ਹੈ। ਸਾਰਥਕ ਸਿੱਖਿਆ ਖ਼ਤਮ ਹੋ ਗਈ ਹੈ ਜਿਸ ਰਾਹੀਂ ਚੰਗੇ ਨਾਗਰਿਕ ਬਣਾਏ ਜਾਂਦੇ ਸਨ ਤਾਂ ਕਿ ਚੰਗੇ ਦੇਸ਼ ਦਾ ਨਿਰਮਾਣ ਕੀਤਾ ਜਾ ਸਕੇ। ਅੱਜ ਅਖ਼ਬਾਰ ਦੇ ਸਫ਼ੇ ਖੋਲ੍ਹ ਕੇ ਪੜ੍ਹ ਲਓ ਵੱਡੇ- ਵੱਡੇ ਜੁਰਮਾਂ ਵਿਚ ਵੱਧ ਪੜ੍ਹੇ-ਲਿਖੇ ਬੱਚੇ ਸ਼ਾਮਲ ਹੁੰਦੇ ਹਨ। ਚੋਰੀ, ਠੱਗੀ ਆਦਿ ਅਪਰਾਧਿਕ ਕੰਮਾਂ ਵਿਚ ਪੜ੍ਹੇ- ਲਿਖੇ ਲੋਕਾਂ ਦੀ ਸ਼ਮੂਲੀਅਤ ਵੱਧ ਗਈ ਹੈ। ਫੇਰ ਸਿੱਖਿਆ ਦਾ ਮੂਲ ਮਨੋਰਥ ਤਾਂ ਖ਼ਤਮ ਹੀ ਹੋ ਗਿਆ ਹੈ ਕਿਉਂਕਿ ਪਹਿਲਾਂ ਦੇ ਮੁਕਾਬਲੇ ਹੁਣ ਮਹਿੰਗੀ ਸਿੱਖਿਆ ਦਿੱਤੀ ਜਾ ਰਹੀ ਹੈ। ਫਿਰ ਅੱਜ ਕਲ੍ਹ ਦੇ ਜੁਆਕਾਂ ਵਿਚ ਇਖ਼ਲਾਕੀ ਕਦਰਾਂ-ਕੀਮਤਾਂ ਦੀ ਅਣਹੋਂਦ ਕਿਉਂ ਹੈ?

## ਭਵਿੱਖ ਪ੍ਰਤੀ ਜਾਗਰੂਕ

ਇਨ੍ਹਾਂ ਦਾ ਮੂਲ ਕਾਰਨ ਹੈ ਕਿ ਸਿੱਖਿਆ, ਅੱਜ ਦੇ ਦੌਰ ਵਿਚ ਕੇਵਲ ਨੌਕਰੀ ਪ੍ਰਾਪਤ ਕਰਨ ਦਾ ਇਕ ਸਾਧਨ ਬਣ ਕੇ ਰਹਿ ਗਈ ਹੈ, ਇਸ ਤੋਂ ਇਲਾਵਾ ਕੁਝ ਨਹੀਂ। ਨਿੱਕੇ ਬੱਚਿਆਂ ਦੇ ਮੋਢਿਆਂ ਉੱਪਰ ਭਾਵੇਂ ਭਾਰੇ ਬਸਤੇ ਟਿਕਾ ਦਿੱਤੇ ਗਏ ਹਨ, ਕੋਮਲ ਮਨਾਂ ਨੂੰ ਸਿਰਫ਼ ਪੈਸੇ ਕਮਾਉਣ ਵਾਲੀ ਮਸ਼ੀਨ ਬਣਾਇਆ ਜਾ ਰਿਹਾ ਹੈ। ਇਹ ਬਹੁਤ ਮੰਦਭਾਗਾ ਰੁਝਾਨ ਹੈ, ਇਸ ਤੋਂ ਬਚਣ ਦੀ ਜ਼ਰੂਰਤ ਹੈ। ਇਹ ਸਮਾਂ ਸੰਭਲਣ ਦਾ ਸਮਾਂ ਹੈ। ਜੇਕਰ ਅੱਜ ਦੇ ਸਮੇਂ ਮਾਪੇ ਆਪਣੇ ਬੱਚਿਆਂ ਦੇ ਭਵਿੱਖ ਪ੍ਰਤੀ ਜਾਗਰੂਕ ਨਾ ਹੋਏ ਤਾਂ ਫਿਰ ਸਿਵਾਏ ਪਛਤਾਵੇ ਦੇ ਹੋਰ ਕੁਝ ਹੱਥ ਨਹੀਂ ਆਉਣਾ। ਸਿੱਖਿਆ ਤੰਤਰ ਵਿਚ ਸਖ਼ਤ ਸੁਧਾਰ ਦੀ ਲੋੜ ਹੈ ਪਰ ਸਮੇਂ ਦੀਆਂ ਸਰਕਾਰਾਂ ਅਜੇ ਆਪਣੇ ਸਵਾਰਥ ਵਿਚ ਮਸਰੂਫ ਹਨ ਇਸ ਕਰ ਕੇ ਮਾਪਿਆਂ ਨੂੰ ਖ਼ੁਦ ਹੀ ਅੱਗੇ ਆਉਣਾ ਪਵੇਗਾ ਤਾਂ ਕਿ ਚੰਗੇ ਅਤੇ ਨਰੋਏ ਸਮਾਜ ਦੀ ਸਿਰਜਣਾ ਕੀਤੀ ਜਾ ਸਕੇ, ਆਪਣੇ ਬੱਚਿਆਂ ਦੇ ਭਵਿੱਖ ਨੂੰ ਬਚਾਇਆ ਜਾ ਸਕੇ। ਪਰ ਇਹ ਹੁੰਦਾ ਕਦੋਂ ਹੈ, ਇਹ ਅਜੇ ਭਵਿੱਖ ਦੀ ਕੁੱਖ ਵਿਚ ਹੈ। •

75892- 33437

---

# ਬੈਲ-ਗੱਡੀ ਤੋਂ ਮੋਟਰ ਰੇਹੜੇ ਤਕ ਦਾ ਸਫ਼ਰ

ਗੁਰਦੀਪ ਲੋਪੋਂ

ਸਮੇਂ ਦਾ ਪ੍ਰਵਾਹ ਪੁਰਾਤਨਤਾ ਤੋਂ ਨਵੀਨਤਾ ਵੱਲ ਆਪਣੀ ਚਾਲ ਚਲਦਾ ਰਹਿੰਦਾ ਹੈ। ਇਸੇ ਤਰ੍ਹਾਂ ਜਦੋਂ ਧੀਮੀ ਗਤੀ ਦੇ ਸਮੇਂ ਨੇ ਕਰਵਟ ਲਈ ਅਤੇ ਨਵੀਂ ਅੰਗੜਾਈ ਭਰੀ ਤਾਂ ਖੇਤੀ ਦਾ ਮਸ਼ੀਨੀਕਰਨ ਹੋ ਗਿਆ। ਖੇਤੀ ਪ੍ਰਧਾਨ ਸੂਬਾ ਪੰਜਾਬ ਵੀ ਇਸ ਪ੍ਰਭਾਵ ਅਧੀਨ ਨਵੇਂ ਰਾਹਾਂ ਦਾ ਪਾਂਧੀ ਬਣ ਗਿਆ। ਹੌਲੀ-ਹੌਲੀ ਖੇਤਾਂ ਵਿੱਚੋਂ ਬਲਦਾਂ ਵਾਲੇ ਹਲ ਲੁਪਤ ਹੁੰਦੇ ਗਏ ਅਤੇ ਨਾਲ ਹੀ ਫ਼ਸਲਾਂ ਦੀ ਢੋਆ ਢੁਆਈ ਦਾ ਮੁੱਖ ਸਾਧਨ ਗੱਡੇ ਵੀ ਪਰਿਵਰਤਨ ਦੇ ਇਸ ਦੌਰ ਵਿਚ ਲੁਪਤ ਹੋ ਗਏ। ਗੱਡੇ ਦੇ ਜੂਲੇ ਤੋਂ ਵਿੱਢ, ਪਿੰਜਣੀਆਂ, ਸੁਗਨੀ ਤਕ ਦੀ ਪਿੱਤਲ ਦੀ ਸੁੰਦਰ ਮੀਨਾਕਾਰੀ ਅਤੇ ਧੁਰਾਂ ਵਿਚ ਚਲਦੇ ਲੱਕੜ ਦੇ ਪਹੀਏ ਬੀਤੇ ਦੀਆਂਗੱਲਾਂ ਹੋ ਗਈਆਂ ਹਨ। ਬਲਦਾਂ ਦੀ ਜੋੜੀ ਦੀ ਥਾਂ ਕਿਸਾਨਾਂ ਦੇ ਘਰਾਂ ਵਿਚ ਇਕ ਬਲਦ ਰਹਿ ਗਿਆ ਅਤੇ ਗੱਡਿਆਂ ਦੀ ਥਾਂ ਇਕ ਬਲਦ ਵਾਲੀ ਗੱਡੀ (ਬੈਲ-ਗੱਡੀ) ਨੇ ਲੈ ਲਈ। ਗੱਡਿਆਂ ਦਾ ਮਿੰਨੀ ਰੂਪ ਗੱਡੀਆਂ ਪਹਿਲਾਂ ਵੀ ਮੌਜੂਦ ਸਨ। ਲੱਕੜ ਦੇ ਪਹੀਆਂ ਵਾਲੀਆਂ ਰੀਝ ਨਾਲ ਸ਼ਿੰਗਾਰੀਆਂ ਇਹ ਗੱਡੀਆਂ ਖ਼ਾਨਾ-ਬਦੋਸ਼ ਕਬੀਲੇ ਵਣਜਾਰਿਆਂ (ਗੱਡੀਆਂ ਵਾਲਿਆਂ) ਕੋਲ ਹੁੰਦੀਆਂ ਸਨ। ਫੇਰ ਇਨ੍ਹਾਂ ਗੱਡੀਆਂ ਦੇ ਲੱਕੜ ਦੇ ਪਹੀਆਂ ਦੀ ਥਾਂ ਲੋਹੇ ਦੇ ਰਿੱਮਾਂ ਤੇ ਟਾਇਰਾਂ ਨੇ ਲੈ ਲਈ। ਪਹਿਲਾਂ ਪਹਿਲ ਗੱਡੀਆਂ ਬਣਾਉਣ ਵਿਚ ਲੱਕੜ ਦੀ ਜ਼ਿਆਦਾ ਵਰਤੋਂ ਹੁੰਦੀ ਸੀ। ਜਿਸ ਨੂੰ ਕਾਰੀਗਰ ਬੜੀ ਰੀਝ ਨਾਲ ਬਣਾਉਂਦੇ ਸਨ। ਫਿਰ ਮਜ਼ਬੂਤੀ ਲਈ ਵਿੱਢ ਤੋਂ ਜੂਲੇ ਤਕ ਲੋਹਾ ਵਰਤਿਆ ਜਾਣ ਲੱਗਾ। ਬਲਦ ਦੇ ਕੰਨ੍ਹੇ ਨੂੰ ਨਰਮ ਰੱਖਣ ਲਈ ਲੱਕੜ ਦਾ ਜੂਲਾ, ਫਰਸ਼ ਜਿਸ ਨੂੰ ਤਵੀਤ ਕਿਹਾ ਜਾਂਦਾ ਤੇ ਡਾਲੇ ਲਈ ਵੀ ਲੱਕੜ ਹੀ ਵਰਤੀ ਜਾਂਦੀ ਸੀ। ਪਸ਼ੂਆਂ ਦੇ ਚਾਰੇ ਵਾਸਤੇ ਨਿਤਾ ਪ੍ਰਤੀ ਲਈ ਬੈਲ ਗੱਡੀ ਸਹਾਈ ਹੋਣ ਲੱਗੀ। ਫ਼ਸਲਾਂ ਦੀ ਢੋਆ ਢੁਆਈ ਅਤੇ ਹੋਰ ਵੱਧ ਭਾਰ ਢੋਣ ਲਈ ਟਰੈਕਟਰ ਟਰਾਲੀ ਦੀ ਵਰਤੋਂ ਹੋਣ ਲੱਗੀ। ਸਮਾਂ ਆਪਣੀ ਚਾਲ ਚਲਦਾ ਗਿਆ, ਤਰੱਕੀ ਦੇ ਦਰਵਾਜ਼ੇ ਖੁਲ੍ਹਦੇ ਗਏ। ਅਜੋਕੇ ਦੌਰ ਦੇ ਇਸ ਮੋੜ 'ਤੇ ਬੈਲ ਗੱਡੀਆਂ ਦਾ ਪ੍ਰਚਲਣ ਵੀ ਘੱਟ ਰਿਹਾ ਹੈ। ਸੜਕਾਂ, ਰਾਹਾਂ ਤੇ ਦਿਸਦੀ ਟਾਵੀਂ-ਟਾਵੀਂ ਬੈਲ ਗੱਡੀ ਇਕ ਹੋਰ ਬਦਲੇ ਦੌਰ ਦੀ ਗਵਾਹੀ ਭਰਦੀ ਹੈ। ਆਧੁਨਿਕਤਾ ਦੇ ਦੌਰ ਵਿਚ ਹੁਣ ਇਸ ਨੇ ਸਕੂਟਰ ਰੇਹੜੇ , ਮੋਟਰਸਾਈਕਲ ਰੇਹੜੇ ਤੋਂ ਸਾਈਕਲ ਰੇਹੜੇ ਤਕ ਦਾ ਸਫ਼ਰ ਤੈਅ ਕਰ ਲਿਆ ਹੈ। ਸਕੂਟਰ, ਮੋਟਰਸਾਈਕਲ ਦੇ ਪਿੱਛੇ ਹੁੱਕ ਲਾ ਕੇ ਪਾਉਣ ਵਾਲੇ ਟਰਾਲੀ ਨੁਮਾ ਰੇਹੜੇ ਲੋਹੇ ਦੀ ਬਾਡੀ ਦੇ ਮਜ਼ਬੂਤ ਹੁੰਦੇ ਹਨ। ਇਸੇ ਤਰ੍ਹਾਂ ਇਨ੍ਹਾਂ ਦੇ ਟਾਇਰ ਭਾਰ ਢੋਣ ਦੀ ਸਮਰੱਥਾ ਅਨੁਸਾਰ ਕਾਰ, ਸਕੂਟਰ ਜਾਂ ਰਿਕਸ਼ੇ ਦੇ ਪਾਏ ਜਾਂਦੇ ਹਨ। ਪਿੰਡਾਂ ਵਿਚ ਪਸ਼ੂ ਪਾਲਣ ਦਾ ਰੁਝਾਨ ਘਟਣ ਕਾਰਨ ਇਹ ਰੇਹੜੇ ਹੁਣ ਚਾਰਾ ਢੋਣ ਲਈ ਵਰਤੇ ਜਾਣ ਲੱਗੇ ਹਨ ਇਨ੍ਹਾਂ ਮੋਟਰਸਾਈਕਲ, ਸਕੂਟਰ ਰੇਹੜਿਆਂ ਤੇ ਦੋ ਤੋਂ ਤਿੰਨ ਪਸ਼ੂਆਂ ਦਾ ਚਾਰਾ ਅਸਾਨੀ ਨਾਲ ਆ ਜਾਂਦਾ ਹੈ। ਘੱਟ ਦੂਰੀ ਅਤੇ ਘੱਟ ਖ਼ਰਚੇ ਲਈ ਇਕ ਤੋਂ ਦੋ ਪਸ਼ੂਆਂ ਦੇ ਚਾਰੇ ਲਈ ਸਾਈਕਲ ਰੇਹੜੇ ਸਹਾਈ ਹੋ ਰਹੇ ਹਨ। ਇਸ ਤੋਂ ਬਿਨ੍ਹਾਂ ਇਹ ਰੇਹੜੇ ਜਿੱਥੇ ਜ਼ਰੂਰੀ ਵਸਤਾਂ ਦੀ ਢੋਆ-ਢੁਆਈ ਦਾ ਸਾਧਨ ਬਣੇ ਹਨ ਉੱਥੇ ਇਹ ਕਿਰਤੀ ਲੋਕਾਂ ਲਈ ਰੁਜ਼ਗਾਰ ਦਾ ਵਸੀਲਾ ਵੀ ਬਣ ਗਏ ਹਨ। ਸੜਕਾਂ 'ਤੇ ਚਲਦੇ ਇਹ ਰੇਹੜੇ ਪਰਿਵਰਤਨ ਦੇ ਦੌਰ ਦੀ ਗਵਾਹੀ ਭਰਦੇ ਹਨ। •

98780-02774




---

# ਭੰਡਾ ਭੰਡਾਰੀਆ ਕਿੰਨਾ ਕੁ ਭਾਰ

ਡਾ. ਗਗਨਦੀਪ ਕੌਰ

ਛੋਟੇ ਹੁੰਦੇ ਸਕੂਲ ਦਾ ਕੰਮ ਮੁਕਾ ਕੇ ਅਸੀਂ ਸਾਰੇ ਭੈਣ ਭਰਾ ਇਕ ਖੇਡ ਖੇਡਦੇ 'ਭੰਡਾ ਭੰਡਾਰੀਆ ਕਿੰਨਾ ਕੁ ਭਾਰ ਇਕ ਮੁੱਠੀ ਚੁੱਕ ਲੈ ਦੂਜੀ ਤਿਆਰ' ਹੁੰਦੇ ਸੀ। ਇਸ ਖੇਡ ਨੂੰ ਖੇਡਣ ਦਾ ਬੜਾ ਹੀ ਅਨੰਦ ਆਉਂਦਾ ਸੀ ਕਿਉਂਕਿ ਉਦੋਂ ਬੇਫ਼ਿਕਰੀ ਸੀ, ਖੁੱਲ੍ਹਾ ਸਮਾਂ ਸੀ, ਸਾਂਝੇ ਪਰਿਵਾਰ ਹੋਣ ਕਾਰਨ ਖੇਡਣ ਦਾ ਸਾਥ ਸੀ ਪਰ ਹੁਣ ਮੈਨੂੰ ਇਸ ਖੇਡ ਦਾ ਮਤਲਬ ਸਮਝ ਆ ਰਿਹਾ ਹੈ ਕਿ ਕਿਵੇਂ ਇਕ ਕੰਮ ਨਿਪਟਾਈਦਾ ਹੈ ਤੇ ਦੂਜਾ ਪਹਿਲਾਂ ਤਿਆਰ ਹੁੰਦਾ ਹੈ। ਉਮਰ ਦੇ ਵਧਣ ਨਾਲ ਜ਼ਿੰਮੇਵਾਰੀਆਂ ਦੀ ਪੰਡ ਵੀ ਭਾਰੀ ਹੁੰਦੀ ਜਾਂਦੀ ਹੈ। ਬੰਦਾ ਸੋਚਦਾ ਹੈ ਕਿ ਬੱਸ ਫਲਾਣਾ ਕੰਮ ਕਰ ਲਵਾਂ ਫਿਰ ਮੈਂ ਆਪਣੀ ਵਿਹਲ ਦਾ ਅਨੰਦ ਲਵਾਂਗਾ ਜਾਂ ਸ਼ਾਇਦ ਫਿਰ ਮੇਰੀ ਜ਼ਿੰਦਗੀ ਬਹੁਤ ਸੁਖਾਲੀ ਹੋ ਜਾਵੇਗੀ ਪਰ ਉਮਰ ਅਤੇ ਅਹੁੱਦੇ ਦੇ ਵਧਣ ਨਾਲ ਕੰਮ ਅਤੇ ਜ਼ਿੰਮੇਵਾਰੀਆਂ ਦੀ ਲਿਸਟ ਵੱਡੀ ਹੁੰਦੀ ਜਾਂਦੀ ਹੈ।

## ਮੁਸ਼ਕਿਲ ਕੰਮ

ਅੱਜ ਕਾਲਜ ਵਿਚ ਬੈਠੇ ਗੱਲਾਂ ਕਰ ਰਹੇ ਸੀ, ਮੇਰੇ ਨਾਲ ਦੇ ਇਕ ਮਹਿਲਾ ਪ੍ਰੋਫੈਸਰ ਜਿੰਨ੍ਹਾਂ ਦੇ ਬੱਚੇ ਹਾਲੇ ਕਾਫ਼ੀ ਛੋਟੇ ਹਨ, ਕਹਿਣ ਲੱਗੇ ਕਿ ਮੈਡਮ ਤੁਹਾਡੀ ਰੁਟੀਨ ਬੜੀ ਸੁਖਾਲੀ ਹੈ ਕਿਉਂਕਿ ਤੁਹਾਡੇ ਬੱਚੇ ਹੁਣ ਵੱਡੇ ਹੋ ਗਏ ਹਨ । ਇਸ ਤੋਂ ਪਹਿਲਾਂ ਕਿ ਮੈਂ ਕੁਝ ਬੋਲਦੀ ਮੇਰੇ ਨਾਲ ਬੈਠੇ ਇਕ ਹੋਰ ਮੈਡਮ ਨੇ ਕਿਹਾ ਕਿ ਇਹ ਤੁਹਾਡਾ ਭੁਲੇਖਾ ਹੈ ਜਦੋਂ ਬੱਚੇ ਛੋਟੇ ਹੁੰਦੇ ਸੀ ਅਤੇ ਗੋਦੀ ਵਿਚ ਖੇਡਦੇ ਸੀ ਤਾਂ ਉਹ ਜ਼ਿਆਦਾ ਅਨੰਦਮਈ ਸਮਾਂ ਸੀ ਹੁਣ ਤਾਂ ਗੋਦੀਆਂ 'ਚੋਂ ਨਿਕਲ ਕੇ ਸਿਰ 'ਤੇ ਬਹਿ ਗਏ ਹਨ ਕਿਉਂਕਿ ਜਿਵੇਂ-ਜਿਵੇਂ ਬੱਚੇ ਵੱਡੇ ਹੁੰਦੇ ਹਨ ਤਾਂ ਬੱਚਿਆਂ ਨੂੰ ਕਿਸੇ ਵੀ ਗੱਲ ਲਈ ਮਨਾਉਣਾ ਤੇ ਸਮਝਾਉਣਾ ਛੋਟੇ ਬੱਚਿਆਂ ਨਾਲੋਂ ਕਿਤੇ ਵੱਧ ਮੁਸ਼ਕਿਲ ਕੰਮ ਹੋ ਜਾਂਦਾ ਹੈ। ਅੱਜ ਕੱਲ੍ਹ ਦੇ ਮੁਕਾਬਲੇਬਾਜ਼ੀ ਦੇ ਜ਼ਮਾਨੇ ਵਿਚ ਬੱਚਿਆਂ ਨੂੰ ਵੀ ਪੜ੍ਹਾਈ ਅਤੇ ਆਪਣੇ ਕੈਰੀਅਰ ਦੀ ਬਹੁਤ ਚਿੰਤਾ ਹੈ। ਸਮੇਂ ਸਮੇਂ 'ਤੇ ਫ਼ੈਸਲੇ ਲੈਣ ਲਈ ਕਈ ਵਾਰੀ ਬੱਚੇ ਦੇ ਨਾਲ-ਨਾਲ ਮਾਪੇ ਵੀ ਚਿੰਤਾਗ੍ਰਸਤ ਹੋ ਜਾਂਦੇ ਹਨ । ਮੈਂ ਇਹ ਸਾਰੀ ਵਾਰਤਾਲਾਪ ਬੜੀ ਧਿਆਨ ਨਾਲ ਸੁਣ ਰਹੀ ਸੀ ਅਤੇ ਮੈਂ ਇਹ ਸੋਚ ਵੀ ਰਹੀ ਸੀ ਕਿ ਇਨ੍ਹਾਂ ਚਿੰਤਾਵਾਂ ਦਾ ਕੀ ਕਾਰਨ ਹੋ ਸਕਦਾ ਹੈ। ਮੇਰੇ ਹਿਸਾਬ ਨਾਲ ਪਹਿਲਾ ਕਾਰਨ ਸਾਂਝੇ ਪਰਿਵਾਰਾਂ ਦਾ ਟੁੱਟ ਕੇ ਇਕਹਿਰੇ ਪਰਿਵਾਰਾਂ ਦਾ ਬਣਨਾ ਹੈ ਕਿਉਂਕਿ ਸਾਂਝੇ ਪਰਿਵਾਰਾਂ ਵਿਚ ਕੰਮ ਵੰਡ ਕੇ ਹੋ ਜਾਂਦਾ ਸੀ ਅਤੇ ਦਾਦਾ-ਦਾਦੀ ਅਤੇ ਪਰਿਵਾਰ ਦੇ ਵੱਡੇ ਮੈਂਬਰਾਂ ਵੱਲੋਂ ਬੱਚਿਆਂ ਦੀ ਦੇਖ-ਰੇਖ ਦੇ ਨਾਲ-ਨਾਲ ਉਨ੍ਹਾਂ ਦੀ ਮਾਨਸਿਕਤਾ ਅਤੇ ਜਜ਼ਬਾਤਾਂ ਦਾ ਖ਼ਿਆਲ ਵੀ ਰੱਖਿਆ ਜਾਂਦਾ ਸੀ ਪਰ ਇਕਹਿਰੇ ਪਰਿਵਾਰ ਹੋਣ ਕਾਰਨ ਜਦੋਂ ਮਾਪੇ ਬੱਚਿਆਂ ਦਾ ਪਾਲਣ ਪੋਸ਼ਣ, ਉਨ੍ਹਾਂ ਦੇ ਕੈਰੀਅਰ ਸਬੰਧੀ ਫ਼ੈਸਲੇ ਅਤੇ ਉਨ੍ਹਾਂ ਦੇ ਜਜ਼ਬਾਤਾਂ ਨੂੰ ਠੀਕ ਤਰ੍ਹਾਂ ਸਮਝ ਨਹੀਂ ਪਾਉਂਦੇ ਤਾਂ ਕਈ ਵਾਰੀ ਉਨ੍ਹਾਂ ਦੇ ਆਪਣੇ ਰਿਸ਼ਤਿਆਂ ਵਿਚ ਵੀ ਖਟਾਸ ਆਉਣ ਲੱਗਦੀ ਹੈ।

## ਕੰਮ ਦਾ ਬੋਝ

ਜਿਸ ਪਰਿਵਾਰ ਦੇ ਦੋਵੇਂ ਜੀਅ ਕੰਮ ਕਰਦੇ ਹਨ ਅਤੇ ਵੱਖ-ਵੱਖ ਵਿਭਾਗਾਂ ਵਿਚ ਸਟਾਫ਼ ਦੀ ਕਮੀ ਹੋਣ ਕਰਕੇ ਵੀ ਮੁਲਾਜ਼ਮਾਂ ਦੇ ਉੱਪਰ 'ਭੰਡਾ ਭੰਡਾਰੀਆ ਕਿੰਨਾ ਕੁ ਭਾਰ ਇਕ ਮੁੱਠੀ ਚੁੱਕ ਲੈ ਦੂਜੀ ਤਿਆਰ' ਦੀ ਤਰ੍ਹਾਂ ਕੰਮ ਦਾ ਬੋਝ ਕੁਝ ਜ਼ਿਆਦਾ ਹੀ ਹੋ ਗਿਆ ਹੈ। ਹਰ ਕੋਈ ਆਪਣੇ ਕੰਮ ਵਿਚ ਇੰਨਾ ਮਸਰੂਫ਼ ਹੈ ਕਿ ਦੂਸਰੇ ਦੀ ਗੱਲ ਜਾਂ ਦੁੱਖ-ਸੁੱਖ ਸੁਣਨ ਦਾ ਨਾ ਤਾਂ ਕਿਸੇ ਕੋਲ ਸਮਾਂ ਹੈ ਅਤੇ ਨਾ ਹੀ ਕੋਈ ਦਿਲਚਸਪੀ ਰੱਖਦਾ ਹੈ ਪਰ ਦੁਖਾਂਤ ਇਹ ਵੀ ਹੈ ਕਿ ਕੰਮ ਫੇਰ ਵੀ ਕਿਸੇ ਦਾ ਪੂਰਾ ਨਹੀਂ ਹੁੰਦਾ ਸਭ ਦੇ ਮੂੰਹ 'ਤੇ ਸਿਰਫ਼ ਇਕ ਹੀ ਗੱਲ ਹੈ ਕਿ ਕਿੱਥੇ ਯਾਰ ਕੰਮ ਹੀ ਬਹੁਤ ਹੈ ਤੇ ਹਰ ਵਕਤ ਹਰ ਕੋਈ ਵਿਹਲਾ ਨਾ ਹੋਣ ਦਾ ਗਿਲਾ ਕਰ ਰਿਹਾ ਜਾਪਦਾ ਹੈ। ਇੰਜ ਨਹੀਂ ਲੱਗਦਾ ਕਿ ਸਾਡੀ ਸਭ ਦੀ ਜ਼ਿੰਦਗੀ ਘੜੀ ਦੀਆਂ ਸੂਈਆਂ ਵਿਚ ਅਟਕ ਕੇ ਰਹਿ ਗਈ ਹੋਵੇ।

## ਖ਼ੁਸ਼ਕਿਸਮਤ

ਲੋਕ ਗ਼ੈਰ ਜਜ਼ਬਾਤੀ ਹੁੰਦੇ ਜਾ ਰਹੇ ਹਨ ਕਿਸੇ ਕੋਲ ਵੀ ਕਿਸੇ ਹੋਰ ਦੇ ਲਈ ਸਮਾਂ ਨਹੀ ਹੈ ਪਰ ਨਾਲ ਹੀ ਭੰਡਾ ਭੰਡਾਰੀਆ ਵਾਲੀ ਖੇਡ ਸਾਨੂੰ ਜ਼ਿੰਦਗੀ ਨੂੰ ਜਿਊਣ ਦੀ ਪ੍ਰੇਰਣਾ ਵੀ ਦਿੰਦੀ ਹੈ ਕਿਉਂਕਿ ਇਕ ਮੁੱਠੀ ਚੁੱਕ ਕੇ ਦੂਸਰੀ ਮੁੱਠੀ ਤਿਆਰ ਕਰਨ ਦਾ ਮਤਲਬ ਹੈ ਕਿ ਜ਼ਿੰਦਗੀ ਦੇ ਵਿਚ ਗਤੀਸ਼ੀਲਤਾ ਅਤੇ ਨਿਰੰਤਰਤਾ ਜ਼ਰੂਰੀ ਹੈ। ਜੇ ਸਾਡੇ ਕੋਲ ਕਰਨ ਲਈ ਕੰਮ ਹੈ, ਜ਼ਿੰਮੇਵਾਰੀਆਂ ਹਨ ਤਾਂ ਇਸ ਦਾ ਮਤਲਬ ਇਹ ਹੈ ਕਿ ਅਸੀਂ ਖ਼ੁਸ਼ਕਿਸਮਤ ਹਾਂ ਕਿਉਂਕਿ ਦਿਨੋ ਦਿਨ ਵਧ ਰਹੀ ਬੇਰੁਜ਼ਗਾਰੀ ਅਤੇ ਇਕੱਲੇਪਨ ਦੀ ਸਮੱਸਿਆ ਵੀ ਸਾਡੇ ਦੇਸ਼ ਵਿਚ ਗੰਭੀਰ ਰੂਪ ਧਾਰਨ ਕਰ ਰਹੀ ਹੈ। ਜੇ ਅਸੀਂ ਮਾਂ ਪਿਓ ਦੇ ਸਿਰ 'ਤੇ ਬਚਪਨ ਦੇ ਵਿਚ ਐਸ਼ ਕੀਤੀ ਹੈ, ਜਵਾਨੀ ਦੇ ਵਿਚ ਮੌਜਾਂ ਮਾਣੀਆਂ ਹਨ ਤਾਂ ਹੁਣ ਉਮਰ ਦੇ ਇਸ ਪੜਾਅ ਵਿਚ ਸਾਨੂੰ ਵੀ ਆਪਣੇ ਮਾਪਿਆਂ ਵਾਂਗ ਜ਼ਿੰਮੇਵਾਰੀਆਂ ਨੂੰ ਬਾਖ਼ੂਬੀ ਨਿਭਾਉਣਾ ਚਾਹੀਦਾ ਹੈ। ਕਿਉਂਕਿ ਜ਼ਿੰਦਗੀ ਦੇ ਹਰ ਪੜਾਅ ਦਾ ਅਨੰਦ ਉਹੀ ਵਿਅਕਤੀ ਲੈ ਸਕਦਾ ਹੈ ਜੋ ਆਪਣੀ ਜ਼ਿੰਮੇਵਾਰੀਆਂ ਨੂੰ ਪੂਰੀ ਤਨ ਦੇਹੀ ਨਾਲ ਨਿਭਾਉਂਦਾ ਹੈ। ਸਾਡੇ ਗੁਰੂਆਂ ਪੀਰਾਂ ਨੇ ਵੀ ਸਾਨੂੰ ਹੱਥੀਂ ਕੰਮ ਕਰਨ ਤੇ ਆਪਣੀਆਂ ਜ਼ਿੰਮੇਵਾਰੀਆਂ ਨੂੰ ਸਲੀਕੇ ਨਾਲ ਨਿਭਾਉਣ ਦੀ ਪ੍ਰੇਰਨਾ ਦਿੱਤੀ ਹੈ। ਕਿਸੇ ਸ਼ਾਇਰ ਨੇ ਬਾਖ਼ੂਬੀ ਕਿਹਾ ਹੈ, 'ਰੁਕਣਾ ਥੰਮਣਾ ਮੌਤ ਨਿਸ਼ਾਨੀ, ਦੇਵੇ ਸੜ੍ਹਾਂਦ ਖੜ੍ਹੋਤਾ ਪਾਣੀ।' ਸੋ ਜ਼ਿੰਦਗੀ ਚਲਦੀ ਰਹਿਣੀ ਚਾਹੀਦੀ ਹੈ। •

**ਅਜੋਕੇ ਸਮੇਂ ਵਿਚ ਭੰਡਾ ਭੰਡਾਰੀਆ ਵਾਲੀ ਖੇਡ ਸਾਨੂੰ ਜ਼ਿੰਦਗੀ ਨੂੰ ਜਿਉਣ ਦੀ ਪ੍ਰੇਰਣਾ ਦਿੰਦੀ ਹੈ ਕਿਉਂਕਿ ਇਕ ਮੁੱਠੀ ਚੁੱਕ ਕੇ ਦੂਸਰੀ ਤਿਆਰ ਕਰਨ ਦਾ ਮਤਲਬ ਹੈ ਕਿ ਜ਼ਿੰਦਗੀ ਵਿਚ ਗਤੀਸ਼ੀਲਤਾ ਤੇ ਨਿਰੰਤਰਤਾ ਬਣੀ ਰਹਿਣੀ ਚਾਹੀਦੀ ਹੈ ...**



### ਜ਼ਿੰਮੇਵਾਰੀ

ਮੈਨੂੰ ਯਾਦ ਹੈ ਜਦੋਂ ਮੈਂ ਸਕੂਲ ਵਿਚ ਨੌਵੀਂ ਜਮਾਤ ਵਿਚ ਪੜ੍ਹਦੀ ਸੀ ਤਾਂ ਮੈਂ ਆਪਣੇ ਮੰਮੀ ਪਾਪਾ ਨੂੰ ਪੁੱਛਿਆ ਕਿ ਤੁਸੀ ਸਵੇਰੇ ਇੰਨੀ ਜਲਦੀ ਕਿਉਂ ਉੱਠ ਜਾਂਦੇ ਹੋ। ਜ਼ਿਕਰਯੋਗ ਹੈ ਕਿ ਮੇਰੇ ਮੰਮੀ ਹੁਣ ਰਿਟਾਇਰਡ ਅਧਿਆਪਕਾ ਹਨ ਉਸ ਸਮੇਂ ਜਲਦੀ ਸਕੂਲ ਜਾਂਦੇ ਅਤੇ ਸਾਨੂੰ ਵੀ ਤਿਆਰ ਕਰ ਕੇ ਸਕੂਲ ਭੇਜ ਦੇ ਤਾਂ ਮੇਰੇ ਪਾਪਾ ਨੇ ਕਿਹਾ ਕਿ ਤੁਹਾਡੇ ਬੱਚਿਆਂ ਦੇ ਫ਼ਿਕਰ ਕਰਕੇ ਹੀ ਸਾਡੀ ਅੱਖ ਖੁੱਲ੍ਹ ਜਾਂਦੀ ਹੈ। ਨਾਲੇ ਜਦੋਂ ਸਿਰ ਉੱਪਰ ਜ਼ਿੰਮੇਵਾਰੀ ਹੋਵੇ ਤਾਂ ਆਪਣੇ ਆਪ ਹੀ ਜਾਗ ਆ ਜਾਂਦੀ ਹੈ। ਮੈਨੂੰ ਯਾਦ ਹੈ ਉਦੋਂ ਅਸੀਂ ਅਲਾਰਮ ਲਗਾ ਕੇ ਸੌਂਦੇ ਪਰ ਕਦੀ ਵੀ ਅਲਾਰਮ ਦੀ ਘੰਟੀ ਮੈਨੂੰ ਨਹੀਂ ਸੀ ਸੁਣਦੀ। ਮੰਮੀ ਦੀਆਂ ਕਈ ਆਵਾਜ਼ਾਂ ਮਾਰਨ ਤੋਂ ਬਾਅਦ ਹੀ ਅਸੀਂ ਉੱਠਦੇ ਸੀ ਪਰ ਹੁਣ ਤਾਂ ਮੇਰੀ ਅੱਖ ਵੀ ਅਲਾਰਮ ਵੱਜਣ ਤੋਂ ਪਹਿਲਾਂ ਹੀ ਖੁੱਲ੍ਹ ਜਾਂਦੀ ਹੈ। ਹਰ ਬੰਦਾ ਐਕਸਪ੍ਰੈਸ ਵਾਂਗ ਭੱਜਿਆ ਹੀ ਜਾ ਰਿਹਾ ਹੈ ਜ਼ਿੰਦਗੀ ਬਹੁਤ ਤੇਜ਼ੀ ਨਾਲ ਅੱਗੇ ਵਧ ਰਹੀ ਹੈ ਪਰ ਕਿਤੇ ਵੀ ਠਹਿਰਾਅ ਜਾਂ ਸਕੂਨ ਨਜ਼ਰ ਨਹੀ ਆ ਰਿਹਾ। ਰਹਿੰਦੀ ਖੂੰਹਦੀ ਕਸਰ ਮੋਬਾਈਲ ਅਤੇ ਇੰਟਰਨੈਟ ਨੇ ਪੂਰੀ ਕਰ ਦਿੱਤੀ ਹੈ। ਅੱਜ ਕੱਲ੍ਹ ਸੋਸ਼ਲ ਮੀਡੀਆ ਤੇ ਜ਼ਿਆਦਾ ਦਿਲਚਸਪ ਸਮੱਗਰੀ ਵੀ ਮਿਲ ਜਾਂਦੀ ਹੈ ਅਤੇ ਗੱਲਾਂ ਬਾਤਾਂ ਦਾ ਕੋਟਾ ਵੀ ਪੂਰਾ ਹੋ ਜਾਂਦਾ ਹੈ।



# ਨੌਜਵਾਨ ਸੁਧਾਰ ਸਭਾ ਵੱਲੋਂ 23 ਮਾਰਚ ਦੇ ਸ਼ਹੀਦਾਂ ਨੂੰ ਸਮਰਪਿਤ ਮਸ਼ਾਲ ਮਾਰਚ ਕੱਢਿਆ ਗਿਆ

ਮਾਛੀਵਾੜਾ ਸਾਹਿਬ, 29 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਨੌਜਵਾਨ ਸੁਧਾਰ ਸਭਾ ਮਾਛੀਵਾੜਾ ਸਾਹਿਬ ਵੱਲੋਂ 23 ਮਾਰਚ ਦੇ ਸ਼ਹੀਦ ਭਗਤ ਸਿੰਘ ਰਾਜਗੁਰੂ ਅਤੇ ਸੁਖਦੇਵ ਦੀ ਸ਼ਹੀਦੀ ਨੂੰ ਸ਼ਰਧਾਂਜਲੀ ਦੇਣ ਲਈ ਇਕ ਮਸ਼ਾਲ ਮਾਰਚ ਕੱਢਿਆ ਗਿਆ। ਇਹ ਮਸ਼ਾਲ ਮਾਰਚ ਸ਼ਾਮ 7 ਵਜੇ ਸਥਾਨਕ ਇੰਦਰਾ ਕਲੋਨੀ ਤੋਂ ਸ਼ੁਰੂ ਹੋਇਆ ਅਤੇ ਬਾਜ਼ਾਰ ਵਿੱਚੋਂ ਹੁੰਦਾ ਹੋਇਆ ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਜਾ ਕੇ ਸਮਾਪਤ ਹੋਇਆ। ਇਸ ਮਸ਼ਾਲ ਮਾਰਚ ਨੂੰ ਸੰਬੋਧਨ ਕਰਦਿਆਂ ਵੱਖ-ਵੱਖ ਜਥੇਬੰਦੀਆਂ ਦੇ ਆਗੂਆਂ ਨੇ ਕਿਹਾ ਕਿ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਹੋਰਾਂ ਦੀ ਕੁਰਬਾਨੀ ਸਦਕਾ ਹੀ ਅੱਜ ਅਸੀਂ ਆਜ਼ਾਦੀ ਦਾ ਨਿੱਘ ਮਾਣ ਰਹੇ ਹਾਂ।

ਆਗੂਆਂ ਨੇ ਕਿਹਾ ਕਿ ਸਮੇਂ ਦੀਆਂ ਸਰਕਾਰਾਂ ਇਹਨਾਂ ਸ਼ਹੀਦਾਂ ਦਾ ਨਾਮ ਕੇਵਲ ਵੋਟਾਂ ਲਈ ਵਰਤਦੀਆਂ ਹਨ ਅਤੇ ਜਦੋਂ ਇਨ੍ਹਾਂ ਸ਼ਹੀਦਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਦੀ ਆਵਾਜ਼ ਉਠਾਈ ਜਾਂਦੀ ਹੈ ਤਾਂ ਸਰਕਾਰਾਂ ਹੀ ਇਸ ਆਵਾਜ਼ ਨੂੰ ਦਬਾਉਣ ਵਿੱਚ ਮੋਹਰੀ ਭੂਮਿਕਾ ਨਿਭਾਉਂਦੀਆਂ ਹਨ। ਉਹਨਾਂ ਨੌਜਵਾਨਾਂ ਤੇ ਲੋਕਾਂ ਨੂੰ ਅਪੀਲ ਕੀਤੀ ਕਿ ਸ਼ਹੀਦਾਂ ਦੇ ਸੁਪਨਿਆਂ ਨੂੰ ਪੂਰਾ ਕਰਨ ਲਈ ਉਹਨਾਂ ਦੇ ਪਾਏ ਪੂਰਨਿਆਂ ਤੇ ਚੱਲਣ ਦੀ ਲੋੜ ਹੈ ਅਤੇ ਉਹਨਾਂ ਦੇ ਜੀਵਨ ਤੇ ਆਧਾਰਤ ਕਿਤਾਬਾਂ ਪੜ੍ਹ ਕੇ ਗਿਆਨ ਲੈਣ ਦੀ ਲੋੜ ਹੈ ਤਾਂ ਜੋ ਪੰਜਾਬ ਨੂੰ ਗਰੀਬ, ਬੇਰੁਜ਼ਗਾਰੀ, ਨਸ਼ਿਆਂ ਅਤੇ ਭ੍ਰਿਸ਼ਟ ਆਗੂਆਂ ਤੋਂ ਬਚਾਇਆ ਜਾ ਸਕੇ। ਇਸ ਮਾਰਚ ਵਿਚ ਨੌਜਵਾਨ ਸੁਧਾਰ ਸਭਾ ਦੇ ਪ੍ਰਧਾਨ



ਯੁੱਧਵੀਰ ਸਿੰਘ, ਬਲਵੀਰ ਸਿੰਘ, ਛਿੰਦਰਪਾਲ, ਕਾਮਰੇਡ ਦਰਸ਼ਨ ਸਿੰਘ, ਕਰਮਜੀਤ ਸਿੰਘ ਲੋਪੋਂ, ਜਸਪਾਲ ਸਿੰਘ ਜੱਜ, ਪਰਮਜੀਤ ਸਿੰਘ ਨੀਲੋਂ, ਰਾਜ ਕੁਮਾਰ, ਸੁੱਖਾ ਸਿੰਘ, ਦਲੇਰ ਸਿੰਘ, ਗੁਰਦੀਪ ਸਿੰਘ, ਮਸਤਾ ਸਿੰਘ, ਪ੍ਰੇਮ ਅਮਨ, ਮਨਜੀਤ ਕੌਰ, ਡੌਲੀ, ਹਰਪ੍ਰੀਤ ਕੌਰ, ਹਰਦੀਪ ਕੌਰ, ਅਮਰਜੀਤ ਕੌਰ, ਗੰਗਾ ਰਾਣੀ, ਸੁਖਵਿੰਦਰ ਕੌਰ, ਮਨਦੀਪ ਕੌਰ, ਰਾਮ ਰਤਨ, ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਆਗੂ ਲਖਵੀਰ ਸਿੰਘ, ਬੀਕੇਯੂ ਦੇ ਆਗੂ ਸੁਖਵਿੰਦਰ ਸਿੰਘ ਢਿੱਲੋਂ, ਕਰਮਜੀਤ ਸਿੰਘ ਮਾਂਗਟ, ਬਲਿਹਾਰ ਸਿੰਘ, ਅਮਰਜੀਤ ਸਿੰਘ ਕੰਗ, ਕਾਮਰੇਡ ਰਣਜੀਤ ਸਿੰਘ, ਰਣਜੀਤ ਸਿੰਘ ਗਿੱਲ, ਕੇਵਲ ਸਿੰਘ ਕੱਦੋਂ, ਰਾਮ ਸਿੰਘ ਕਾਲੜਾ ਅਤੇ ਵੱਡੀ ਗਿਣਤੀ ਵਿਚ ਨੌਜਵਾਨਾਂ ਅਤੇ ਬੱਚਿਆਂ ਨੇ ਮਸ਼ਾਲ ਮਾਰਚ ਵਿੱਚ ਭਾਗ ਲਿਆ।

## ਸ਼ੰਭੂ ਬਾਰਡਰ 'ਤੇ ਇੱਕ ਹੋਰ ਕਿਸਾਨ ਦੀ ਮੌਤ

ਪਟਿਆਲਾ, 29 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਕਿਸਾਨ ਅੰਦੋਲਨ-2 ਦੇ ਅਧੀਨ ਅੰਦੋਲਨਕਾਰੀ ਕਿਸਾਨਾ ਦੀਆਂ ਮੌਤਾਂ ਦਾ ਸਿਲਸਿਲਾ ਲਗਾਤਾਰ ਜਾਰੀ ਹੈ ਜਿਸ ਦੌਰਾਨ ਅੱਜ ਇੱਕ ਹੋਰ ਕਿਸਾਨ ਨੇ ਆਪਣੀ ਜਿੰਦ ਇਸ ਸੰਘਰਸ਼ ਦੇ ਲੇਖੇ ਲਾ ਦਿਤੀ। ਇਸ ਤਰਾਂ ਇਸ ਅੰਦੋਲਨ ਨੂੰ ਡੇਢ ਮਹੀਨਾ ਪੂਰਾ ਹੋਣ ਤੋਂ ਪਹਿਲਾਂ ਹੀ ਸ਼ੁਭਕਰਨ ਸਿੰਘ ਸਮੇਤ 12 ਕਿਸਾਨ ਮੌਤ ਦੇ ਮੂੰਹ ਜਾ ਪਏ ਹਨ। ਅੱਜ ਮੌਤ ਦੇ ਮੂੰਹ ਗਿਆ ਇਹ ਕਿਸਾਨ ਸ਼ੇਰ ਸਿੰਘ (70) ਪੁੱਤਰ ਰੁਲਦਾ ਸਿੰਘ ਪਟਿਆਲਾ ਦੇ ਨਾਲ ਲੱਗਦੇ ਥਾਣਾ ਬਖਸ਼ੀਵਾਲਾ ਦੇ ਪਿੰਡ ਸਿੱਧੂਵਾਲ ਦਾ ਵਸਨੀਕ ਸੀ। ਜਾਣਕਾਰੀ ਅਨੁਸਾਰ ਉਹ ਕਈ ਦਿਨਾ ਤੋਂ ਸ਼ੰਭੂ ਬਾਰਡਰ 'ਤੇ ਸਰਗਰਮ ਸੀ। ਪਰ 25 ਮਾਰਚ ਨੂੰ ਅਚਾਨਕ ਹੀ ਉਸ ਦਾ ਸ਼ੂਗਰ ਲੈਵਲ ਵਧਣ ਸਮੇਤ ਉਸ ਨੂੰ ਬੁਖਾਰ ਵੀ ਹੋ ਗਿਆ। ਜਿਸ ਕਾਰਨ ਉਸ ਨੂੰ ਤੁਰੰਤ ਸਿਵਲ ਹਸਪਾਤਲ ਰਾਜਪੁਰਾ ਵਿਖੇ ਲਿਜਾਇਆ ਗਿਆ। ਪਰ ਹਾਲਤ 'ਚ ਸੁਧਾਰ ਨਾ ਹੁੰਦਾ ਦੇਖ, ਉਥੋਂ ਦੇ ਡਾਕਟਰਾਂ ਨੇ ਸ਼ੇਰ ਸਿੰਘ ਨੂੰ ਰੈਫਰ ਕਰਦਿਆਂ ਸਰਕਾਰੀ ਰਜਿੰਦਰਾ ਹਸਪਤਾਲ ਪਟਿਆਲਾ ਵਿਖੇ ਭੇਜ ਦਿਤਾ।

# ਪੰਜਾਬ ਪੁਲਿਸ ਦੀ ਨਸ਼ਿਆਂ ਖਿਲਾਫ ਵੱਡੀ ਕਾਰਵਾਈ

ਅੰਮ੍ਰਿਤਸਰ, 29 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਅੰਮ੍ਰਿਤਸਰ ਤੋਂ ਪੰਜਾਬ ਦੇ ਡੀ.ਜੀ.ਪੀ. ਗੌਰਵ ਯਾਦਵ ਦੀਆਂ ਹਦਾਇਤਾਂ 'ਤੇ ਸ਼ਰਾਬ ਮਾਫੀਆ ਖਿਲਾਫ ਵੱਡੀ ਤਲਾਸ਼ੀ ਮੁਹਿੰਮ ਚਲਾਉਂਦੇ ਹੋਏ ਨਸ਼ੀਲੇ ਪਦਾਰਥਾਂ ਦੀ ਵੱਡੀ ਖੇਪ ਬਰਾਮਦ ਕੀਤੀ ਹੈ। ਕਾਰਵਾਈ ਕਰਦਿਆਂ ਅੰਮ੍ਰਿਤਸਰ ਬਾਰਡਰ ਰੇਂਜ ਦੇ ਚਾਰ ਜ਼ਿਲ੍ਹਿਆਂ ਦਰਮਿਆਨ 48 ਤਸਕਰਾਂ ਨੂੰ ਕਾਬੂ ਕੀਤਾ ਗਿਆ ਹੈ। ਫੜੇ ਗਏ ਮੁਲਜ਼ਮਾਂ ਕੋਲੋਂ ਪੁਲੀਸ ਨੇ 4 ਕਿਲੋ ਗਾਂਜਾ, 12.69 ਲੱਖ ਮਿਲੀਲੀਟਰ ਸ਼ਰਾਬ, 63,450 ਲੀਟਰ ਲਾਹਣ ਅਤੇ 51 ਹਜ਼ਾਰ ਰੁਪਏ ਦੀ ਡਰੱਗ ਮਨੀ ਵੀ ਬਰਾਮਦ ਕੀਤੀ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਅੰਮ੍ਰਿਤਸਰ ਬਾਰਡਰ ਰੇਂਜ ਦੇ ਨਵ-ਨਿਯੁਕਤ ਡੀ.ਆਈ.ਜੀ. ਰਾਕੇਸ਼ ਕੌਸ਼ਲ ਨੇ ਦੱਸਿਆ ਕਿ ਅੰਮ੍ਰਿਤਸਰ ਸਰਹੱਦੀ ਰੇਂਜ ਦੇ ਚਾਰ ਪੁਲੀਸ ਜ਼ਿਲ੍ਹਿਆਂ ਵਿੱਚ ਅੰਮ੍ਰਿਤਸਰ ਅਤੇ ਦਿਹਾਤੀ ਪੁਲੀਸ ਜ਼ਿਲ੍ਹੇ ਬਟਾਲਾ, ਗੁਰਦਾਸਪੁਰ ਅਤੇ ਪਠਾਨਕੋਟ ਸ਼ਾਮਲ ਹਨ। ਇਨ੍ਹਾਂ ਚਾਰ ਜ਼ਿਲ੍ਹਿਆਂ ਦੇ 1200 ਪੁਲਿਸ ਮੁਲਾਜ਼ਮਾਂ ਅਤੇ ਅਧਿਕਾਰੀਆਂ ਨੇ ਭਾਗ ਲਿਆ।

ਉਨ੍ਹਾਂ ਦੱਸਿਆ ਕਿ ਅੰਮ੍ਰਿਤਸਰ ਦੇਹਾਤੀ ਤੋਂ 19, ਬਟਾਲਾ ਤੋਂ 16, ਗੁਰਦਾਸਪੁਰ ਤੋਂ 9 ਅਤੇ ਪਠਾਨਕੋਟ ਤੋਂ 4 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।

ਪੁਲਿਸ ਨੂੰ ਤਸਕਰਾਂ ਨੂੰ ਫੜਨ ਲਈ ਦਰਿਆ ਦੇ ਵਿਚਕਾਰ ਕਿਸ਼ਤੀ ਵੀ ਵਰਤਣੀ ਪਈ। ਇਸ ਤੋਂ ਇਲਾਵਾ ਜ਼ਮੀਨ ਵਿੱਚ ਦੱਬੀ ਹੋਈ ਸ਼ਰਾਬ ਨੂੰ ਬਾਹਰ ਕੱਢਿਆ ਗਿਆ।

## ਕੁਲਤਾਰ ਸਿੰਘ ਸੰਧਵਾਂ ਵੱਲੋਂ ਜਗੀਰ ਸਿੰਘ ਜਗਤਾਰ ਦੇ ਦੇਹਾਂਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ

ਚੰਡੀਗੜ੍ਹ, 29 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਵਿਧਾਨ ਸਭਾ ਦੇ ਸਪੀਕਰ ਸ. ਕੁਲਤਾਰ ਸਿੰਘ ਸੰਧਵਾਂ ਨੇ ਸ਼੍ਰੋਮਣੀ ਪੱਤਰਕਾਰ ਸ੍ਰੀ ਜਗੀਰ ਸਿੰਘ ਜਗਤਾਰ ਦੇ ਦੇਹਾਂਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

ਅੱਜ ਇੱਥੋਂ ਜਾਰੀ ਬਿਆਨ ਵਿੱਚ ਵਿਧਾਨ ਸਭਾ ਸਪੀਕਰ ਨੇ ਕਿਹਾ ਕਿ ਸ੍ਰੀ ਜਗੀਰ ਸਿੰਘ ਜਗਤਾਰ ਦੇ ਦੇਹਾਂਤ ਨਾਲ ਪੱਤਰਕਾਰੀ ਜਗਤ ਨੂੰ ਵੱਡਾ ਘਾਟਾ ਪਿਆ ਹੈ। ਉਨ੍ਹਾਂ ਕਿਹਾ ਕਿ ਸ੍ਰੀ ਜਗਤਾਰ ਨੇ 40 ਸਾਲ ਦੇ ਲੰਮੇ ਅਰਸੇ ਦੌਰਾਨ ਬਤੌਰ ਪੱਤਰਕਾਰ (ਪੰਜਾਬੀ ਟ੍ਰਿਬਿਊਨ) ਸੇਵਾਵਾਂ ਨਿਭਾਈਆਂ ਹਨ।

ਉਨ੍ਹਾਂ ਕਿਹਾ ਕਿ ਸ੍ਰੀ ਜਗਤਾਰ ਵੱਲੋਂ ਨਿਭਾਈਆਂ ਗਈਆਂ ਯਾਦਗਾਰੀ ਸੇਵਾਵਾਂ ਨੂੰ



ਹਮੇਸ਼ਾ ਯਾਦ ਰੱਖਿਆ ਜਾਵੇਗਾ।

ਸਪੀਕਰ ਨੇ ਪ੍ਰਮਾਤਮਾ ਅੱਗੇ ਅਰਦਾਸ ਕੀਤੀ ਕਿ ਉਹ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਸਦੀਵੀ ਨਿਵਾਸ ਬਖਸ਼ਣ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ।

# ਭਾਜਪਾ ਦਾ ਪੰਜਾਬ ਵਿੱਚ ਲੋਕ ਸਭਾ ਚੋਣਾਂ ਇਕੱਲਿਆਂ ਲੜਨ ਦਾ ਫੈਸਲਾ ਪਾਰਟੀ ਵਰਕਰਾਂ ਦੀਆਂ ਭਾਵਨਾਵਾਂ ਦੀ ਜਿੱਤ: ਸਰੂਪ ਸਿੰਗਲਾ

ਬਠਿੰਡਾ, 29 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਲੋਕ ਸਭਾ ਚੋਣਾਂ ਤੋਂ ਪਹਿਲਾਂ ਭਾਰਤੀ ਜਨਤਾ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ ਵਿਚਾਲੇ ਗੱਠਜੋੜ ਦੀ ਹੋ ਰਹੀ ਚਰਚਾ ਨੂੰ ਉਸ ਸਮੇਂ ਵਿਰਾਮ ਲੱਗ ਗਿਆ, ਜਦੋਂ ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਨੇ ਗਠਜੋੜ ਨੂੰ ਨਕਾਰਦਿਆਂ ਪੰਜਾਬ ਦੀਆਂ ਸਾਰੀਆਂ 13 ਲੋਕ ਸਭਾ ਸੀਟਾਂ 'ਤੇ ਆਪਣੇ ਦਮ 'ਤੇ ਚੋਣ ਲੜਨ ਦਾ ਐਲਾਨ ਕਰ ਦਿੱਤਾ। ਉਨ੍ਹਾਂ ਦੇ ਉਪਰੋਕਤ ਐਲਾਨ ਤੋਂ ਬਾਅਦ ਪੰਜਾਬ ਭਾਜਪਾ ਦੇ ਆਗੂਆਂ ਅਤੇ ਵਰਕਰਾਂ ਵਿੱਚ ਖੁਸ਼ੀ ਦੀ ਲਹਿਰ ਵੇਖੀ ਜਾ ਰਹੀ ਹੈ। ਇਸ 'ਤੇ ਪ੍ਰਤੀਕਰਮ ਦਿੰਦਿਆਂ ਭਾਰਤੀ ਜਨਤਾ ਪਾਰਟੀ ਦੇ ਬਠਿੰਡਾ ਜ਼ਿਲ੍ਹਾ ਪ੍ਰਧਾਨ ਅਤੇ ਸਾਬਕਾ ਵਿਧਾਇਕ ਸਰੂਪ ਚੰਦ ਸਿੰਗਲਾ ਨੇ ਕਿਹਾ ਕਿ ਭਾਰਤੀ ਜਨਤਾ ਪਾਰਟੀ ਵੱਲੋਂ ਪੰਜਾਬ ਵਿੱਚ ਲੋਕ ਸਭਾ ਚੋਣਾਂ ਆਪਣੇ ਬਲਬੂਤੇ 'ਤੇ ਲੜਨ ਦਾ ਫੈਸਲਾ ਇਤਿਹਾਸਕ ਅਤੇ ਸ਼ਲਾਘਾਯੋਗ ਫੈਸਲਾ ਹੈ।

ਉਨ੍ਹਾਂ ਕਿਹਾ ਕਿ ਭਾਜਪਾ ਹਾਈਕਮਾਂਡ ਨੇ ਉਕਤ ਫੈਸਲੇ ਨਾਲ ਪੰਜਾਬ ਭਾਜਪਾ ਦੇ ਵਰਕਰਾਂ ਦਾ ਸਨਮਾਨ ਕੀਤਾ ਹੈ ਅਤੇ ਇਹ ਫੈਸਲਾ ਭਾਰਤੀ ਜਨਤਾ ਪਾਰਟੀ ਦੇ ਹਰ ਵਰਕਰ ਦੀਆਂ ਭਾਵਨਾਵਾਂ ਦੀ ਜਿੱਤ ਹੈ। ਜ਼ਿਲ੍ਹਾ ਪ੍ਰਧਾਨ ਸ੍ਰੀ ਸਿੰਗਲਾ ਨੇ ਕਿਹਾ ਕਿ ਸਮੁੱਚਾ ਪੰਜਾਬ ਭਾਰਤ ਦੇ ਹਰਮਨ ਪਿਆਰੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੇ ਨਾਲ ਹੈ ਅਤੇ ਲੋਕ ਸਭਾ ਚੋਣਾਂ ਵਿੱਚ ਇਤਿਹਾਸਕ ਨਤੀਜੇ ਸਾਹਮਣੇ ਆਉਣਗੇ। ਉਨ੍ਹਾਂ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ , ਗ੍ਰਹਿ ਮੰਤਰੀ ਸ਼੍ਰੀ ਅਮਿਤ ਸ਼ਾਹ , ਰਾਸ਼ਟਰੀ ਪ੍ਰਧਾਨ ਜੇ.ਪੀ ਨੱਡਾ ਅਤੇ ਸਮੁੱਚੀ ਹਾਈਕਮਾਂਡ ਦਾ ਭਾਜਪਾ ਵੱਲੋਂ ਸ਼੍ਰੋਮਣੀ ਅਕਾਲੀ ਦਲ ਨਾਲ ਗਠਜੋੜ ਨਾ ਕਰਨ ਦੇ ਲਏ ਫੈਸਲੇ ਲਈ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਇਸ ਫੈਸਲੇ ਨਾਲ ਪਾਰਟੀ ਵਰਕਰਾਂ ਵਿਚ ਨਵਾਂ ਉਤਸ਼ਾਹ ਪੈਦਾ ਹੋਇਆ ਹੈ ਅਤੇ ਉਕਤ ਲੋਕ ਸਭਾ ਚੋਣਾਂ ਵਿਚ ਹਰ ਵਰਕਰ ਤਨਦੇਹੀ ਨਾਲ ਕੰਮ ਕਰੇਗਾ। ਸ਼੍ਰੀ ਸਿੰਗਲਾ ਨੇ ਕਿਹਾ ਕਿ ਭਾਰਤੀ ਜਨਤਾ ਪਾਰਟੀ ਨੇ ਆਪਣੀਆਂ ਸਕੀਮਾਂ



ਨੂੰ ਜ਼ਮੀਨੀ ਪੱਧਰ ਤੱਕ ਲਾਗੂ ਕੀਤਾ ਹੈ ਅਤੇ ਅੱਜ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਦੀ ਅਗਵਾਈ ਵਿੱਚ ਦੇਸ਼ ਦਾ ਹਰ ਵਰਗ ਖੁਸ਼ ਹੈ।

ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਚਲਾਈਆਂ ਗਈਆਂ ਲੋਕ ਭਲਾਈ ਸਕੀਮਾਂ ਸਦਕਾ ਇਸ ਵਾਰ ਭਾਜਪਾ 400 ਤੋਂ ਵੱਧ ਸੀਟਾਂ ਜਿੱਤ ਕੇ ਇਤਿਹਾਸ ਸਿਰਜੇਗੀ ਅਤੇ ਸ੍ਰੀ ਨਰਿੰਦਰ ਮੋਦੀ ਤੀਜੀ ਵਾਰ ਭਾਰਤ ਦੇ ਪ੍ਰਧਾਨ ਸੇਵਕ ਬਣਨਗੇ। ਉਨ੍ਹਾਂ ਭਾਜਪਾ ਵਰਕਰਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਜ਼ਮੀਨੀ ਪੱਧਰ 'ਤੇ ਘਰ-ਘਰ ਜਾ ਕੇ ਪਾਰਟੀ ਦੀਆਂ ਨੀਤੀਆਂ ਤੇ ਸਕੀਮਾਂ ਬਾਰੇ ਜਾਣਕਾਰੀ ਦੇ ਕੇ ਆਪਣੀ ਪੂਰੀ ਤਾਕਤ ਨਾਲ ਕੰਮ ਕਰਨ, ਤਾਂ ਜੋ ਭਾਜਪਾ ਹਾਈਕਮਾਂਡ ਵੱਲੋਂ ਵਰਕਰਾਂ ਦੀਆਂ ਭਾਵਨਾਵਾਂ ਦਾ ਸਨਮਾਨ ਕਰਦਿਆਂ ਲਏ ਗਏ ਉਕਤ ਫੈਸਲੇ ਨੂੰ ਸਹੀ ਸਾਬਤ ਕੀਤਾ ਜਾ ਸਕੇ।

## ਚੌਂਕੀ ਰੋਹਟੀ ਪੁਲ ਨਾਭਾ ਅਤੇ ਐਕਸਾਈਜ਼ ਟੀਮ ਵੱਲੋਂ ਕੀਤੀ ਨਾਕਾਬੰਦੀ



ਨਾਭਾ, 29 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਐਸ ਐਸ ਪੀ ਪਟਿਆਲਾ ਸ਼੍ਰੀ ਵਰੁਣ ਸ਼ਰਮਾ ਅਤੇ ਉਪ ਕਪਤਾਨ ਪੁਲਿਸ ਨਾਭਾ ਸ਼੍ਰੀ ਦਵਿੰਦਰ ਅੱਤਰੀ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਥਾਣਾ ਸਦਰ ਨਾਭਾ ਦੇ ਇੰਚਾਰਜ ਸਬ ਇੰਸਪੈਕਟਰ ਸੁਖਦੇਵ ਸਿੰਘ ਦੀ ਯੋਗ ਅਗਵਾਈ ਵਿੱਚ ਚੌਂਕੀ ਰੋਹਟੀ ਪੁਲ ਨਾਭਾ ਦੇ ਇੰਚਾਰਜ ਇੰਚਾਰਜ ਏ ਐਸ ਆਈ ਜੈਦੀਪ ਸ਼ਰਮਾ ਅਤੇ ਐਕਸਾਈਜ਼ ਟੀਮ ਪਟਿਆਲਾ ਨੇ ਨਾਕਾਬੰਦੀ ਕੀਤੀ। ਕਈ ਮੋਟਰਸਾਈਕਲਾਂ ਅਤੇ ਹੋਰ ਵਾਹਨਾਂ ਦੇ ਲੋੜੀਂਦੇ ਦਸਤਾਵੇਜ਼ ਨਾ ਹਨ ਕਰਕੇ ਚਲਾਨ ਕੱਟੇ ਗਏ ਅਤੇ ਅੱਗੇ ਤੋਂ ਜ਼ਰੂਰੀ ਕਾਗਜ਼ ਨਾਲ ਰੱਖਣ ਦੀ ਚੇਤਾਵਨੀ ਵੀ ਦਿੱਤੀ।

ਤਿਉਹਾਰ ਦੌਰਾਨ ਹੁਲੜਬਾਜ਼ਾਂ ਨੂੰ ਵੀ ਸਖ਼ਤ ਚੇਤਾਵਨੀ ਦਿਤੀ। ਚੌਂਕੀ ਇੰਚਾਰਜ ਜੈਦੀਪ ਸ਼ਰਮਾ ਨੇ ਦੱਸਿਆ ਕਿ ਉੱਚ ਅਧਿਕਾਰੀਆਂ ਦੇ ਦਿਸ਼ਾ ਨਿਰਦੇਸ਼ਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਸਮਾਜ ਦੇ ਕਿਸੇ ਵੀ ਭੈੜੇ ਅਨਸਰ ਨੂੰ ਬਖਸ਼ਿਆ ਨਹੀਂ ਜਾਵੇਗਾ ਨੇ ਹੀ ਸਿਰ ਚੁੱਕਣ ਦਿੱਤਾ ਜਾਵੇਗਾ।

# ਆੜ੍ਹਤੀ ਐਸੋਸੀਏਸ਼ਨ ਦੀ ਪ੍ਰਬੰਧਕੀ ਕਮੇਟੀ ਦਾ ਵਿਸਥਾਰ ਹੋਇਆ

## ਸਮੂਹ ਆੜ੍ਹਤੀ ਭਾਈਚਾਰਾ ਮੇਰਾ ਪਰਿਵਾਰ ਹੈ: ਪ੍ਰਧਾਨ ਕੁੰਦਰਾ

ਮਾਛੀਵਾੜਾ ਸਾਹਿਬ, 29 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਸਥਾਨਕ ਅਨਾਜ ਮੰਡੀ ਵਿੱਚ ਨਵ ਨਿਯੁਕਤ ਆੜ੍ਹਤੀ ਐਸੋਸੀਏਸ਼ਨ ਦਾ ਵਿਸਥਾਰ ਕਰਦਿਆਂ ਨਵੀਂ ਪ੍ਰਬੰਧਕ ਕਮੇਟੀ ਦੀ ਸਰਵ ਸੰਮਤੀ ਨਾਲ ਚੋਣ ਕੀਤੀ ਗਈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਆੜ੍ਹਤੀ ਐਸੋਸੀਏਸ਼ਨ ਦੇ ਪ੍ਰਧਾਨ ਮੋਹਿਤ ਕੁੰਦਰਾ ਨੇ ਦੱਸਿਆ ਕਿ



ਗੁਰਨਾਮ ਸਿੰਘ ਨਾਗਰਾ, ਟਹਿਲ ਸਿੰਘ ਅੰਜਲਾ ਤੇ ਕਰਨੈਲ ਸਿੰਘ ਢਿੱਲੋਂ ਸਰਪ੍ਰਸਤ, ਜੈਦੀਪ ਕਾਹਲੋਂ ਸੀਨੀਅਰ ਮੀਤ ਪ੍ਰਧਾਨ , ਸ਼ਸ਼ੀ ਭਾਟੀਆ, ਹਰਵਿੰਦਰ ਸਿੰਘ ਸੇਠੀਆਂ , ਰਾਜੀਵ ਕੌਸ਼ਲ ਮੀਤ ਪ੍ਰਧਾਨ, ਨਿਤਿਨ ਜੈਨ ਜਨਰਲ ਸਕੱਤਰ, ਬਲਵਿੰਦਰ ਸਿੰਘ ਮਾਨ ਜੁਆਇੰਟ ਸਕੱਤਰ ਤੇ ਸੰਦੀਪ ਸੂਦ ਨੂੰ ਕੈਸ਼ੀਅਰ ਚੁਣ ਲਿਆ ਗਿਆ ਹੈ। ਪ੍ਰਧਾਨ ਮੋਹਿਤ ਕੁੰਦਰਾ ਨੇ ਦੱਸਿਆ ਕਿ ਪ੍ਰਬੰਧਕ ਕਮੇਟੀ ਸਮੂਹ ਆੜ੍ਹਤੀ ਭਾਈਚਾਰੇ ਦੇ ਸਹਿਯੋਗ ਨਾਲ ਆੜ੍ਹਤੀਆ ਨੂੰ ਦਰਪੇਸ਼ ਮਸਲਿਆਂ ਨੂੰ ਹੱਲ ਕਰਨ ਲਈ ਯਤਨਸ਼ੀਲ ਰਹੇਗੀ। ਪ੍ਰਬੰਧਕ ਕਮੇਟੀ ਜੋ ਵੀ ਫੈਂਸਲਾ ਲਵੇਗੀ ਸਮੂਹ ਆੜ੍ਹਤੀ ਭਾਈਚਾਰੇ ਦੀ ਸਹਿਮਤੀ ਨਾਲ ਲਵੇਗੀ। ਪ੍ਰਧਾਨ ਕੁੰਦਰਾ ਨੇ ਕਿਹਾ ਕਿ ਸਮੂਹ ਆੜ੍ਹਤੀ ਭਾਈਚਾਰਾ ਮੇਰਾ ਪਰਿਵਾਰ ਹੈ ਅਤੇ ਮੈਂ ਆਪਣੇ ਪਰਿਵਾਰ ਨੂੰ ਨਾਲ ਲੈਕੇ ਚੱਲਾਂਗਾ।

## 36 ਨਜਾਇਜ ਸ਼ਰਾਬ ਦੀਆਂ ਬੋਤਲਾਂ ਸਮੇਤ, ਇੱਕ ਨੌਜਵਾਨ ਕਾਬੂ ਕੀਤਾ ਗਿਆ



ਨਾਭਾ, 29 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

)ਐਸ ਐਸ ਪੀ ਪਟਿਆਲਾ ਸ਼੍ਰੀ ਵਰੁਣ ਸ਼ਰਮਾ , ਡੀ ਐਸ ਪੀ ਸ਼੍ਰੀ ਦਵਿੰਦਰ ਅੱਤਰੀ ਨਾਭਾ ਦੇ ਦਿਸ਼ਾ ਨਿਰਦੇਸ਼ ਮੁਤਾਬਿਕ ਸਮਾਜ ਦੇ ਮਾੜੇ ਅਨਸਰਾਂ ਵਿਰੁੱਧ ਛੇੜੀ ਮੁਹਿੰਮ ਤਹਿਤ ਥਾਣਾ ਸਦਰ ਦੇ ਮੁੱਖ ਅਫਸਰ ਸਬ ਇੰਸਪੈਕਟਰ ਸੁਖਦੇਵ ਸਿੰਘ ਦੀ ਯੋਗ ਅਗਵਾਈ ਵਿੱਚ ਚੌਂਕੀ ਇੰਚਾਰਜ ਗਲਵਟੀ ਦੇ ਇੰਚਾਰਜ ਬਲਕਾਰ ਨੇ ਨਾਕੇ ਦੌਰਾਨ ਪਿੰਡ ਸਾਧੋਹੇੜੀ ਦੇ ਵਸਨੀਕ ਚਮਕੌਰ ਸਿੰਘ ਪੁੱਤਰ ਚੰਦ ਸਿੰਘ ਨੂੰ 36 ਬੋਤਲਾਂ ਨਾਜਾਇਜ਼ ਸ਼ਰਾਬ ਸਮੇਤ ਕਾਬੂ ਕੀਤਾ। ਥਾਣਾ ਸਦਰ ਨਾਭਾ ਨੇ 61/1/64 ਆਬਕਾਰੀ ਐਕਟ ਤਹਿਤ ਮੁਕੱਦਮਾ ਦਰਜ਼ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਮੌਨਿਕਾ ਸ਼ਰਮਾ 'ਆਪ' ਦੇ ਹਲਕਾ ਕੋਆਰਡੀਨੇਟਰ ਮਹਿਲਾ ਵਿੰਗ ਪਟਿਆਲਾ ਸ਼ਹਿਰੀ ਨਿਯੁਕਤ

ਪਟਿਆਲਾ, 29 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਉਘੇ ਸਮਾਜ ਸੇਵੀ ਤੇ ਆਮ ਆਦਮੀ ਪਾਰਟੀ ਨਾਲ ਪਿਛਲੇ ਕਾਫੀ ਸਮੇਂ ਤੋਂ ਜੁੜੀ ਤੇ ਪਾਰਟੀ ਦੀਆਂ ਨੀਤੀਆਂ ਨੂੰ ਘਰ ਘਰ ਪਹੁੰਚਾਉਣ ਵਾਲੀ ਮਹਿਲਾ ਜੁਝਾਰੂ ਵਲੰਟੀਅਰ ਮੌਨਿਕਾ ਸ਼ਰਮਾ ਨੂੰ ਆਮ ਆਦਮੀ ਪਾਰਟੀ ਨੇ ਹਲਕਾ ਕੋਆਰਡੀਨੇਟਰ ਮਹਿਲਾ ਵਿੰਗ ਪਟਿਆਲਾ ਸ਼ਹਿਰੀ ਨਿਯੁਕਤ ਕੀਤਾ ਹੈ । ਉਨ੍ਹਾਂ ਇਸ ਲਈ ਸਮੁੱਚੀ ਆਪ ਲੀਡਰਸ਼ਿਪ , ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ , ਮੁੱਖ ਮੰਤਰੀ ਭਗਵੰਤ ਮਾਨ , ਰਾਸ਼ਟਰੀ ਸੰਗਠਨ ਇੰਚਾਰਜ ਸੰਦੀਪ ਪਾਠਕ , ਕਾਰਜਕਾਰੀ ਸੂਬਾ ਪ੍ਰਧਾਨ ਬੁਧਰਾਮ, ਅਜੀਤਪਾਲ ਸਿੰਘ ਕੋਹਲੀ ਵਿਧਾਇਕ , ਪ੍ਰੀਤੀ



ਮਲਹੋਤਰਾ ਪ੍ਰਧਾਨ ਮਹਿਲਾ ਵਿੰਗ,ਵੀਰਪਾਲ ਕੌਰ, ਮੁਖਤਿਆਰ ਸਿੰਘ ਗਿੱਲ, ਜਗਰੂਪ ਸਿੰਘ ਸੇਖਵਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਤੇ ਕਿਹਾਕਿ ਉਹ ਆਉਣ ਵਾਲੀਆਂ ਪਾਰਲੀਮੈਂਟ ਚੋਣਾਂ 'ਚ ਮਹਿਲਾਵਾਂ ਨੂੰ ਨਾਲ ਲੈ ਕੇ ਘਰ ਘਰ ਜਾ ਕੇ ਪਾਰਟੀ ਉਮੀਦਵਾਰ ਦੇ ਹੱਕ 'ਚ ਡੱਟ ਕੇ ਪ੍ਰਚਾਰ ਕਰਨਗੇ ਤੇ ਪਾਰਟੀ ਜਿਥੇ ਵੀ ਡਿਊਟੀ ਲਗਾਏਗੀ ਉਹ ਦਿਨ ਰਾਤ ਇਕ ਕਰ ਦੇਣਗੇ ।

ਉਨ੍ਹਾਂ ਕਿਹਾਕਿ ਮਹਿਲਾ ਸ਼ਕਤੀ ਬਹੁਤ ਵੱਡੀ ਤਾਕਤ ਹੁੰਦੀ ਹੈ, ਤੇ ਉਹ ਪਾਰਟੀ ਦਾ ਝੰਡਾ ਘਰ ਘਰ ਜਾ ਕੇ ਬੁਲੰਦ ਕਰਨਗੇ । ਉਨਾ ਕਿਹਾਕਿ ਪਾਰਟੀ ਨੇ ਉਨਾ ਨੂੰ ਜੋ ਮਾਣ ਬਖਸ਼ਿਆ ਹੈ, ਉਸ ਨੂੰ ਬੜੀ ਤਨਦੇਹੀ ਨਾਲ ਨਿਭਾਉਣਗੇ ।

ਉਨ੍ਹਾਂ ਕਿਹਾਕਿ ਮਾਨ ਸਰਕਾਰ ਨੇ ਔਰਤਾਂ ਨੂੰ ਬਹੁਤ ਮਾਣ ਤੇ ਸਤਿਕਾਰ ਬਖਸ਼ਿਆ ਹੈ ਤੇ ਔਰਤਾਂ ਨੂੰ ਆਤਮ ਨਿਰਭਰ ਬਣਾਉਣ 'ਚ ਸਰਕਾਰ ਦਾ ਵੱਡਾ ਰੋਲ ਹੈ ।

## ਧੰਨ-ਧੰਨ ਬਾਬਾ ਜਮੀਤ ਸਿੰਘ ਬੇਦੀ ਜੀ ਦੀ ਯਾਦ 'ਚ ਕਰਵਾਇਆ ਸਲਾਨਾ ਜੋੜ ਮੇਲਾ

ਜਲਾਲਾਬਾਦ, 29 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਨਜਦੀਕੀ ਪਿੰਡ ਮਲਕਜਾਦਾ ਵਿਖੇ ਮੌਜੂਦ ਡੇਰਾ ਧੰਨ-ਧੰਨ ਜਮੀਤ ਸਿੰਘ ਬੇਦੀ ਜੀ ਵਿਖੇ ਉਨ੍ਹਾਂ ਦੀ ਯਾਦ 'ਚ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਲਾਨਾ ਜੋੜ ਮੇਲਾ ਬੜੇ ਸ਼ਰਧਾ-ਭਾਵਨਾ ਅਤੇ ਧੂਮਧਾਮ ਨਾਲ 29 ਮਾਰਚ ਦਿਨ ਵੀਰਵਾਰ ਨੂੰ ਮਨਾਇਆ ਜਾਵੇਗਾ ਜਿਸ 'ਚ ਸੈਂਕੜੇ ਸ਼ਰਧਾਲੂਆਂ ਨਤਮਸਤਕ ਹੋਣ ਲਈ ਤੇ ਗੁਰੂ ਘਰ ਦਾ ਆਸ਼ੀਰਵਾਦ ਪ੍ਰਾਪਤ ਕਰਨ ਲਈ ਆਉਂਦੇ ਹਨ ਤੇ ਜਿਨ੍ਹਾਂ ਦੀਆਂ ਮੁਰਾਦਾਂ ਪੂਰੀਆਂ ਹੁੰਦੀਆਂ ਹਨ, ਉਹ ਇਥੇ ਆਪਣੀਆਂ ਮਨਤਾਂ ਉਤਾਰ ਕੇ ਜਾਂਦੇ ਹਨ ਤੇ ਕੁਝ ਇਥੇ ਮਲਤਾਂ ਮਨ ਕੇ ਜਾਂਦੇ ਹਨ ਤੇ ਇਸ ਦਿਨ ਰੱਖੇ ਗਏ ਸ਼੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ 29 ਮਾਰਚ ਨੂੰ ਪਾਏ ਜਾਣਗੇ ਤੇ ਕੀਰਤਨੀਆਂ ਵਲੋਂ ਬਾਬਾ ਜੀ ਦਾ ਯੱਸ਼ ਗਾ ਕੇ ਉਨ੍ਹਾਂ ਦੇ ਜੀਵਨ 'ਤੇ ਚਾਨਣਾ ਪਾਇਆ ਜਾਵੇਗਾ ਤੇ ਸਾਰਾ ਦਿਨ ਅਤੁੱਟ ਲੰਗਰ ਵਰਤਾਇਆ ਜਾਵੇਗਾ। ਸਮੂਹ ਪਿੰਡ ਵਾਸੀਆਂ ਨੇ ਕਿਹਾ ਇਹ ਸਾਰਾ ਪ੍ਰਬੰਧ ਡੇਰਾ ਕਮੇਟੀ ਅਤੇ ਇਲਾਕੇ ਦੀਆਂ ਸਾਧ ਸੰਗਤਾ ਦੇ ਸਹਿਯੋਗ ਨਾਲ ਕੀਤਾ ਗਿਆ ਹੈ।

ਉਨ੍ਹਾਂ ਕਿਹਾ ਕਿ ਇਸ ਦਿਨ ਰੰਗਾਰੰਗ ਪ੍ਰੋਗਰਾਮ ਪੇਸ਼ ਕਰਨ ਲਈ 1 ਤੋਂ 4 ਵਜੇ ਤੱਕ ਪ੍ਰਸਿੱਧ ਸਿੰਗਰ ਅਮ੍ਰਿਤਾ ਵਿਰਕ ਪਹੁੰਚ ਰਹੇ ਹਨ ਤੇ ਸ਼ਾਮ ਨੂੰ 5 ਵਜੇ ਕਬੱਡੀ ਦਾ ਮੈਚ ਖੇਡਿਆ ਜਾਵੇਗਾ।

## ਐੱਸ ਆਰ ਐੱਸ ਵਿੱਦਿਆਪੀਠ ਸਮਾਣਾ ਵਿਖੇ ਅਧਿਆਪਕਾਂ ਦੀ ਪ੍ਰਭਾਵਸ਼ਾਲੀ ਸਿਖਲਾਈ ਲਈ ਸੈਮੀਨਾਰ ਦਾ ਆਯੋਜਨ

ਸਮਾਣਾ, 29 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਅਧਿਆਪਕਾਂ ਦੀ ਸਿਖਲਾਈ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਐੱਸ ਆਰ ਐੱਸ ਵਿੱਦਿਆਪੀਠ ਸਮਾਣਾ ਵਿਖੇ 29 ਮਾਰਚ 2024 ਨੂੰ ਇੱਕ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਜਿਸ ਦੇ ਸੰਚਾਲਕ ਡਾਕਟਰ ਵੰਧਨਾ ਰਲਹਾਨ( ਪੀ ਐਚ ਡੀ ਵਾਤਾਵਰਨ ਵਿਗਿਆਨ, ਮਾਸਟਰਜ਼ ਭੌਤਿਕ ਵਿਗਿਆਨ ,ਅਧਿਆਪਨ ਅਤੇ ਸਿਖਲਾਈ ਪ੍ਰੋਗਰਾਮ ਤਜਰਬਾ 20 ਸਾਲ)ਸਨ । ਇਸ ਸਿਖਲਾਈ ਪ੍ਰੋਗਰਾਮ ਵਿੱਚ ਡਾਕਟਰ ਵੰਧਨਾ ਰਲਹਾਨ ਨੇ ਅਧਿਆਪਕਾਂ ਨੂੰ ਸਿੱਖਿਆ ਨਾਲ ਸੰਬੰਧਿਤ ਬਹੁਤ ਸਾਰੀਆਂ ਗਿਆਨ ਭਰਪੂਰ ਗੱਲਾਂ ਸਮਝਾਈਆਂ ਜਿਹਨਾਂ ਨੂੰ ਅਪਣਾ ਕੇ ਇੱਕ ਅਧਿਆਪਕ ਆਪਣੇ ਵਿਸ਼ੇ ਨੂੰ ਰੌਚਕ ਬਣਾ ਸਕਦਾ ਹੈ। ਇਹ ਅਸਲ ਵਿੱਚ



ਬਹੁਤ ਹੀ ਮਦਦਗਾਰ ਅਤੇ ਪ੍ਰਭਾਵਸ਼ਾਲੀ ਵਰਕਸ਼ਾਪ ਸੀ।

ਇਸ ਵਰਕਸ਼ਾਪ ਤੋਂ ਪ੍ਰਾਪਤ ਹੋਏ ਗਿਆਨ ਤੋਂ ਪ੍ਰਭਾਵਿਤ ਹੋ ਕੇ ਸਕੂਲ ਦੀ ਪ੍ਰਿੰਸੀਪਲ ਮਿਸ ਮਿਲੀ ਬੋਸ ,ਚੇਅਰਮੈਨ ਅਮਿਤ ਸਿੰਗਲਾ ਅਤੇ ਸੈਕਟਰੀ ਲਲਿਤ ਸਿੰਗਲਾ ਨੇ ਵਰਕਸ਼ਾਪ ਦੀ ਪ੍ਰਸ਼ੰਸਾ ਕੀਤੀ ਅਤੇ ਭਵਿੱਖ ਵਿੱਚ ਵੀ ਅਜਿਹੀ ਗਿਆਨ ਭਰਪੂਰ ਵਰਕਸ਼ਾਪ ਦਾ ਆਯੋਜਨ ਕਰਨ ਦਾ ਵਿਚਾਰ ਪ੍ਰਗਟ ਕੀਤਾ, ਤਾਂ ਜੋ ਵਿਦਿਆਰਥੀ ਸਬੰਧਤ ਵਿਸ਼ੇ ਨਾਲ ਵੱਧ ਤੋਂ ਵੱਧ ਗਿਆਨ ਪ੍ਰਾਪਤ ਕਰ ਸਕਣ।

## ਸਦਰ ਥਾਣਾ ਨਾਭਾ ਪੁਲਿਸ ਵਲੋਂ ਨਸ਼ਿਆਂ ਖ਼ਿਲਾਫ਼ ਕਾਰਵਾਈ ਕਰਦੇ ਹੋਏ ਇਕ ਵਿਅਕਤੀ ਨੂੰ 4 ਗ੍ਰਾਮ ਹੈਰੋਇਨ ਸਮੇਤ ਕੀਤਾ ਗਿਰ਼ਫਤਾਰ

ਨਾਭਾ, 29 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਨਾਭਾ ਰੋਟੀ ਪੁੱਲ ਚੌਕੀ ਦੇ ਏ ਐਸ ਆਈ ਜੈ ਜੀਵ ਸ਼ਰਮਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਐਫ ਆਈਆਰ ਨੰਬਰ 49 -23/3/2024 ਐਨਡੀਪੀਐਸ 216185 ਬਲਵਿੰਦਰ ਸਿੰਘ ਉਰਫ ਬਿੱਲਾ ਸਨ ਆਫ ਗੁਰਮੇਲ ਸਿੰਘ ਰੋਟੀ ਛੰਨਾ ਦੇ ਨੇੜੇ ਮੁੱਖਪਰੀ ਤੇ ਇਸ ਨੂੰ ਚਾਰ ਗ੍ਰਾਮ ਹੈਰੋਇਨ ਸਮੇਤ ਗਿਰਫਤਾਰ ਕੀਤਾ ਇਸ ਉੱਤੇ ਪਹਿਲਾਂ ਵੀ ਪੰਜ ਪਰਚੇ ਦਰਜ ਹਨ ਇਹ ਪਹਿਲਾ ਵੀ ਨੌ ਸਾਲ ਜੇਲ ਵਿੱਚ ਰਹਿ ਕੇ ਆਇਆ ਹੈ ਰੋਟੀ ਛੰਨਾ ਦਾ ਰਹਿਣ ਵਾਲਾ ਹੈ ਸੈਂਸੀ ਹੈ। ਪੁਲਿਸ ਟੀਮ ASI ਜੈਦੀਪ ਸ਼ਰਮਾ,ਵੇਦ ਪ੍ਰਕਾਸ਼, ਸੁਖਵਿੰਦਰ ਸਿੰਘ,ਐਚਸੀ ਅਮਰਿੰਦਰ ਸਿੰਘ, ਪੀਐਚਜੀ ਵਿਜੇ ਕੁਮਾਰ ਆਦਿ ਟੀਮ ਨਾਲ ਹਾਜ਼ਰ ਸਨ



# ਮੁਨੱਖਤਾ ਦੀ ਸੇਵਾ ਕਰਨਾ ਹੀ ਪਰਮਾਤਮਾ ਦੀ ਸੇਵਾ ਕਰਾ ਹੈ: ਸਵਾਮੀ ਬ੍ਰਹਮ ਮੁਨੀ



ਜੈਤੋਂ, 29 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਮਾਲਵੇ ਦੀ ਸਮਾਜ ਸੇਵੀ ਸੰਸਥਾ ਮਾਤਾ ਅਮਰ ਕੌਰ ਵਿਵੇਕ ਚੈਰੀਟੇਬਲ ਸੁਸਾਇਟੀ ਰਜਿ ਚੈਨਾਂ ਰੋਡ ਜੈਤੋ ਵਿਖੇ ਪੂਨਿਆ ਦੇ ਸ਼ੁਭ ਦਿਹਾੜੇ ਮੌਕੇ ਗਰੀਬ ਤੇ ਜ਼ਰੂਰਤਮੰਦ ਮਰੀਜ਼ਾਂ ਲਈ ਅੱਖਾਂ ਦਾ ਵਿਸ਼ਾਲ ਮੁਫਤ ਲੈਂਜ ਕੈਂਪ ਲਗਾਇਆ ਗਿਆ। ਇਹ ਕੈਂਪ ਸੰਤ ਕਰਨੈਲ ਦਾਸ ਜੀ ਜਲਾਲ ਵਾਲਿਆਂ ਦੀ ਨਿੱਘੀ ਯਾਦ ਨੂੰ ਸਮਰਪਿਤ ਤੇ ਸੰਸਥਾ ਦੇ ਚੀਫ ਪੈਟਰਨ ਸਵਾਮੀ ਬ੍ਰਹਮ ਮੁਨੀ ਸ਼ਾਸ਼ਤਰੀ ਜੀ ਦੇ ਉੱਦਮ ਸਦਕਾ ਪਰਮੋਦ ਲੂੰਬਾ ਐਮ ਡੀ ਜੈ ਸਾਈਂ ਫਾਉਂਡੇਸ਼ਨ ਦੇ ਸਹਿਯੋਗ ਨਾਲ ਇਹ ਮੁਫ਼ਤ ਲੈਂਜ ਕੈਂਪ ਲਗਾਇਆ ਗਿਆ। ਕੈਂਪ ਦੀ ਸ਼ੁਰੂਆਤ ਸਵਾਮੀ ਬ੍ਰਹਮ ਮੁਨੀ ਜੀ, ਸੰਤ ਰਿਸ਼ੀ ਰਾਮ ਜੀ ਤੇ ਪਰਮੋਦ ਲੂੰਬਾ ਮੁੱਖ ਮਹਿਮਾਨ ਵੱਲੋਂ ਰਸਮੀ ਤੌਰ ਤੇ ਫੀਤਾ ਕੱਟ ਕੇ ਕੀਤੀ ਗਈ। ਸਵਾਮੀ ਜੀ ਨੇ ਕਿਹਾ ਕਿ ਗਰੀਬ ਤੇ ਜ਼ਰੂਰਤਮੰਦ ਲੋਕਾਂ ਦੀ ਸੇਵਾ ਕਰਨਾ ਹੀ ਅਸਲ ਵਿੱਚ ਰੱਬ ਦੀ ਸੇਵਾ ਕਰਨ ਦੇ ਬਰਾਬਰ ਹੈ। ਉਹਨਾਂ ਜੈ ਸਾਈਂ ਫਾਉਂਡੇਸ਼ਨ ਦੇ ਪਰਮੋਦ ਲੂੰਬਾ ਦੇ ਵਡਮੁੱਲੇ ਸਹਿਯੋਗ ਲਈ ਵਿਸ਼ੇਸ਼ ਧਨਵਾਦ ਕੀਤਾ। ਸੰਤ ਰਿਸ਼ੀ ਰਾਮ ਨੇ ਦੱਸਿਆ ਕਿ ਇਸ ਕੈਂਪ ਵਿੱਚ ਅੱਖਾਂ ਦੇ ਆਪਰੇਸ਼ਨਾ ਦੇ ਮਾਹਿਰ ਡਾਕਟਰ ਦੀਪਕ ਗਰਗ, ਡਾ ਮੈਡਮ ਮੋਨਿਕਾ ਬਲਿਆਨ ਤੇ ਡਾ ਮੈਡਮ ਭੁਪਿੰਦਰ ਪਾਲ ਕੌਰ ਮਰੀਜ਼ਾਂ ਨੇ ਇਸ ਕੈਂਪ ਵਿਚ ਲਗਭਗ 650 ਮਰੀਜ਼ਾਂ ਦੀਆਂ ਅੱਖਾਂ ਚੈੱਕ ਕਰਕੇ 250 ਮਰੀਜ਼ ਆਪਰੇਸ਼ਨ ਲਈ ਚੁਣੇ ਗਏ। ਇਹਨਾਂ ਮਰੀਜ਼ਾਂ ਦੇ ਆਉਣ ਵਾਲੇ ਦਿਨਾਂ ਅੰਦਰ ਮੁਫਤ ਆਪਰੇਸ਼ਨ ਕਰਕੇ ਲੈਂਜ ਪਾਏ ਜਾਣਗੇ। ਸੰਤ ਰਿਸ਼ੀ ਰਾਮ ਜੀ ਨੇ ਦੱਸਿਆ ਕਿ ਜਿੰਨਾਂ ਮਰੀਜ਼ਾਂ ਨੂੰ ਸ਼ੂਗਰ, ਬਲੱਡ ਪਰੈਸ਼ਰ ਜਾਂ ਦਿਲ ਦਾ ਰੋਗ ਸੀ ਉਹਨਾਂ ਨੂੰ ਸਿਰਫ ਦਵਾਈ ਦਿੱਤੀ ਗਈ। ਮਰੀਜ਼ਾਂ ਲਈ ਰਹਿਣ-ਸਹਿਣ ਤੇ ਲੰਗਰ ਦਾ ਪ੍ਰਬੰਧ ਸੁਸਾਇਟੀ ਵੱਲੋਂ ਮੁਫਤ ਕੀਤਾ ਗਿਆ। ਇਸ ਮੌਕੇ ਭਾਰਤ ਭੂਸ਼ਨ ਲੂੰਬਾ, ਨਵੀਨ ਗੋਇਲ, ਮਾਣਕ ਸ਼ਾਹ, ਮਨੀਸ਼ ਬਾਂਸਲ, ਲਾਲ ਚੰਦ ਗੋਗੀ, ਸਤਵਿੰਦਰ ਪਾਸ ਸਿੰਘ ਅੰਗਰੇਈਆ, ਮੇਜਰ ਸਿੰਘ ਗੋਂਦਾਰਾ, ਪਟਵਾਰੀ ਜਸਵਿੰਦਰ ਸਿੰਘ, ਜਗਦੀਸ਼ ਸਿੰਘ ਸਰਾਵਾਂ, ਤੇਜਿੰਦਰ ਸਿੰਘ ਬਰਾੜ, ਜਸਦੀਪ ਸਿੰਘ ਕਰੀਰਵਾਲੀ, ਗਗਨਦੀਪ ਰੋੜੀ ਕਪੂਰਾ, ਜਸ਼ਨਦੀਪ ਸਿੰਘ, ਜਗਮੀਤ ਬਰਾੜ ਮੱਲਣ, ਹਰਿੰਦਰ ਲੰਡੇ, ਅਮਨ ਸਿੰਘ ਕਾਉਣੀ, ਮਨਪ੍ਰੀਤ ਸਿੰਘ, ਕਰਨ ਜਲਾਲ, ਬਿੰਦਰ ਗੋਨਿਆਣਾ, ਕਰਮਜੀਤ ਕੌਰ, ਸੁਮਨ ਕੌਰ, ਬੱਲੀ ਸਿੰਘ, ਨਰਿੰਦਰ ਕੁਮਾਰ, ਗੋਰਾ ਸਿੰਘ, ਮਨੀ ਸਿੰਘ ਆਦਿ ਹਾਜ਼ਰ ਸਨ। ਅੰਤ ਵਿੱਚ ਮੁੱਖ ਮਹਿਮਾਨ ਪਰਮੋਦ ਲੂੰਬਾ ਤੇ ਪਤਵੰਤੇ ਸੱਜਣਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।

## ਬ੍ਰਹਮਾਕੁਮਾਰੀ ਸੈਂਟਰ ਸੁਨਾਮ ਵਿਖੇ ਹੋਲੀ ਦਾ ਤਿਉਹਾਰ ਧੂਮਧਾਮ ਨਾਲ ਮਨਾਇਆ



ਸੁਨਾਮ, 29 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਬ੍ਰਹਮਾਕੁਮਾਰੀ ਸੈਂਟਰ ਸੁਨਾਮ ਵਿਖੇ ਹੋਲੀ ਦਾ ਪਵਿੱਤਰ ਤਿਉਹਾਰ ਬੜੀ ਧੂਮ-ਧਾਮ ਨਾਲ ਮਨਾਇਆ ਗਿਆ ਜਿਸ ਵਿਚ ਸੈਂਟਰ ਇੰਚਾਰਜ ਬੀ.ਕੇ.ਮੀਰਾ ਦੀਦੀ ਨੇ ਹੋਲੀ ਦਾ ਅਧਿਆਤਮਿਕ ਰਾਜ਼ ਦੱਸਿਆ ਹੋਲੀ ਦਾ ਅਰਥ ਹੈ ਹੋਲੀ, ਬੀਤ ਚੁੱਕੀਆਂ ਚੀਜ਼ਾਂ ਨੂੰ ਖਤਮ ਕਰਕੇ ਅੱਗੇ ਵਧੋ ਦੂਜੀ ਹੋਲੀ ਦਾ ਅਰਥ ਹੈ ਹਮੇਸ਼ਾ ਪਵਿੱਤਰ ਰਹੋ ਤੀਜੀ ਹੋਲੀ ਦਾ ਅਰਥ ਹੈ ਮੈਂ ਪ੍ਰਮਾਤਮਾ ਪਿਤਾ ਦਾ ਹਾਂ, ਚੌਥੀ ਹੋਲੀ ਦਾ ਮਤਲਬ ਹੈ ਹਮੇਸ਼ਾ ਰੌਸ਼ਨੀ, ਹੋਲੀ ਦਾ ਮਤਲਬ ਹੈ ਹਮੇਸ਼ਾ ਰੱਬੀ ਰੰਗਾਂ ਵਿੱਚ ਰੰਗਿਆ ਰਹਿਣਾ।

ਇਸ ਮੌਕੇ ਬੀਕੇ ਮਾਧੁਰੀ, ਬੀਕੇ ਕੰਚਨ, ਬੀਕੇ ਰਿਤੂ ਨੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ। ਪ੍ਰੋਗਰਾਮ ਵਿੱਚ ਨਵ-ਨਿਯੁਕਤ ਜੱਜ ਡਿੰਪਲ ਗਰਗ ਨੂੰ ਚੁੰਨੀ ਪਹਿਨਾ ਕੇ , ਗੁਲਦਸਤਾ ਦੇ ਕੇ ਅਤੇ ਹੋਲੀ ਦੇ ਰੰਗ ਲਗਾ ਕੇ ਸਨਮਾਨਿਤ ਕੀਤਾ ਗਿਆ ।

ਜਿਸ ਵਿਚ ਉਨ੍ਹਾਂ ਦੇ ਪਿਤਾ ਗਿਆਨਚੰਦ ਗਰਗ, ਡਾ: ਸੁਭਾਸ਼ ਗਰਗ, ਡਾ: ਵੀ.ਕੇ.ਗੁਪਤਾ, ਮਨਪ੍ਰੀਤ ਬਾਂਸਲ ਰਾਜੇਸ਼ ਸਿੰਗਲਾ, ਵਿਵੇਕ ਗੋਇਲ , ਕ੍ਰਿਸ਼ਨ ਸਿੰਗਲਾ, ਮਨੋਹਰ ਲਾਲ , ਕ੍ਰਿਸ਼ਨ ਸਿੰਗਲਾ, ਟਿੰਕੂ ਸਿੰਗਲਾ, ਆਰ.ਏ. ਸਿਮਰ, ਦੀਪਕ, ਸ਼ਿਆਮ ਅਰੋੜਾ, ਹਰਮਨ, ਭਗੀਰਥ ਗੋਇਲ, ਸ਼ਸ਼ੀ ਗਰਗ, ਪਰਮਜੀਤ, ਮੀਨਾਕਸ਼ੀ, ਤਾਰਾ ਰਾਣੀ ਅਤੇ ਵੀਨਾ ਨੇ ਭਾਗ ਲਿਆ।ਅੰਤ ਵਿੱਚ ਸਾਰਿਆਂ ਨੇ ਫੁੱਲਾਂ ਦੀ ਹੋਲੀ ਖੇਡੀ ਅਤੇ ਰਾਸ ਕੀਤਾ।

# ਹਰਜਸ ਪਬਲਿਕ ਸਕੂਲ ਝੜੌਦੀ ਵਿਖੇ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਦਿੱਤੀ ਗਈ ਸ਼ਾਨਦਾਰ ਵਿਦਾਇਗੀ ਪਾਰਟੀ

ਮਾਛੀਵਾੜਾ, 29 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਬਲਾਕ ਮਾਛੀਵਾੜਾ ਨਜ਼ਦੀਕ ਪਿੰਡ ਝੜੌਦੀ ਵਿਖੇ ਸਿੱਖਿਆ ਦੇ ਖੇਤਰ ਵਿੱਚ ਸਿਰਕੱਢ ਸੰਸਥਾ ਹਰਜਸ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਵਿਖੇ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਇਮਤਿਹਾਨਾਂ ਦੀ ਸਮਾਪਤੀ ਤੋਂ ਬਾਅਦ ਸ਼ਾਨਦਾਰ ਤਰੀਕੇ ਨਾਲ ਵਿਦਾਇਗੀ ਪਾਰਟੀ ਦਿੱਤੀ ਗਈ। ਪ੍ਰਿੰਸੀਪਲ ਮੈਡਮ ਜਸਵਿੰਦਰ ਕੌਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਆਮ ਤੌਰ ਤੇ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਇਮਤਿਹਾਨਾਂ ਤੋਂ ਪਹਿਲਾਂ ਹੀ ਵਿਦਾਇਗੀ ਪਾਰਟੀ ਦੇ ਦਿੱਤੀ ਜਾਂਦੀ ਹੈ ਪਰ ਹਰਜਸ ਸਕੂਲ ਦੀ ਮੈਨੇਜਮੈਂਟ ਅਤੇ ਸਮੂਹ ਸਟਾਫ ਵੱਲੋਂ ਵਿਦਿਆਰਥੀਆਂ ਨੂੰ ਵੱਖਰੇ ਰੂਪ ਵਿੱਚ ਵਿਦਾਇਗੀ ਪਾਰਟੀ ਦੇਣ ਦਾ ਨਿਰਣਾ ਕੀਤਾ ਗਿਆ ਕਿ ਸਾਰੇ ਇਮਤਿਹਾਨਾਂ ਤੋਂ ਬਾਅਦ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਵਿਦਾਇਗੀ ਪਾਰਟੀ ਦੇ ਰੂਪ ਵਿੱਚ ਇਸ ਵਾਰ ਕੁਝ ਵੱਖਰਾ ਕਰਕੇ ਦਿੱਤਾ ਜਾਵੇ ਤੇ ਹੋਇਆ ਵੀ ਇੰਝ ਹੀ। ਸਕੂਲ ਦੇ ਅਧਿਆਪਕ ਹਰਮੀਤ ਕੌਰ (ਕਨੇਡਾ) ਨੇ ਵਿਦਿਆਰਥੀਆਂ ਨੂੰ ਬਾਰ੍ਹਵੀਂ ਜਮਾਤ ਕਰਨ ਤੋਂ ਬਾਅਦ ਕਿਹੜੇ ਕਿਹੜੇ ਖੇਤਰ ਵਿੱਚ ਉਹਨਾਂ ਦੇ ਲਈ ਪੜ੍ਹਾਈ ਅਤੇ ਰੁਜ਼ਗਾਰ ਦੀਆਂ ਕੀ ਕੀ ਸੰਭਾਵਨਾਵਾਂ ਹਨ ਬਾਰੇ ਬੜੇ ਵਿਸਥਾਰ ਪੂਰਵਕ ਕੈਰੀਅਰ ਕੌਂਸਲਿੰਗ ਰਾਹੀਂ ਸਮਝਾਇਆ। ਜਿਸ ਨੂੰ ਸਾਰੇ ਹੀ ਵਿਦਿਆਰਥੀਆਂ ਨੇ ਬੜੇ ਉਤਸ਼ਾਹ ਅਤੇ ਚਾਅ ਨਾਲ ਸੁਣਿਆ। ਸਕੂਲ ਪ੍ਰਬੰਧਕ ਪਰਮਜੀਤ ਸਿੰਘ ਨੇ ਹਮੇਸ਼ਾ ਦੀ ਤਰ੍ਹਾਂ ਵਿਦਿਆਰਥੀਆਂ ਨੂੰ ਨਵਾਂ ਕੁਝ ਸਿਖਾਉਂਦਿਆਂ ਉਹਨਾਂ ਨੂੰ ਮਹੱਤਵਪੂਰਨ ਅਤੇ ਜ਼ਿੰਦਗੀ ਵਿੱਚ ਕਾਮਯਾਬ ਹੋਣ ਲਈ ਮਹੱਤਵਪੂਰਨ ਤੇ ਧਿਆਨਯੋਗ ਗੱਲਾਂ ਰਾਹੀਂ ਸਾਂਝ ਪਾਈ ਅਤੇ ਉਹਨਾਂ ਦੇ ਆਉਣ ਵਾਲੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ। ਬਾਰ੍ਹਵੀਂ ਜਮਾਤ ਦੇ ਇੰਚਾਰਜ ਮੈਡਮ ਵੰਦਨਾ ਪਰਿਹਾਰ ਸਟੇਜ ਸੰਚਾਲਨ ਦੀ ਭੂਮਿਕਾ ਨਿਭਾਉਂਦਿਆਂ ਵਿਦਿਆਰਥੀਆਂ ਨੂੰ ਸਭ ਦੇ ਰੂਬਰੂ ਕੀਤਾ। ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਨੇ ਹਰਜਸ ਸਕੂਲ ਵਿੱਚ ਬਿਤਾਏ ਲਗਭਗ 14 ਸਾਲਾਂ ਦੇ ਆਪਣੇ ਸਮੇਂ ਨੂੰ ਭਾਵਕ ਰੂਪ ਵਿੱਚ ਯਾਦ ਕਰਦਿਆਂ ਆਪਣੇ ਅਨੁਭਵ ਸਾਂਝੇ ਕੀਤੇ। ਆਮ ਵਿਦਾਇਗੀ ਪਾਰਟੀਆਂ ਨਾਲੋਂ ਇਹ ਸਮਾਗਮ ਇਸ ਕਰਕੇ ਵੀ ਯਾਦਗਾਰੀ ਹੋ ਨਿੱਬੜਿਆ ਕਿਉਂਕਿ ਇਸ ਸਮਾਗਮ ਵਿੱਚ ਤੜਕ ਭੜਕ ਜਾਂ ਉੱਚੀ ਸ਼ੋਰ ਸ਼ਰਾਬੇ ਵਾਲੇ ਡੀ.ਜੇ.ਦੀਆਂ ਕੰਨ ਪਾੜਵੀਆਂ ਅਵਾਜ਼ਾਂ ਦੀ ਬਜਾਏ ਵਿਦਿਆਰਥੀਆਂ ਨੂੰ ਸ਼ਾਂਤ ਅਤੇ ਰਮਣੀਕ ਮਹੌਲ ਵਿੱਚ ਜਿੰਦਗੀ ਜਿਉਣ ਅਤੇ ਸਫਲ ਹੋਣ ਲਈ ਲੋੜੀਂਦੀ ਜਾਣਕਾਰੀ ਨਾਲ ਨਿਵਾਜਿਆ ਗਿਆ ਅਤੇ ਆਉਣ ਵਾਲੇ ਸਮੇਂ ਵਿੱਚ ਉਹਨਾਂ ਦੀ ਪੜ੍ਹਾਈ ਅਤੇ ਰੋਜ਼ਗਾਰ ਕੈਰੀਅਰ ਬਾਰੇ ਵਿਚਾਰ ਚਰਚਾਵਾਂ ਕੀਤੀਆਂ ਗਈਆਂ। ਕੋਆਰਡੀਨੇਟਰ ਸਤੀਸ਼ ਕੁਮਾਰ ਨੇ ਵਿਦਿਆਰਥੀਆਂ ਨਾਲ ਬੀਤੇ ਸਮੇਂ ਦੀਆਂ ਸਾਂਝਾਂ ਨੂੰ ਤਾਜ਼ਾ ਕਰਦਿਆਂ ਹਰਜਸ ਸਕੂਲ ਵੱਲੋਂ ਆਉਣ ਵਾਲੇ ਸਮੇਂ ਵਿੱਚ ਵੀ ਹਰ ਸੰਭਵ ਮਦਦ ਕੀਤੇ ਜਾਣ ਦਾ ਭਰੋਸਾ ਦਿਵਾਉਂਦਿਆਂ ਨਿੱਘੀਆਂ ਸ਼ੁਭਕਾਮਨਾਵਾਂ ਦਿੱਤੀਆਂ ਤੇ ਅੱਜ ਦੀ ਵਿਦਾਇਗੀ ਪਾਰਟੀ ਤੇ ਪਹੁੰਚਣ ਤੇ ਸਭਨਾਂ ਦਾ ਧੰਨਵਾਦ ਵੀ ਪ੍ਰਗਟ ਕੀਤਾ। ਅਖੀਰ ਵਿੱਚ ਗਿਆਰ੍ਹਵੀਂ ਅਤੇ ਬਾਰ੍ਹਵੀਂ ਜਮਾਤ ਦੇ ਸਾਰੇ ਵਿਦਿਆਰਥੀਆਂ ਅਤੇ ਸਮੂਹ ਸਟਾਫ ਨੇ ਇਕੱਠਿਆਂ ਦੁਪਹਿਰ ਦੇ ਖਾਣੇ ਦਾ ਆਨੰਦ ਮਾਣਿਆ।ਇਸ ਮੌਕੇ ਮੈਡਮ ਰਕੇਸ਼ ਰਾਣੀ, ਰਾਜਵੰਤ ਕੌਰ, ਪਰਮਜੀਤ ਕੌਰ, ਸੰਸਾਰ ਦੀਪ ਕੌਰ, , ਚਰਨਜੀਤ ਕੌਰ ,ਜਸਪ੍ਰੀਤ ਕੌਰ, ਜਗਰੂਪ, ਨਵਜੋਤ ਕੌਰ, ਗੁਰਮੀਤ ਕੌਰ,ਮਨਪ੍ਰੀਤ ਕੌਰ ਪ੍ਰੀਤੀ,ਲਲਿਤਾ ਰਾਣੀ ,ਦੀਪਿਕਾ, ਨਵਜੋਤ ਕੌਰ,ਕਿਰਨਜੀਤ ਕੌਰ ਮੌਜੂਦ ਸਨ।

## ਸੰਪਾਦਕੀ

# ਮੋਦੀ ਦਾ ਭੂਟਾਨ ਦੌਰਾ

ਬਸੰਤ ਰੁੱਤ ਦੀ ਸ਼ੁਰੂਆਤ ’ਚ ਹੀ ਪਏ ਮੀਂਹ ਨੇ ਇਸ ਹਫ਼ਤੇ ਦੇ ਆਰੰਭ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਥਿੰਪੂ ਦੌਰੇ ’ਚ ਰੁਕਾਵਟ ਪਾਈ ਪਰ ਦੌਰਾ ਮੁਲਤਵੀ ਕਰਨ ਦੇ 24 ਘੰਟਿਆਂ ਦੇ ਵਿਚ-ਵਿਚ ਹੀ ਪ੍ਰਧਾਨ ਮੰਤਰੀ ਮੋਦੀ ਨੂੰ ਭੂਟਾਨ ਜਾਣ ਲਈ ਢੁਕਵੇਂ ਮੌਸਮ ਦਾ ਬਦਲ ਮਿਲ ਗਿਆ। ਭਾਰਤ ’ਚ ਨਵੀਂ ਸਰਕਾਰ ਦੇ ਗਠਨ ਤੱਕ ਹਿੰਦ-ਭੂਟਾਨ ਰਿਸ਼ਤਿਆਂ ਨੂੰ ਸੰਦੇਹਪੂਰਨ ਬਣਨ ਤੋਂ ਰੋਕਣ ਦੀਆਂ ਸਾਊਥ ਬਲਾਕ ਦੀਆਂ ਕੋਸ਼ਿਸ਼ਾਂ ਦਾ ਜਵਾਬ ਥਿੰਪੂ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਆਪਣੇ ਸਭ ਤੋਂ ਵੱਡੇ ਨਾਗਰਿਕ ਸਨਮਾਨ ਨਾਲ ਨਿਵਾਜ ਕੇ ਸਕਾਰਾਤਮਕ ਢੰਗ ਨਾਲ ਦਿੱਤਾ ਹੈ। ਉਮੀਦ ਮੁਤਾਬਿਕ ਭੂਟਾਨ ਦੇ ਪ੍ਰਧਾਨ ਮੰਤਰੀ ਸ਼ੇਰਿੰਗ ਤੋਬਗੇ ਨੇ ਹਵਾਈ ਅੱਡੇ ’ਤੇ ਆਗਮਨ ਮੌਕੇ ਪ੍ਰਧਾਨ ਮੰਤਰੀ ਮੋਦੀ ਦਾ ਸਵਾਗਤ ਕੀਤਾ ਪਰ ਪ੍ਰਧਾਨ ਮੰਤਰੀ ਮੋਦੀ ਦੀ ਵਾਪਸੀ ਵੇਲੇ ਹਵਾਈ ਅੱਡੇ ’ਤੇ ਤੋਬਗੇ ਦੇ ਨਾਲ-ਨਾਲ ਭੂਟਾਨ ਨਰੇਸ਼ ਨੇ ਵੀ ਪਹੁੰਚ ਕੇ ਇਹ ਸੰਕੇਤ ਦੇਣ ਦੀ ਕੋਸ਼ਿਸ਼ ਕੀਤੀ ਕਿ ਪ੍ਰਧਾਨ ਮੰਤਰੀ ਦਾ ਇਹ ਛੋਟਾ ਜਿਹਾ ਦੌਰਾ ਦੋਵਾਂ ਧਿਰਾਂ ਲਈ ਲਾਹੇਵੰਦ ਸੀ। ਸ਼ਿਸ਼ਟਾਚਾਰ ਦੀਆਂ ਇਨ੍ਹਾਂ ਮੁਲਾਕਾਤਾਂ ’ਚੋਂ ਝਲਕਦਾ ਹੈ ਕਿ ਦੋਵੇਂ ਦੇਸ਼ ਤੇਜ਼ੀ ਨਾਲ ਬਦਲ ਰਹੇ ਆਲਮੀ ਭੂ-ਦ੍ਰਿਸ਼ ’ਚ ਇਕ-ਦੂਜੇ ਦੀਆਂ ਖਾਹਸ਼ਾਂ ਪੂਰਨ ਵਿਚ ਹਿੱਸੇਦਾਰ ਬਣਨਾ ਚਾਹੁੰਦੇ ਹਨ।

ਮਜ਼ਬੂਤ ਆਰਥਿਕ ਵਿਕਾਸ ਦਰ ਵਾਲੇ ਭਾਰਤ ਤੋਂ ਭੂਟਾਨ ਨੂੰ ਵੱਧ ਮਦਦ ਦੀ ਆਸ ਹੈ ਤੇ ਇਸੇ ਮਦਦ ਨੂੰ ਹੁਣ ਪ੍ਰਧਾਨ ਮੰਤਰੀ ਮੋਦੀ ਨੇ ਭੂਟਾਨ ਦੀ ਅਗਲੇ ਪੰਜ ਸਾਲਾਂ ਦੀ ਯੋਜਨਾ ਲਈ ਦੁੱਗਣਾ ਕਰ ਦਿੱਤਾ ਹੈ। ਭੂਟਾਨ ਦੇ ਨੌਜਵਾਨਾਂ ਨੂੰ ਭਵਿੱਖੀ ਸੰਸਾਰ ਲਈ ਤਿਆਰ ਕਰਨ ਵਾਸਤੇ ਭਾਰਤ ਗਿਆਲਸੁੰਗ ਉੱਦਮ ਦੇ ਵਿੱਤੀ ਖ਼ਰਚਿਆਂ ਦਾ ਬੋਝ ਵੀ ਚੁੱਕੇਗਾ। ਜਿਲੇਫੂ ਵਿਸ਼ੇਸ਼ ਪ੍ਰਸ਼ਾਸਨਿਕ ਖੇਤਰ ਪ੍ਰਾਜੈਕਟ ਲਈ ਅਸਾਮ ਦੇ ਮੈਦਾਨਾਂ ਤੱਕ ਰੇਲਵੇ ਲਾਈਨ ਵਿਛਾ ਕੇ ਭਾਰਤ ਭੂਟਾਨ ਨਰੇਸ਼ ਜਿਗਮੇ ਖੇਸਰ ਵੱਲੋਂ ਚੁੱਕੇ ਜਾ ਰਹੇ ਕਦਮਾਂ ਦਾ ਪੂਰਾ ਸਮਰਥਨ ਕਰ ਰਿਹਾ ਹੈ; ਹਾਲਾਂਕਿ ਥਿੰਪੂ ਪ੍ਰਤੀ ਭਾਰਤ ਦੀ ਅਡੋਲ ਵਚਨਬੱਧਤਾ ਨੂੰ ਇਸ ਦੇ ਚੀਨ ਨਾਲ ਜੁੜੇ ਸੁਰੱਖਿਆ ਹਿੱਤਾਂ ਤੋਂ ਵੱਖਰਾ ਨਹੀਂ ਕੀਤਾ ਜਾ ਸਕਦਾ ਜਿਸ ਨੂੰ 2017 ਦੇ ਡੋਕਲਾਮ ਟਕਰਾਅ ਦੌਰਾਨ ਦਰਸਾਇਆ ਜਾ ਚੁੱਕਾ ਹੈ। ਨਵੀਂ ਦਿੱਲੀ ਨੇ ਥਿੰਪੂ ਨੂੰ ਆਪਣੀ ਵਿਦੇਸ਼ ਨੀਤੀ ਦੇ ਫ਼ੈਸਲੇ ਕਰਨ ਦੇ ਕਾਬਿਲ ਬਣਾਉਣ ਲਈ ਹਿੰਦ-ਭੂਟਾਨ ਦੋਸਤੀ ਸਮਝੌਤੇ ਨੂੰ ਸੋਧ ਕੇ ਭੂਟਾਨ ਦੀ ਸਰਬਸੱਤਾ ਪ੍ਰਤੀ ਸਤਿਕਾਰ ਦਿਖਾਇਆ ਹੈ।

ਉਂਝ ਵੀ, ਭੂਟਾਨ ਖ਼ੁਦ ਨੂੰ ਹਮੇਸ਼ਾ ਲਈ ਵਿਆਪਕ ਕੂਟਨੀਤਕ ਮੇਲ-ਜੋਲ ਤੋਂ ਦੂਰ ਨਹੀਂ ਰੱਖ ਸਕਦਾ। ਭਾਰਤ ਨੇ ਭੂਟਾਨ ਦਾ ਹੱਥ ਫੜ ਕੇ ਇਸ ਨੂੰ ਇਕੱਲੇਪਣ ਵਿਚੋਂ ਕੱਢਿਆ ਸੀ ਤੇ ਸੰਯੁਕਤ ਰਾਸ਼ਟਰ ਅਤੇ ਸੰਸਾਰ ਬੈਂਕ ਦੀ ਮੈਂਬਰਸ਼ਿਪ ਦਿਵਾਈ ਸੀ। ਪਾਰੋ ਹਵਾਈ ਅੱਡੇ ’ਤੇ ਆਗੂਆਂ ਦਰਮਿਆਨ ਦਿਖੀ ਖ਼ੁਸ਼ਮਿਜ਼ਾਜੀ ਤੋਂ ਇਸ ਦੇ ਕਈ ਸੰਕੇਤ ਮਿਲੇ ਹਨ ਕਿ ਦੋਵੇਂ ਧਿਰਾਂ ਆਪਣੇ ਭੂ-ਰਾਜਨੀਤਕ ਕਦਮਾਂ ਲਈ ਤਾਲਮੇਲ ਪਹਿਲਾਂ ਵਾਂਗ ਕਾਇਮ ਰੱਖਣਗੀਆਂ। ਭਾਰਤ ਦਾ ਆਪਣੇ ਗੁਆਂਢੀ ਮੁਲਕਾਂ ਨਾਲ ਅਜਿਹਾ ਵਿਹਾਰ ਇਸ ਦੀ ਸੰਸਾਰ ਸਿਆਸਤ ਵਿੱਚ ਪੈਂਠ ਲਈ ਵੀ ਕਾਰਗਰ ਸਾਬਤ ਹੋਵੇਗਾ। ਇਉਂ ਹੋਰ ਮੁਲਕਾਂ ਨਾਲ ਵੀ ਅਗਾਂਹ ਰਾਬਤੇ ਲਈ ਨਵੇਂ ਰਾਹ ਖੁੱਲ੍ਹਣਗੇ।

# ਜ਼ਹਿਰੀਲੀ ਸ਼ਰਾਬ ਦਾ ਕਹਿਰ

ਪੰਜਾਬ ਦੇ ਸੰਗਰੂਰ ਜਿ ?ਲ੍ਹੇ ਵਿਚ ਜ਼ਹਿਰੀਲੀ ਸ਼ਰਾਬ ਨਾਲ ਹੋਈਆਂ 21 ਮੌਤਾਂ ਕੇਵਲ ਤ੍ਰਾਸਦੀ ਨਹੀਂ ਹੈ ਬਲਕਿ ਇਹ ਉਨ੍ਹਾਂ ਕਈ ਡੂੰਘੇ ਮੁੱਦਿਆਂ ਦੀ ਯਾਦ ਦਿਵਾਉਂਦੀ ਹੈ ਜੋ ਖੇਤਰ ਦੇ ਗ਼ੈਰ-ਕਾਨੂੰਨੀ ਸ਼ਰਾਬ ਕਾਰੋਬਾਰ ਨਾਲ ਜੁੜੇ ਹੋਏ ਹਨ। ਵਿਸ਼ੇਸ਼ ਜਾਂਚ ਟੀਮ ਦਾ ਗਠਨ ਸਹੀ ਕਦਮ ਹੈ ਪਰ ਇਸ ਅਪਰਾਧਿਕ ਗਤੀਵਿਧੀ ਪਿਛਲੇ ਤੰਤਰ ਦਾ ਪਰਦਾਫਾਸ਼ ਕਰਨ ਲਈ ਵਚਨਬੱਧਤਾ ਅਤੇ ਸਰੋਤਾਂ ਦੀ ਕਮੀ ਨਹੀਂ ਹੋਣੀ ਚਾਹੀਦੀ ਹਾਲਾਂਕਿ ਅੱਠ ਮੁਲਜ਼ਮ ਪਹਿਲਾਂ ਹੀ ਗ੍ਰਿਫ਼ਤਾਰ ਕੀਤੇ ਜਾ ਚੁੱਕੇ ਹਨ। ਅਜਿਹੀਆਂ ਗਤੀਵਿਧੀਆਂ ਦਾ ਲੋਕਤੰਤਰੀ ਪ੍ਰਕਿਰਿਆ ’ਤੇ ਪੈਣ ਵਾਲਾ ਸੰਭਾਵੀ ਅਸਰ ਵੀ ਚਿੰਤਾਜਨਕ ਹੈ, ਜਿਵੇਂ ਪੁਲੀਸ ਨੇ ਆਪਣੇ ਬਿਆਨ ’ਚ ਇਸ ਘਟਨਾ ਦਾ ਲਿੰਕ ਅਗਾਮੀ ਲੋਕ ਸਭਾ ਚੋਣ ਨਾਲ ਜੁੜਨ ਦਾ ਸੰਕੇਤ ਦਿੱਤਾ ਹੈ। ਇਸ ’ਚੋਂ ਇਕ ਤਾਂ ਵੱਧ ਨਿਗਰਾਨੀ ਦੀ ਲੋੜ ਉੱਭਰੀ ਹੈ; ਦੂਜਾ ਸਿਆਸੀ ਲਾਭ ਲਈ ਕਮਜ਼ੋਰ ਤਬਕੇ ਦੇ ਕਿਸੇ ਵੀ ਤਰ੍ਹਾਂ ਦੇ ਸ਼ੋਸ਼ਣ ਨੂੰ ਰੋਕਣ ਲਈ ਵੀ ਕਦਮ ਚੁੱਕਣੇ ਪੈਣਗੇ। ਚੋਣ ਕਮਿਸ਼ਨ ਤੇ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਵੱਲੋਂ ਮਾਮਲੇ ਵਿਚ ਦਖ਼ਲ ਦੇ ਮੱਦੇਨਜ਼ਰ ਠੋਸ ਕਾਰਵਾਈ ਹੋਣੀ ਚਾਹੀਦੀ ਹੈ।

ਪਿਛਲੇ ਕੁਝ ਸਾਲਾਂ ਦੌਰਾਨ ਪੰਜਾਬ ਨੇ ਇਸ ਤਰ੍ਹਾਂ ਦੀਆਂ ਕਈ ਘਟਨਾਵਾਂ ਦੇਖੀਆਂ ਹਨ। ਇਨ੍ਹਾਂ ਵਿਚੋਂ ਤਰਨਤਾਰਨ, ਅੰਮ੍ਰਿਤਸਰ ਤੇ ਬਟਾਲਾ ’ਚ 2020 ਵਿਚ ਸ਼ਰਾਬ ਨਾਲ ਸਬੰਧਿਤ ਲਗਾਵਾਰ ਹੋਈਆਂ ਮੌਤਾਂ ਜਿ ?ਕਰਯੋਗ ਹਨ ਜਿੱਥੇ ਮੌਤਾਂ ਦੀ ਗਿਣਤੀ 110 ਤੋਂ ਪਾਰ ਹੋ ਗਈ ਸੀ। ਇਨ੍ਹਾਂ ਘਟਨਾਵਾਂ ’ਤੇ ਵਿਆਪਕ ਰੋਸ ਜ਼ਾਹਿਰ ਕੀਤਾ ਗਿਆ ਸੀ ਤੇ ਪ੍ਰਸ਼ਾਸਨ ਦੀ ਜਿ ?ਮੇਵਾਰੀ ਤੈਅ ਕਰਨ ਦੀ ਮੰਗ ਉੱਠੀ ਸੀ। ਦੋ ਸਾਲਾਂ ਬਾਅਦ ਸੁਪਰੀਮ ਕੋਰਟ ਨੇ ਇਸ ਕੇਸ ਦੀ ਜਾਂਚ ’ਤੇ ਨਾਖ਼ੁਸ਼ੀ ਪ੍ਰਗਟਾਈ ਸੀ ਤੇ ਰਾਜ ਸਰਕਾਰ ਦੀ ਖਿਚਾਈ ਵੀ ਕੀਤੀ ਸੀ। ਫਰਵਰੀ 2023 ਵਿਚ ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਕਿਹਾ ਸੀ ਕਿ ਸਾਰੇ ਜਾਣਦੇ ਹਨ ਕਿ ਨਾਜਾਇਜ਼ ਸ਼ਰਾਬ ਦੀ ਸਮੱਸਿਆ ਗੰਭੀਰ ਸੰਕਟ ਬਣ ਗਈ ਹੈ।

ਵਾਰ-ਵਾਰ ਵਾਪਰਦੀਆਂ ਅਜਿਹੀਆਂ ਤ੍ਰਾਸਦੀਆਂ ਇਸ ਸਮੱਸਿਆ ਨਾਲ ਨਜਿੱਠਣ ਦੇ ਰਾਹ ’ਚ ਬਣੀਆਂ ਚੁਣੌਤੀਆਂ ਨੂੰ ਸਾਹਮਣੇ ਲਿਆਉਂਦੀਆਂ ਹਨ ਜੋ ਤਸਕਰਾਂ ਖਿਲਾਫ਼ ਕੀਤੀਆਂ ਕਾਰਵਾਈਆਂ ਦੇ ਬਾਵਜੂਦ ਕਾਇਮ ਹਨ। ਇਨ੍ਹਾਂ ਮਾਮਲਿਆਂ ਵਿੱਚ ਲਗਾਤਾਰ ਯਤਨਾਂ ਦੀ ਲੋੜ ਹੈ ਜਿਸ ਵਿਚ ਨਕਲੀ ਸ਼ਰਾਬ ਉਤਪਾਦਨ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ, ਦੋਸ਼ੀਆਂ ਨੂੰ ਕਰੜੀ ਸਜ਼ਾ ਮਿਲਣਾ ਆਦਿ ਸ਼ਾਮਲ ਹਨ। ਇਨ੍ਹਾਂ ਯਤਨਾਂ ਦੀ ਕਾਮਯਾਬੀ ਲਈ ਪੁਖਤਾ ਪ੍ਰਬੰਧ ਤਾਂ ਕਰਨੇ ਹੀ ਪੈਣਗੇ, ਨਾਲ ਦੀ ਨਾਲ ਅਜਿਹੇ ਮਾਮਲਿਆਂ ਵਿਚ ਕਾਰਵਾਈ ਸਿਰੇ ਚੜ੍ਹਾਉਣ ਲਈ ਉਚੇਚ ਕਰਨੀ ਪਵੇਗੀ ਤਾਂ ਕਿ ਸਬੰਧਿਤ ਅਤੇ ਸੰਭਾਵੀ ਮੁਲਜ਼ਮਾਂ ਨੂੰ ਸਖ਼ਤ ਸੁਨੇਹਾ ਦਿੱਤਾ ਜਾ ਸਕੇ। ਇਸ ਤੋਂ ਇਲਾਵਾ ਉਨ੍ਹਾਂ ਕਾਰਨਾਂ ਦਾ ਹੱਲ ਵੀ ਲੱਭਣਾ ਪਏਗਾ ਜੋ ਕਿਸੇ ਨੂੰ ਸ਼ਰਾਬ ਪੀਣ ਵੱਲ ਤੋਰਦੇ ਹਨ। ਇਸ ਪਾਸੇ ਵਧੇਰੇ ਕੰਮ ਕਰਨ ਦੀ ਜ਼ਰੂਤ ਹੈ। ਮਸਲੇ ਨੂੰ ਜੜ੍ਹ ਤੋਂ ਹੀ ਫੜਿਆ ਜਣਾ ਚਾਹੀਦਾ ਹੈ। ਇਸ ਦੇ ਨਾਲ-ਨਾਲ ਨਾਜਾਇਜ਼ ਸ਼ਰਾਬ ਦੇ ਖ਼ਤਰਿਆਂ ਬਾਰੇ ਜਾਗਰੂਕਤਾ ਫੈਲਾ ਕੇ ਅਤੇ ਸੁਰੱਖਿਅਤ ਤੇ ਕਿਫਾਇਤੀ ਬਦਲਾਂ ਤੱਕ ਪਹੁੰਚ ਯਕੀਨੀ ਬਣਾ ਕੇ ਸਮੱਸਿਆ ਦਾ ਕਾਫ਼ੀ ਹੱਦ ਤੱਕ ਹੱਲ ਕੀਤਾ ਜਾ ਸਕਦਾ ਹੈ।

# ਅੰਦੋਲਨ ਦੇ ਰਾਹ ਪਏ ਕਿਸਾਨ ਮੰਡੀ ਤੋਂ ਅਵਾਜ਼ਾਰ

**ਦਵਿੰਦਰ ਸ਼ਰਮਾ**

ਇਸ ਵਕਤ ਭਾਰਤ ਅਤੇ ਯੂਰੋਪ ਦੇ ਕਈ ਹਿੱਸਿਆਂ ਵਿੱਚ ਕਿਸਾਨਾਂ ਦੇ ਅੰਦੋਲਨ ਚੱਲ ਰਹੇ ਹਨ। ਜਨਵਰੀ 2023 ਤੋਂ ਬਾਅਦ ਹੁਣ ਤੱਕ ਲਗਭਗ 65 ਮੁਲਕਾਂ ਦੇ ਕਿਸਾਨਾਂ ਨੇ ਰੋਸ ਮੁਜ਼ਾਹਰੇ ਕੀਤੇ ਹਨ। ਅੰਦੋਲਨਾਂ ਦੀ ਇਸ ਬੇਮਿਸਾਲ ਲਹਿਰ ਪਿੱਛੇ ਕਾਰਨ ਵੱਖੋ-ਵੱਖਰੇ ਹਨ ਪਰ ਇਨ੍ਹਾਂ ਨੂੰ ਜੋੜਨ ਵਾਲੀ ਸਾਂਝੀ ਤੰਦ ਇਹ ਹੈ ਕਿ ਬੇਲਗਾਮ ਮੰਡੀ ਅਰਥਚਾਰਾ ਖੇਤੀਬਾੜੀ ਨੂੰ ਹੰਢਣਸਾਰ ਬਣਾਉਣ ਵਿੱਚ ਨਾਕਾਮ ਸਾਬਤ ਹੋਇਆ ਹੈ।




ਅੰਦੋਲਨਕਾਰੀ ਕਿਸਾਨ ਆਪਣੀ ਨਾਰਾਜ਼ਗੀ ਜ਼ਾਹਿਰ ਕਰਨ ਲਈ ਜਿਹੜੇ ਸ਼ਬਦ ਵਰਤ ਰਹੇ ਹਨ, ਉਹ ਦੇਸ਼/ਖਿੱਤੇ ਦੇ ਹਿਸਾਬ ਨਾਲ ਵੱਖ-ਵੱਖ ਹੋ ਸਕਦੇ ਹਨ ਪਰ ਇਨ੍ਹਾਂ ਵਿਚਲਾ ਸੁਨੇਹਾ ਇੱਕ ਹੀ ਹੈ: ਪੂਰੀ ਦੁਨੀਆ ਵਿੱਚ ਮੰਡੀਆਂ ਕਿਤੇ ਵੀ ਖੇਤੀ ਤੋਂ ਹੁੰਦੀ ਆਮਦਨ ’ਚ ਵਾਧਾ ਨਹੀਂ ਕਰ ਸਕੀਆਂ। ਭਾਰਤ ਵਿੱਚ ਕਿਸਾਨ ਘੱਟੋ-ਘੱਟ ਸਮਰਥਨ ਮੁੱਲ (ਐੱਮਐੱਸਪੀ) ’ਤੇ ਖ਼ਰੀਦ ਦਾ ਕਾਨੂੰਨੀ ਹੱਕ ਚਾਹੁੰਦੇ ਹਨ; ਯੂਰੋਪ ਦੇ ਕਿਸਾਨ ਆਪਣੀ ਜਿਣਸ ਦੀ ਸਹੀ ਕੀਮਤ ਮੰਗ ਰਹੇ ਹਨ। ਜਰਮਨੀ, ਫਰਾਂਸ ਤੇ ਬੈਲਜੀਅਮ ਸਣੇ ਯੂਰੋਪ ਦੇ ਕਈ ਮੁਲਕਾਂ ’ਚ ਕਿਸਾਨਾਂ ਦੇ ਰੋਸ ਪ੍ਰਦਰਸ਼ਨਾਂ ਦੌਰਾਨ ਉਤਪਾਦਨ ਮੁੱਲ ਵਧਣ (ਲਾਗਤ ਖ਼ਰਚੇ), ਸਸਤੀ ਦਰਾਮਦ ਤੇ ਅੰਤਿਮ ਵਿਕਰੀ ਕੀਮਤਾਂ ਡਿੱਗਣ ਦੇ ਮੁੱਦੇ ਵੀ ਉਭਾਰੇ ਗਏ ਹਨ। ਇਸ ਤੋਂ ਇਲਾਵਾ ਕੀਨੀਆ ਵਿੱਚ ਆਲੂ ਦੀਆਂ ਕੀਮਤਾਂ ਡਿੱਗਣ ਤੇ ਨੇਪਾਲ ਵਿੱਚ ਸਬਜ਼ੀਆਂ ਦਾ ਬੇਹੱਦ ਘੱਟ ਮੁੱਲ ਮਿਲਣ ਦਾ ਮਾਮਲਾ ਵੀ ਉੱਭਰਿਆ ਹੈ।

ਸਪੇਨ ਵਿੱਚ ਕਿਸਾਨਾਂ ਨੇ 4 ਲੱਖ ਲਿਟਰ ਦੁੱਧ ਸੜਕਾਂ ’ਤੇ ਰੋੜ੍ਹ ਦਿੱਤਾ; ਮਲੇਸ਼ੀਆ ਦੇ ਕਾਸ਼ਤਕਾਰਾਂ ਨੇ ਚੌਲਾਂ ਦੀ ਘੱਟ ਕੀਮਤ ਮਿਲਣ ’ਤੇ ਰੋਸ ਜਤਾਇਆ ਹੈ। ਫਰਾਂਸ ਵਿੱਚ ਛੋਟੇ ਕਿਸਾਨਾਂ ਦੀ ਮੁੱਖ ਜਥੇਬੰਦੀ ‘ਕਨਫੈਡਰੇਸ਼ਨ ਪੈਜ਼ੇਨ’ ਨੇ ਰਾਸ਼ਟਰਪਤੀ ਇਮੈਨੁਅਲ ਮੈਕਰੋਂ ਨਾਲ ਹਾਲ ਹੀ ਵਿੱਚ ਹੋਈ ਬੈਠਕ ’ਚ ਭਰੋਸਾ ਮੰਗਿਆ ਹੈ ਕਿ ਗਾਰੰਟੀਸ਼ੁਦਾ ਕੀਮਤ ਤੋਂ ਘੱਟ ਕਿਸੇ ਵੀ ਖੇਤੀ ਉਤਪਾਦ ਦੀ ਖ਼ਰੀਦ ਦੀ ਇਜਾਜ਼ਤ ਨਾ ਦਿੱਤੀ ਜਾਵੇ ਜਿਸ ਵਿੱਚ ਲਾਗਤ ਖ਼ਰਚ ਦੇ ਨਾਲ-ਨਾਲ ਲਾਹੇਵੰਦ ਕੀਮਤ ਨੂੰ ਵੀ ਸ਼ਾਮਲ ਕੀਤਾ ਜਾਵੇ, ਇਸ ਦੇ ਨਾਲ ਹੀ ਸਮਾਜਿਕ ਸੁਰੱਖਿਆ ਦਾ ਵੀ ਪ੍ਰਬੰਧ ਕੀਤਾ ਜਾਵੇ।

ਕਿਸਾਨਾਂ ਨੇ ਵਪਾਰਕ ਉਦਾਰੀਕਰਨ ਨੂੰ ਵੀ ਨਿਸ਼ਾਨੇ ’ਤੇ ਲਿਆ ਹੈ। ਜਰਮਨੀ, ਫਰਾਂਸ, ਰੋਮਾਨੀਆ, ਇਟਲੀ ਤੇ ਪੋਲੈਂਡ ਦੇ ਕਿਸਾਨਾਂ ਨੇ ਯੂਕਰੇਨ ਤੋਂ ਹੋ ਰਹੀ ਸਸਤੀ ਦਰਾਮਦ ਵਿਰੁੱਧ ਝੰਡਾ ਚੁੱਕਿਆ ਹੈ ਤੇ ਨਾਲ ਹੀ ਉਹ ਮੁਕਤ ਵਪਾਰ ਸਮਝੌਤਿਆਂ ਦੀ ਮੁੜ ਸਮੀਖਿਆ ਵੀ ਮੰਗ ਰਹੇ ਹਨ। ਉਨ੍ਹਾਂ ਰਾਜਮਾਰਗ ਠੱਪ ਕਰ ਦਿੱਤੇ ਹਨ, ਦਰਾਮਦ ਕੀਤੇ ਖੇਤੀ ਉਤਪਾਦ ਲਿਆ ਰਹੇ ਟਰੱਕਾਂ ਨੂੰ ਰੋਕ ਦਿੱਤਾ ਹੈ ਤੇ ਕਈ ਥਾਵਾਂ ’ਤੇ ਬਾਹਰੋਂ ਆਏ ਖ਼ੁਰਾਕੀ ਪਦਾਰਥਾਂ ਨੂੰ ਨਸ਼ਟ ਵੀ ਕਰ ਦਿੱਤਾ ਹੈ। ਫਰਾਂਸ ਵਿੱਚ ਹਜ਼ਾਰਾਂ ਕਿਸਾਨਾਂ ਤੇ ਮਛੇਰਿਆਂ ਨੇ ਬਾਹਰੋਂ ਸਸਤੀ ਮੱਛੀ ਮੰਗਵਾਉਣ ਵਿਰੁੱਧ ਬੰਦਰਗਾਹਾਂ ’ਤੇ ਰੋਸ ਪ੍ਰਗਟਾਇਆ ਹੈ, ਉਨ੍ਹਾਂ ਮੁਤਾਬਿਕ ਇਸ ਨਾਲ ਖੇਤੀਬਾੜੀ ’ਚ ਗੁਜ਼ਾਰਾ ਔਖਾ ਹੋ ਰਿਹਾ ਹੈ। ਭਾਰਤ ਵਿੱਚ ਅੰਦੋਲਨਕਾਰੀ ਕਿਸਾਨਾਂ ਨੇ ਆਪਣੀ ਮੰਗ ਦੁਹਰਾਉਂਦਿਆਂ ਕਿਹਾ ਹੈ ਕਿ ਭਾਰਤ ਨੂੰ ਸੰਸਾਰ ਵਪਾਰ ਸੰਗਠਨ ਤੋਂ ਨਾਤਾ ਤੋੜ ਲੈਣਾ ਚਾਹੀਦਾ ਹੈ। ‘ਡਾਊਨ ਟੂ ਅਰਥ’ ਰਸਾਲੇ ਦੀ ਇਕੱਤਰ ਜਾਣਕਾਰੀ ਮੁਤਾਬਿਕ ਯੂਰੋਪ ਦੇ 24 ਮੁਲਕਾਂ ਵਿੱਚ ਰੋਸ ਪ੍ਰਦਰਸ਼ਨ ਹੋਏ ਹਨ, ਅਫਰੀਕਾ ਦੇ 12, ਏਸ਼ੀਆ ਦੇ 11, ਇਵੇਂ ਹੀ ਦੱਖਣੀ, ਉੱਤਰੀ ਤੇ ਕੇਂਦਰੀ ਅਮਰੀਕਾ ਦੇ ਅੱਠ-ਅੱਠ ਅਤੇ ਮਹਾਸਾਗਰੀ ਮੁਲਕਾਂ ’ਚੋਂ ਦੋ ਨੇ ਪਿਛਲੇ ਸਾਲ ਕਿਸਾਨਾਂ ਦੇ ਰੋਸ ਮੁਜ਼ਾਹਰੇ ਦੇਖੇ ਹਨ।

ਯੂਰੋਪ ਦੇ ਆਜ਼ਾਦਾਨਾ ਮੀਡੀਆ ਨੈੱਟਵਰਕ ‘ਯੂਰੈਕਟਿਵ’ ਦੇ ਅਧਿਐਨ ਮੁਤਾਬਿਕ ਯੂਰੋਪੀ ਦੇਸ਼ਾਂ ਵਿੱਚ ਹਾਲ ਹੀ ਵਿੱਚ (ਜਨਵਰੀ-ਫਰਵਰੀ 2024) ਵਿੱਚ ਹੋਏ ਰੋਸ ਪ੍ਰਦਰਸ਼ਨਾਂ ਦੌਰਾਨ ਕਿਸਾਨਾਂ ਲਈ ਵਾਜਬ ਤੇ ਲਾਹੇਵੰਦ ਭਾਅ ਦੀ ਮੰਗ ਉੱਭਰ ਕੇ ਸਾਹਮਣੇ ਆਈ ਹੈ। ਇਹ ਜਿ ?ਆਦਾਤਰ ਫਰਾਂਸ, ਜਰਮਨੀ, ਸਪੇਨ ਤੇ ਇਟਲੀ ਵਿੱਚੋਂ ਉੱਠ ਰਹੀ ਹੈ। ਬੈਲਜੀਅਮ ਦੇ ਕਿਸਾਨ ਫੂਡ ਚੇਨਾਂ (ਭੋਜਨ ਲੜੀਆਂ) ਵਿੱਚ ਵੀ ਸੁਰੱਖਿਆ ਦੀ ਮੰਗ ਕਰ ਰਹੇ ਹਨ। ਉਨ੍ਹਾਂ ਦਾ ਗੁੱਸਾ ਸਖ਼ਤ ਵਾਤਾਵਰਨ ਨੇਮਾਂ ਵੱਲ ਵੀ ਸੇਧਿਤ ਹੈ ਜੋ ਯੂਰੋਪੀ ਕਮਿਸ਼ਨ ਜ਼ੀਰੋ ਕਾਰਬਨ ਨਿਕਾਸੀ ਦਾ ਟੀਚਾ ਹਾਸਿਲ ਕਰਨ ਲਈ ਥੋਪਣ ਦੀ ਕੋਸ਼ਿਸ਼ ਕਰ ਰਿਹਾ ਹੈ। ਖੇਤੀਬਾੜੀ ਖੇਤਰ ’ਤੇ ਵਪਾਰ ਦੇ ਅਸਰ ਤੋਂ ਯੂਰੋਪੀਅਨ ਕਿਸਾਨ ਫਿ ?ਕਰਮੰਦ ਹਨ। ਜਰਮਨੀ ਦੇ ਕਿਸਾਨ ਮੁੱਖ ਤੌਰ ’ਤੇ ਈਂਧਨ ਉੱਤੇ ਮਿਲਦੀ ਟੈਕਸ ਛੋਟ ਖ਼ਤਮ ਹੋਣ ਵਿਰੁੱਧ ਰੋਸ ਜ਼ਾਹਿਰ ਕਰ ਰਹੇ ਹਨ। ਖੇਤੀ ਵਾਹਨਾਂ ’ਤੇ ਮਿਲਦੀ ਇਸ ਛੋਟ ਨੂੰ ਜਰਮਨੀ ਦੀ ਸਰਕਾਰ ਹੌਲੀ-ਹੌਲੀ ਖ਼ਤਮ ਕਰ ਰਹੀ ਹੈ। ਇਸ ਤੋਂ ਇਲਾਵਾ ਉੱਥੇ ਕਿਸਾਨ ਵਾਤਾਵਰਨ ਨਾਲ ਸਬੰਧਿਤ ਨਵੇਂ ਨੇਮਾਂ-ਖ਼ਾਸਕਰ ਨਾਈਟ੍ਰੇਟ ਸਬੰਧੀ ਹਦਾਇਤਾਂ ਦਾ ਵਿਰੋਧ ਕਰ ਰਹੇ ਹਨ, ਘੱਟ ਭਾਅ ਮਿਲਣ ਕਾਰਨ ਹੋ ਰਹੇ ਨੁਕਸਾਨ ਦੀ ਪੂਰਤੀ ਲਈ ਬੋਨਸ ਆਦਿ ਮੰਗ ਰਹੇ ਹਨ। ਸਾਰ-ਤੱਤ ਇਹ ਹੈ ਕਿ ਕਈ ਮਹਾਦੀਪਾਂ ’ਚ ਹੋ ਰਹੇ ਜਿ ?ਆਦਾਤਰ ਰੋਸ ਪ੍ਰਦਰਸ਼ਨ ਮੁੱਢਲੇ ਤੌਰ ’ਤੇ ਜਿਣਸਾਂ ਦੀ ਘੱਟ ਕੀਮਤ, ਵਧੇ ਲਾਗਤ ਖ਼ਰਚ, ਸਸਤੀ ਦਰਾਮਦ ਅਤੇ ਵੱਖ-ਵੱਖ ਤਰ੍ਹਾਂ ਦੀ ਸਹਾਇਤਾ ਬੰਦ ਹੋਣ ’ਤੇ ਕੇਂਦਰਿਤ ਹਨ; ਕੁਝ ਮੁਕਾਮੀ ਮੁੱਦੇ ਵੀ ਹਨ। ਖੇਤੀਬਾੜੀ ਨੂੰ ਬਾਜ਼ਾਰਾਂ ਹਵਾਲੇ ਕਰਨ ਨਾਲ ਖੇਤੀ ਖੇਤਰ ਦਾ ਕੋਈ ਫ਼ਾਇਦਾ ਨਹੀਂ ਹੋਇਆ। ਭਾਰਤੀ ਖੇਤੀਬਾੜੀ ’ਤੇ ਉਹ ਵਿੱਤੀ ਸੋਚ ਹਾਵੀ ਰਹੀ ਹੈ ਜਿਸ ਨੇ ਸੋਚੇ-ਸਮਝੇ ਢੰਗ ਨਾਲ ਇਹ ਯਕੀਨੀ ਬਣਾਇਆ ਕਿ ਮਹਿੰਗਾਈ ’ਤੇ ਕਾਬੂ ਪਾਉਣ ਲਈ ਖੁਰਾਕੀ ਵਸਤਾਂ ਦੀਆਂ ਕੀਮਤਾਂ ਘੱਟ ਰੱਖੀਆਂ ਜਾਣ। ਇਹ ਵੇਲਾ ਵਿਹਾਅ ਚੁੱਕੀ ਪਹੁੰਚ ਹੈ। ਹੁਣ ਸਮਾਂ ਆ ਗਿਆ ਹੈ ਕਿ ਭਾਰਤੀ ਰਿਜ਼ਰਵ ਬੈਂਕ ਵਿਆਪਕ ਅਰਥਚਾਰੇ (ਮੈਕਰੋ ਇਕੌਨੋਮਿਕਸ) ਬਾਰੇ ਆਪਣੀਆਂ ਨੀਤੀਆਂ ਨੂੰ ਸਮੇਂ ਦੇ ਹਾਣ ਦੀਆਂ ਬਣਾਉਣ ਲਈ ਇਨ੍ਹਾਂ ’ਤੇ ਮੁੜ ਗੌਰ ਕਰੇ। ਘਰੇਲੂ ਖ਼ਰਚ ਬਾਰੇ 2022-23 ਦਾ ਸਰਵੇਖਣ ਦੱਸਦਾ ਹੈ ਕਿ ਖੁਰਾਕੀ ਵਸਤਾਂ ’ਤੇ ਖ਼ਰਚ ਘਟ ਗਿਆ ਹੈ; ਇਸ ਦੇ ਨਾਲ ਹੀ ਹਰ ਪਰਿਵਾਰ ’ਤੇ ਰਿਹਾਇਸ਼, ਸਿਹਤ ਅਤੇ ਸਿੱਖਿਆ ਦੇ ਲਗਾਤਾਰ ਵਧ ਰਹੇ ਖ਼ਰਚੇ ਦਾ ਬੋਝ ਵੀ ਪਿਆ ਹੈ ਜਿਸ ਨੂੰ ਖ਼ਪਤ ਵਾਲੇ ਖਾਤੇ ’ਚ ਢੁੱਕਵੇਂ ਤਰੀਕੇ ਨਾਲ ਨਹੀਂ ਦਰਸਾਇਆ ਗਿਆ।

ਜਿਉਂ ਹੀ ਤੁਸੀਂ ਖੇਤੀ ਜਿਣਸਾਂ ਦੀਆਂ ਕੀਮਤਾਂ ਨੂੰ ਵਿਆਪਕ ਅਰਥਚਾਰੇ ਦੇ ਸ਼ਿਕੰਜੇ ਤੋਂ ਮੁਕਤ ਕਰਨ ਦੇ ਅਤਿ ਲੋੜੀਂਦੇ ਪੱਖ ਉਪਰ ਜ਼ੋਰ ਦਿੰਦੇ ਹੋ ਤਾਂ ਇਸ ਦਾ ਜ਼ਬਰਦਸਤ ਵਿਰੋਧ ਦੇਖਣ ਨੂੰ ਮਿਲਦਾ ਹੈ। ਇਹ ਚਿਤਾਵਨੀਆਂ ਆਉਂਦੀਆਂ ਹਨ ਕਿ ਇਸ ਨਾਲ ਮਹਿੰਗਾਈ ਦਰ ਵਧ ਜਾਵੇਗੀ ਅਤੇ ਮੰਡੀ ਵਿੱਚ ਤਰਥੱਲੀ ਮੱਚ ਜਾਵੇਗੀ। ਜਦੋਂ ਵੀ ਕਦੇ ਕਿਸਾਨ ਨਿਸ਼ਚਿਤ ਕੀਮਤ ਦੀ ਲੋੜ ਉਪਰ ਜ਼ੋਰ ਦਿੰਦੇ ਹਨ ਤਾਂ ਇਹ ਨੁਕਤਾਚੀਨੀ ਹੋਣ ਲੱਗ ਪੈਂਦੀ ਹੈ। ਦੂਜੇ ਪਾਸੇ, ਕੋਈ ਕਾਰਪੋਰੇਟ ਕੰਪਨੀ ਮਹਾਮਾਰੀ ਦੇ ਸਾਲਾਂ ਦੌਰਾਨ 57 ਫ਼ੀਸਦੀ ਕੀਮਤਾਂ ਵਧਾ ਕੇ ਅਤੇ 2023 ਦੇ ਕਾਫ਼ੀ ਅਰਸੇ ਦੌਰਾਨ ਵੀ 53 ਫ਼ੀਸਦੀ ਕੀਮਤਾਂ ਵਧਾ ਕੇ ਮਹਿੰਗਾਈ ਵਧਾਉਂਦੀ ਹੈ ਤਾਂ ਇਹੀ ਆਰਥਿਕ ਸੋਚ ਸੁਸਰੀ ਵਾਂਗ ਸੌਂ ਜਾਂਦੀ ਹੈ। ਨੰਗੇ ਚਿੱਟੇ ਲਾਲਚ ਕਾਰਨ ਮੰਡੀ ਵਿੱਚ ਹੋਣ ਵਾਲੀ ਉਥਲ-ਪੁਥਲ ਉਪਰ ਉਦੋਂ ਤੱਕ ਕੋਈ ਚੀਕ-ਚਿਹਾੜਾ ਨਹੀਂ ਪੈਂਦਾ ਜਦੋਂ ਤੱਕ ਮੈਸਾਚੁਐਸਟਸ ਯੂਨੀਵਰਸਿਟੀ ਦੀ ਅਰਥ ਸ਼ਾਸਤਰੀ ਇਸਾਬੇਲਾ ਐੱਮ ਵੈਬਰ ਸਾਨੂੰ ਇਹ ਨਹੀਂ ਦੱਸਦੀ ਕਿ ਇਸ ਦਾ ਕਾਰਨ ‘ਵਿਕਰੇਤਾ ਦਾ ਮੁਨਾਫ਼ਾ’ ਹੈ ਜਿਸ ਨੂੰ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਵੀ ਆਪਣੇ ਹਾਲੀਆ ਕੌਮ ਦੇ ਨਾਂ ਭਾਸ਼ਣ ਵਿੱਚ ਪ੍ਰਵਾਨ ਕਰਦਿਆਂ ਇਸ ਸਬੰਧੀ ਦਰੁਸਤੀ ਕਾਰਵਾਈ ਕਰਨ ਦਾ ਵਾਅਦਾ ਕੀਤਾ ਹੈ।

ਇਸ ਲਈ ਖੁੱਲ੍ਹੀ ਮੰਡੀ ਕੋਈ ਹੱਲ ਨਹੀਂ ਹੈ। ਦਰਅਸਲ, ਇਹ ਖੇਤੀ ਸੰਕਟ ਜਾਰੀ ਰਹਿਣ ਦਾ ਕਾਰਨ ਹੈ। ਜੇ ਮੰਡੀਆਂ ਕੋਲ ਹੀ ਲਿਆਕਤ ਹੁੰਦੀ ਅਤੇ ਇਹ ਕੁਸ਼ਲਤਾ ਨੂੰ ਉਤਸ਼ਾਹਿਤ ਕਰਦੀਆਂ ਹੁੰਦੀਆਂ ਤਾਂ ਖੇਤੀਬਾੜੀ ਦੇ ਘਾਟੇ ਦਾ ਧੰਦਾ ਬਣਨ ਦਾ ਕੋਈ ਕਾਰਨ ਨਹੀਂ ਸੀ ਹੋਣਾ। ਦੁਨੀਆ ਭਰ ਵਿੱਚ ਉੱਠ ਰਹੇ ਕਿਸਾਨ ਅੰਦੋਲਨ ਇਸ ਗੱਲ ਦਾ ਪ੍ਰਮਾਣ ਹਨ ਕਿ ਅਰਥਚਾਰਾ ਕਿੰਨਾ ਨੁਕਸਦਾਰ ਬਣਿਆ ਹੋਇਆ ਹੈ। ਹੁਣ ਆਰਥਿਕ ਢਾਂਚੇ ਦੀ ਕਾਇਆ ਕਲਪ ਕਰਨ ਦਾ ਸਮਾਂ ਹੈ ਜਿਸ ਨੇ ਖੇਤੀਬਾੜੀ ਨੂੰ ਗਿਣ ਮਿੱਥ ਕੇ ਸਾਹਸਤਹੀਣ ਬਣਾਇਆ ਹੋਇਆ ਹੈ। ਕਾਨੂੰਨੀ ਤੌਰ ’ਤੇ ਘੱਟੋ-ਘੱਟ ਸਮਰਥਨ ਮੁੱਲ ਪ੍ਰਣਾਲੀ ਨਾ ਸਿਰਫ਼ ਭਾਰਤੀ ਕਿਸਾਨਾਂ ਲਈ ਸਗੋਂ ਦੁਨੀਆ ਭਰ ਦੇ ਕਾਸ਼ਤਕਾਰਾਂ ਲਈ ਮਾਰਗ ਦਰਸ਼ਕ ਹੋਵੇਗੀ। ਮੰਡੀਆਂ ਇਸ ਦੇ ਹਿਸਾਬ ਨਾਲ ਆਪਣੇ ਆਪ ਨੂੰ ਢਾਲ ਲੈਣਗੀਆਂ।

# ਨਸ਼ਿਆਂ ਵਿਰੁੱਧ ਜ਼ਿਲ੍ਹੇ ਦੀਆਂ ਨਾਮਵਰ ਸੰਸਥਾਵਾਂ ਵਲੋਂ ਛੇੜੀ ਮੁਹਿੰਮ ਸ਼ਲਾਘਾਯੋਗ : ਡੀ ਆਈ ਜੀ ਹਰਚਰਨ ਭੁੱਲਰ

**ਪਟਿਆਲਾ, 29 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਪੁਲਿਸ ਵੱਲੋਂ ਸਟੇਟ ਕਾਲਜ ਆਫ ਐਜੂਕੇਸ਼ਨ ਪਟਿਆਲਾ ਵਿਖੇ ਅੰਤਰਰਾਸ਼ਟਰੀ ਸੰਸਥਾ ਡਰੱਗ ਫਰੀ ਵਰਲਡ ਅਮਰੀਕਾ ਅਤੇ ਪਟਿਆਲਾ ਜ਼ਿਲ੍ਹੇ ਦੀਆਂ ਨਾਮਵਰ ਸਮਾਜ ਸੇਵੀ ਸੰਸਥਾਵਾਂ ਪਾਵਰ ਹਾਊਸ ਯੂਥ ਕਲੱਬ, ਯੂਥ ਫੈਡਰੇਸ਼ਨ ਆਫ ਇੰਡੀਆ, ਯੂਵਕ ਸੇਵਾਵਾਂ ਕਲੱਬ ਦੀਪ ਨਗਰ, ਸਤਿਆਵਤੀ ਹਿਮਾਂਸ਼ੂ ਸ਼ਰਮਾ ਮੈਮੋਰੀਅਲ ਫਾਊਂਡੇਸ਼ਨ ਅਤੇ ਸਰਕਾਰੀ ਆਈ ਟੀ ਆਈ ਲੜਕੇ, ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਦੇ ਸਹਿਯੋਗ ਨਾਲ ਨਸ਼ਿਆਂ ਵਿਰੁੱਧ ਜਾਗਰੂਕਤਾ ਮੁਹਿੰਮ ਤਹਿਤ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਜਿਸ ਵਿਚ ਮੁੱਖ ਮਹਿਮਾਨ ਡੀ ਆਈ ਜੀ ਪਟਿਆਲਾ ਰੇਂਜ ਹਰਚਰਨ ਸਿੰਘ ਭੁੱਲਰ ਨੇ ਸ਼ਿਰਕਤ ਕੀਤੀ। ਪ੍ਰੋਗਰਾਮ ਦੀ ਪ੍ਰਧਾਨਗੀ ਪ੍ਰਿੰਸੀਪਲ ਡਾ. ਜਸਪ੍ਰੀਤ ਕੌਰ ਨੇ ਕੀਤੀ। ਪ੍ਰੋਗਰਾਮ ਦਾ ਉਦਘਾਟਨ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਨੇ ਕੀਤਾ। ਵਿਸ਼ੇਸ਼ ਤੌਰ ’ਤੇ ਡੀ ਐਸ ਪੀ ਸਿਟੀ 1 ਸੰਜੀਵ ਸਿੰਗਲਾ, ਡੀ ਐਸ ਪੀ ਟ੍ਰੈਫਿਕ ਕਰਨੈਲ ਸਿੰਘ, ਇੰਸਪੈਕਟਰ ਸ਼ਿਵਦੀਪ ਸਿੰਘ ਬਰਾੜ ਐਸ ਐਚ ਓ ਸਿਵਲ ਲਾਈਨ, ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਇੰਸਪੈਕਟਰ ਝਰਮਲ ਸਿੰਘ ਇੰਚਾਰਜ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ, ਐਸ ਆਈ ਲਾਡੀ ਪਹੇੜੀ ਇੰਚਾਰਜ ਸਿਟੀ ਟ੍ਰੈਫਿਕ, ਐਸ ਆਈ ਨਵਦੀਪ ਕੌਰ ਚੈਹਿਲ, ਵਿਨੋਦ ਸ਼ਰਮਾ ਜਰਨਲ ਸਕੱਤਰ ਜਨ ਹਿੱਤ ਸੰਮਤੀ, ਵਿਨੇ ਸ਼ਰਮਾ, ਸਟੇਟ ਐਵਾਰਡੀ ਰੁਪਿੰਦਰ ਕੌਰ, ਲੈਫਟੀਨੈਂਟ ਜਗਦੀਪ ਸਿੰਘ ਜੋਸ਼ੀ ਟ੍ਰੇਨਿਗ ਅਫ਼ਸਰ,ਰੁਦਰਪ੍ਰਤਾਪ ਸਿੰਘ, ਐਸਟਿਟ ਪ੍ਰੋਫੈਸਰ ਹਰਦੀਪ ਕੌਰ ਸੈਣੀ, ਐਸਟਿਟ ਪ੍ਰੋਫੈਸਰ ਯਸਪ੍ਰੀਤ ਸਿੰਘ , ਧਰਮ ਚੰਦ,ਲੱਕੀ ਹਰਦਾਸਪੁਰ, ਉਪਕਾਰ ਸਿੰਘ ਨੇ ਸ਼ਿਰਕਤ ਕੀਤੀ। ਇਸ ਮੌਕੇ ਨੌਜਵਾਨਾਂ ਨੂੰ ਸੰਬੋਧਨ ਕਰਦਿਆਂ ਡੀ ਆਈ ਜੀ ਪਟਿਆਲਾ ਰੇਂਜ ਹਰਚਰਨ ਸਿੰਘ ਭੁੱਲਰ ਨੇ ਕਿਹਾ ਕਿ ਡਾਇਰੈਕਟਰ ਜਨਰਲ ਆਫ਼ ਪੁਲਿਸ ਗੋਰਵ ਯਾਦਵ ਵੱਲੋਂ ਸਖ਼ਤ ਹਦਾਇਤਾਂ ਹਨ ਕਿ ਨਸ਼ਾ ਤਸਕਰਾਂ ਨੂੰ ਕਿਸੇ ਵੀ ਕੀਮਤ ’ਤੇ ਨਾ ਬਖ਼ਸ਼ਿਆ ਜਾਵੇ ਅਤੇ ਉਹਨਾਂ ਵਿਰੁੱਧ ਸਖ਼ਤ ਕਾਰਵਾਈ ਕਰਦਿਆਂ ਨਸ਼ਾ ਤਸਕਰਾਂ ਦੀਆਂ ਜਾਇਦਾਦਾਂ ਸੀਲ ਕੀਤੀਆਂ ਜਾਣ ਅਤੇ ਪੁਲਿਸ ਵੱਲੋਂ ਨਸ਼ਾ ਤਸਕਰਾਂ ਵਿਰੁੱਧ ਸਖ਼ਤ ਕਾਰਵਾਈ ਕਰਦੇ ਹੋਏ ਉਨ੍ਹਾਂ ਦੀਆਂ ਜਾਇਦਾਦਾਂ ਸੀਲ ਕੀਤੀਆਂ ਜਾ ਰਹੀਆਂ ਹਨ। ਉਹਨਾਂ ਕਿਹਾ ਕਿ ਨਸ਼ਿਆਂ ਵਿਰੁੱਧ ਚਲਾਈ ਜਾ ਰਹੀ ਮੁਹਿੰਮ ਵਿੱਚ ਪਬਲਿਕ ਅਤੇ ਨੌਜਵਾਨਾਂ ਨੂੰ ਅੱਗੇ ਆ ਕੇ ਸਹਿਯੋਗ ਕਰਨਾ ਚਾਹੀਦਾ ਹੈ। ਉਹਨਾਂ ਕਿਹਾ ਕਿ ਨਸ਼ਾ ਤਸਕਰਾਂ ਦੀ ਸੂਚਨਾ ਦੇਣ ਵਾਲੇ ਵਿਅਕਤੀ ਦਾ ਨਾਮ ਪੁਲਿਸ ਵੱਲੋਂ ਗੁਪਤ ਰੱਖਿਆ ਜਾਂਦਾ ਹੈ। ਇਸ ਲਈ ਬਗੈਰ ਕਿਸੇ ਡਰ, ਭੈਅ ਤੋਂ ਨਸ਼ਾ ਤਸਕਰਾਂ ਦੀ ਸੂਚਨਾ ਪੁਲਿਸ ਨੂੰ ਦਿੱਤੀ ਜਾਵੇ ਤਾਂ ਹੀ ਅਸੀਂ ਸਾਰੇ ਇੱਕਜੁੱਟ ਹੋ ਕੇ ਨਸ਼ਿਆਂ ਨੂੰ ਜੜ੍ਹੋਂ ਖਤਮ ਕਰ ਸਕਦੇ ਹਾਂ। ਉਹਨਾਂ ਪਰਮਿੰਦਰ ਭਲਵਾਨ, ਗਰੇਵਾਲ, ਰੁਪਿੰਦਰ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਇਹਨਾਂ ਵਲੋਂ ਜੋ ਨਸ਼ਿਆਂ ਵਿਰੁੱਧ ਮੁਹਿੰਮ ਛੇੜੀ ਹੋਈ ਹੈ ਉਹੋ ਬਹੁਤ ਹੀ ਸ਼ਲਾਘਾਯੋਗ ਹੈ ਅਤੇ ਉਹੋ ਇਸ ਮੁਹਿੰਮ ਵਿਚ ਹਰ ਸੰਭਵ ਮੱਦਦ ਕਰਨਗੇ। ਇਸ ਮੌਕੇ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਰਾਜ ਯੂਵਾ ਪੁਰਸਕਾਰ ਵਿਜੇਤਾ ਪਰਮਿੰਦਰ ਭਲਵਾਨ ਮੈਂਬਰ ਨਸਾ ਮੁਕਤ ਭਾਰਤ ਅਭਿਆਨ ਅਤੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਨੇ ਨੌਜਵਾਨਾਂ ਨੂੰ ਨਸ਼ਿਆਂ ਵਿਰੁੱਧ ਸੋਹ ਚੁਕਾਈ ਗਈ। ਇਸ ਮੌਕੇ ਨੌਜਵਾਨਾਂ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕਰਨ ਲਈ ਕਿਤਾਬਾ ਵੀ ਵੰਡੀਆਂ ਗਈਆਂ।




ਡੀ ਆਈ ਜੀ ਪਟਿਆਲਾ ਰੇਂਜ ਹਰਚਰਨ ਸਿੰਘ ਭੁੱਲਰ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਨੌਜਵਾਨਾਂ ਨੂੰ ਜਾਗਰੂਕ ਕਰਦੇ ਹੋਏ ਨਾਲ ਪ੍ਰਿੰਸੀਪਲ ਡਾ ਜਸਪ੍ਰੀਤ ਕੌਰ, ਪਰਮਿੰਦਰ ਭਲਵਾਨ, ਜਤਵਿੰਦਰ ਗਰੇਵਾਲ ਅਤੇ ਹੋਰ

# ਏ ਐਸ ਆਈ ਵਿਕਟਰ ਸਿੰਘ ਨੇ ਮੇਰੇ ਨਾਲ ਧੋਖੇ ਨਾਲ ਵਿਆਹ ਕਰਵਾਇਆ, ੱਕੇ ਨਾਲ ਦਵਾਈ ਖਵਾ ਕੇ ਕਰਵਾਇਆ ਗਿਆ ਸੀ ਮੇਰਾ ਗਰਭਪਾਤ : ਮਾਹੀ ਸ਼ਰਮਾ

**ਅੰਮ੍ਰਿਤਸਰ, 29 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਜਿਲਾ ਅੰਮ੍ਰਿਤਸਰ ਦਿਹਾਤੀ ਦੇ ਥਾਣਾ ਘਰਿੰਡੇ ਵਿੱਚ ਤੈਨਾਤ ਏ.ਐਸ.ਆਈ. ਵਿਕਟਰ ਸਿੰਘ ’ਤੇ ਦੋਸ਼ ਲਗਾਉਣ ਵਾਲੀ ਮਾਹੀ ਸ਼ਰਮਾ ਦੇ ਨਾਲ ਵਿਆਹ ਦੀਆਂ ਤਸਵੀਰਾਂ ਅਤੇ ਜਲੰਧਰ ਦੀ ਰਹਿਣ ਵਾਲੀ ਸਿਮਰਨ ਸ਼ਰਮਾ (ਮਾਹੀ) ਇਨਸਾਫ ਲੈਣ ਲਈ ਥਾਣਾ ਘਰਿੰਡਾਂ ਪਹੁੰਚ ਕੇ ਆਪਣੀ ਦਾਸਤਾਨ ਸੁਣਾਉਂਦੀ ਹੋਈ। ਦੱਸਿਆ ਕਿ ਵਿਕਟਰ ਨੇ 4 ਅਪ੍ਰੈ ?ਲ 2023 ਨੂੰ ਉਹਨਾਂ ਦੇ ਨਾਲ ਵਿਆਹ ਕਰਵਾਇਆ ਸੀ। ਉਹਨਾਂ ਨੇ ਦੱਸਿਆ ਕਿ ਵਿਕਟਰ ਵੱਲੋਂ ਇਹ ਵਿਆਹ ਉਹਨਾਂ ਵਿਖੇ ਇੱਕ ਥਾਣੇ ਦੇ ਵਿੱਚ ਕਰਵਾਇਆ ਗਿਆ ਅਤੇ ਉਸ ਤੋਂ ਬਾਅਦ ਅਗਲੇ ਦਿਨ ਹੀ ਗੁਰਦੁਆਰਾ ਸਾਹਿਬ ਵਿਖੇ ਜਾ ਕੇ ਲਾਵਾਂ ਫੇਰੇ ਲਏ ਗਏ।

ਏ.ਐਸ.ਆਈ ਵਿਕਟਰ ਸਿੰਘ ਤੇ ਗੰਭੀਰ ਆਰੋਪ ਲਗਾਉਂਦੇ ਹੋਏ ਕਿਹਾ ਗਿਆ ਕਿ ਵਿਕਟਰ ਵੱਲੋਂ ਉਸ ਦੇ ਨਾਲ ਜਲੰਧਰ ਪਹਿਲਾਂ ਧੋਖੇ ਦੇ ਨਾਲ ਵਿਆਹ ਕਰਵਾਇਆ ਗਿਆ ਅਤੇ ਬਾਅਦ ਵਿੱਚ ਉਸ ਦਾ ਦੋ ਵਾਰੀ ਗਰਭਪਾਤ ਵੀਕਰਵਾਇਆ ਗਿਆ।

ਵਿਆਹ ਤੋਂ ਕੁਝ ਦਿਨ ਬਾਅਦ ਉਹਨਾਂ ਨੂੰ ਪਤਾ ਚੱਲਿਆ ਕਿ ਵਿਕਟਰ ਦੀ ਪਹਿਲੀ ਪਤਨੀ ਵੀ ਉਹਨਾਂ ਦੇ ਨਾਲ ਹੀ ਰਹਿੰਦੀ ਹੈ ਜਦਕਿ ਵਿਕਟਰ ਨੇ ਉਹਨਾਂ ਨੂੰ ਦੱਸਿਆ ਸੀ ਕਿ ਉਸ ਦਾ ਆਪਣੀ ਪਤਨੀ ਨਾਲ ਤਲਾਕ ਹੋ ਚੁੱਕਿਆ ਹੈ ਅਤੇ ਉਸ ਦੇ ਬੱਚੇ ਹੀ ਉਸ ਦੇ ਨਾਲ ਰਹਿੰਦੇ ਹਨ।ਉਹਨਾਂ ਦੱਸਿਆ ਕਿ ਇਸ ਦੌਰਾਨ ਵਿਕਟਰ ਸਿੰਘ ਦੀ ਜਿੱਥੇ ਵੀ ਬਦਲੀ ਹੁੰਦੀ ਰਹੀ ਉਹ ਉਹਨਾਂ ਨੂੰ ਨਾਲ ਰੱਖਦਾ ਰਿਹਾਂ



ਸਿਮਰਨ ਨੇ ਪੱਤਰਕਾਰਾਂ ਦੇ ਨਾਲ ਗੱਲਬਾਤ ਕਰਦੇ ਹੋਏ ਅੱਗੇ ਦੱਸਿਆ ਕਿ ਵਿਆਹ ਤੋਂ ਕੁਝ ਸਮਾਂ ਬਾਅਦ ਹੀ ਵਿਕਟਰ ਸਿੰਘ ਨੇ ਉਸ ਦੇ ਨਾਲ ਮਾਰ ਕੁਟਾਈ ਸ਼ੁਰੂ ਕਰ ਦਿੱਤੀ ਅਤੇ ਇੱਥੋਂ ਤਕ ਕਿ ਜਲੰਧਰ ਥਾਣੇ ਦੇ ਬਾਹਰ ਵੀ ਮਾਰਕੁਟਾਈ ਕੀਤੀ ਗਈ। ਮਾਹੀ ਨੇ ਦੱਸਿਆ ਕਿ ਇਸ ਤੋਂ ਬਾਅਦ ਉਹ ਅੰਮ੍ਰਿਤਸਰ ਦਿਹਾਤੀ ਐਸਐਸਪੀ ਦੇ ਕੋਲ ਗਈ ਅਤੇ ਆਪਣੀ ਸਾਰੀ ਸ਼ਿਕਾਇਤ ਉਹਨਾਂ ਦੇ ਕੋਲ ਦਰਜ ਕਰਵਾਈ। ਪਰ ਲੰਮਾ ਸਮਾਂ ਬੀਤ ਜਾਣ ਤੇ ਵੀ ਵਿਕਟਰ ਸਿੰਘ ਦੇ ਖਿਲਾਫ ਪੁਲਿਸ ਵੱਲੋਂ ਕੋਈ ਵੀ ਕਾਰਵਾਈ ਨਹੀਂ ਕੀਤੀ ਗਈ। ਉਹਨਾਂ ਦੱਸਿਆ ਕਿ ਜਦ ਉਹ ਘਰਿੰਡੇ ਥਾਣੇ ਆਏ ਤਾਂ ਵਿਕਟਰ ਨੇ ਇੱਥੇ ਵੀ ਉਹਨਾਂ ਦੇ ਨਾਲ ਟਾਲ ਮਟੋਲ ਕੀਤਾ। ਹੁਣ ਮਾਹੀ ਸ਼ਰਮਾ ਵੱਲੋਂ ਪੁਲਿਸ ਪ੍ਰਸ਼ਾਸਨ ਅੱਗੇ ਇਨਸਾਫ ਕਰਨ ਦੀ ਗੁਹਾਰ ਲਗਾਈ ਗਈ ਹੈ।

ਇਸ ਸਬੰਧੀ ਡੀਐਸਪੀ ਅਟਾਰੀ ਸੁਖਜਿੰਦਰ ਥਾਪੜ ਦੇ ਨਾਲ ਫੋਨ ਤੇ ਗੱਲਬਾਤ ਕੀਤੀ ਗਈ ਉਹਨਾਂ ਅੱਗੇ ਕਿਹਾ ਕਿ ਥਾਣਾ ਘਰਿੰਡਾ ਦੇ ਐਸ ਐਚ ਓ ਨਾਲ ਮੈਂ ਗੱਲਬਾਤ ਕਰਦਾ ਹਾਂ। ਦੂਜੇ ਪਾਸ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮਾਹੀ ਨੇ ਕਿਹਾ ਕਿ ਜੇਕਰ ਮੇਰਾ ਕੋਈ ਵੀ ਜਾਨੀ ਮਾਲੀ ਨੁਕਸਾਨ ਹੁੰਦਾ ਹੈ ਇਸ ਦਾ ਜਿੰਮੇਵਾਰ ਮੇਰਾ ਪਤੀ ਏ ਐਸ ਆਈ ਵਿਕਟਰ ਸਿੰਘ ਹੋਏਗਾ।

# ਨਿਯੁਕਤੀ ਪੱਤਰਾਂ ਨੂੰ ਤਰਸੇ ਈਟੀਟੀ 2364 ਬੇਰੁਜਗਾਰ ਅਧਿਆਪਕ, ਹਾਈ ਕੋਰਟ ਦੇ ਹੁਕਮਾਂ ਨੂੰ ਟਿੱਚ ਜਾਣਦੀ ਹੈ ਸਰਕਾਰ

**ਬਠਿੰਡਾ 29 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਅੱਜ ਈਟੀਟੀ 2364 ਬੇਰੋਜਗਾਰ ਅਧਿਆਪਕ ਯੂਨੀਅਨ ਪੰਜਾਬ ਦੀ ਸੂਬਾ ਪੱਧਰੀ ਮੀਟਿੰਗ ਬਠਿੰਡਾ ਦੇ ਚਿਲਡਰਨ ਪਾਰਕ ਵਿੱਚ ਹੋਈ ਜਿਸ ਵਿੱਚ ਈਟੀਟੀ 2364 ਭਰਤੀ ਸੰਬੰਧੀ ਖੁੱਲ੍ਹ ਕੇ ਚਰਚਾ ਕੀਤੀ ਗਈ। 2364 ਈਟੀਟੀ ਭਰਤੀ ਜੋਂ ਕਿ ਲਗਭਗ ਤਿੰਨ ਸਾਲਾਂ ਤੋਂ ਬਾਅਦ ਮਾਨਯੋਗ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਡਬਲ ਬੈਂਚ ਦੇ ਫੈਸਲੇ ਅਨੁਸਾਰ ਜਿਸ ਵਿੱਚ ਐਕਟਿਵ ਚੀਫ਼ ਜਸਟਿਸ ਸ੍ਰੀਮਤੀ ਰੀਤੂ ਬਾਹਰੀ ਜੀ ਦੁਆਰਾ 19 ਦਸੰਬਰ 2023 ਨੂੰ ਭਰਤੀ ਨੂੰ ਬਹਾਲ ਕਰਦਿਆਂ ਭਰਤੀ ਡਾਇਰੈਕਟੋਰੇਟ ਨੂੰ ਅੱਠ ਹਫਤਿਆਂ ਦਾ ਸਮਾਂ ਦਿੱਤਾ ਗਿਆ ਸੀ ਪਰ ਜਦੋ ਹੀ ਅੱਠ ਹਫ਼ਤੇ ਦਾ ਸਮਾਂ ਪੂਰਾ ਹੁੰਦਾ ਹੈ ਬੇਰੁਜਗਾਰ ਅਧਿਆਪਕਾਂ ਨੂੰ ਨਿਯੁਕਤੀ ਪੱਤਰ ਦੇਣ ਦੀ ਬਜਾਏ ਡਿਪਾਰਟਮੇਂਟ ਕੁੱਝ ਨੁੱਕਤਿਆਂ ਨੂੰ ਲੈ ਕੇ ਹਾਈ ਕੋਰਟ ਵਿੱਚ ਐਪਲੀਕੇਸ਼ਨ ਲਗਾ ਦਿੰਦਾ ਹੈ ਜਿਸ ਰਾਹੀਂ ਕਲੈਰੀਫਿਕੇਸ਼ਨ ਮੰਗੀ ਜਾਂਦੀ ਹੈ ਅਤੇ ਇੱਕ ਐਪਲੀਕੇਸ਼ਨ ਰਾਹੀਂ ਭਰਤੀ ਨੂੰ ਪੂਰਾ ਕਰਨ ਲਈ ਹੋਰ ਵਾਧੂ ਸਮਾਂ ਮੰਗਿਆ ਜਾਂਦਾ ਹੈ ਜਦ ਕਿ ਪਿਛਲਾ ਅੱਠ ਹਫਤਿਆਂ ਦਾ ਸਮਾਂ ਜੋ ਕੋਰਟ ਵੱਲੋਂ ਦਿੱਤਾ ਗਿਆ ਸੀ ਉਸ ਸਮੇਂ ਅੰਦਰ ਕੋਈ ਐਪਲੀਕੇਸ਼ਨ ਨਹੀਂ ਲਗਾਈ ਜਾਂਦੀ ਸਗੋਂ ਸਮਾਂ ਪੂਰਾ ਹੋਣ ਮਗਰੋਂ ਕੋਰਟ ਦਾ ਰੁਖ਼ ਕੀਤਾ ਜਾਂਦਾ ਹੈ ਜਦਕਿ ਇਹ ਕੰਮ ਅੱਠ ਹਫਤਿਆਂ ਦੇ ਸਮੇਂ ਅੰਦਰ ਵੀ ਕੀਤਾ ਜਾ ਸਕਦਾ ਸੀ ਸੋ ਵਿਭਾਗ ਦਵਾਰਾ ਜੋ ਐਪਲੀਕੇਸ਼ਨਾਂ 14 ਫਰਵਰੀ 2024 ਨੂੰ ਮਾਣਯੋਗ ਹਾਈਕੋਰਟ ਵਿਚ



ਲਗਾਈਆਂ ਗਈਆਂ ਸਨ ਓਹਨਾ ਨੂੰ 15 ਮਾਰਚ 2024 ਨੂੰ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ( ਸਪੈਸ਼ਲ ਡਬਲ ਬੈਂਚ) ਵੱਲੋ ਖਾਰਿਜ ਕਰ ਦਿੱਤਾ ਗਿਆ ਅਤੇ ਵਿਭਾਗ ਨੂੰ 19 ਦਸੰਬਰ 2023 ਵਾਲੇ ਹੁਕਮਾਂ ਦੀ ਪਾਲਣਾ ਕਰਨ ਬਾਰੇ ਕਿਹਾ ਗਿਆ ਜਿਸ ਵਿੱਚ ਨੋਟੀਫਿਕੇਸ਼ਨ ਅਨੁਸਾਰ ਭਰਤੀ ਨੂੰ ਪੂਰਾ ਕਰਨ ਦੇ ਹੁਕਮ ਜਾਰੀ ਕੀਤੇ ਗਏ ਸਨ ਪਰੰਤੂ ਓਹਨਾ ਆਦੇਸ਼ਾਂ ਨੂੰ ਆਏ ਵੀ ਲੱਗਭਗ 10 ਦਿਨ ਬੀਤ ਚੁੱਕੇ ਹਨ ਪਰੰਤੂ ਵਿਭਾਗ ਵੱਲੋਂ ਭਰਤੀ ਪ੍ਰੀਕਿਰਿਆ ਨੂੰ ਅਜੇ ਤੱਕ ਸ਼ੁਰੂ ਨਹੀਂ ਕੀਤਾ ਗਿਆ ਜੋਂ ਕਿ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਆਦੇਸ਼ਾਂ ਦੀ ਉਲੰਘਣਾ ਹੈ ਅਤੇ ਨਾ ਹੀ ਵਿਭਾਗ ਨੇ ਇਸਦਾ ਕੋਈ ਯੋਗ ਕਰਨ ਦੱਸਿਆ ਹੈ ਜਦਕਿ ਇਸ ਭਰਤੀ ਸੰਬੰਧੀ ਆਪਣੀ ਸਕਰੁਟਨੀ ਕਰਵਾ ਚੁੱਕੇ ਉਮੀਦਵਾਰ ਪਿੱਛਲੇ ਲੱਗਭਗ ਤਿੰਨ ਸਾਲਾਂ ਤੋਂ ਮਾਨਸਿਕ ਪ੍ਰੇਸ਼ਾਨੀ ਝੱਲ ਰਹੇ ਹਨ ਇਸ ਭਰਤੀ ਵਿੱਚ 1020 ਪੋਸਟ ਐਸ.ਸੀ. ਕੈਟਾਗਰੀ ਦੀ ਹੈ ਜਿਸ ਵਿੱਚ 595 ਐਸ.ਸੀ. ਬੇਕਲਾਗ ਹੈ ਜੋਂ ਕੇ ਕਾਨੂੰਨੀ ਲੜਾਈ ਲੜ ਕੇ ਪ੍ਰਾਪਤ ਕੀਤਾ ਸੀ।

ਪਰ ਆਮ ਆਦਮੀ ਪਾਰਟੀ ਦੀ ਸਰਕਾਰ ਐਸ. ਸੀ/ਬੀ.ਸੀ ਸਮਾਜ ਲਈ ਕੋਈ ਗੰਭੀਰਤਾ ਨਹੀਂ ਦਿਖਾ ਰਹੀ ਕੇਵਲ ਬਾਬਾ ਸਾਹਿਬ ਅਤੇ ਸ਼ਹੀਦ ਭਗਤ ਸਿੰਘ ਦੀਆਂ ਤਸਵੀਰਾਂ ਲੱਗਾ ਕੇ ਕ੍ਰਾਂਤੀ ਨਹੀਂ ਆਉਦੀ ਉਸ ਵਾਸਤੇ ਜ਼ਮੀਨੀ ਪੱਧਰ ਤੇ ਲੋਕਾਂ ਦੀਆਂ ਸਮੱਸਿਆਂਵਾਂ ਦਾ ਹੱਲ ਕਰਨਾ ਪੈਂਦਾ ਹੈ।

ਈਟੀਟੀ 2364 ਟੀਮ ਵੱਲੋਂ ਪੰਜਾਬ ਸਰਕਾਰ, ਸਿੱਖਿਆ ਮੰਤਰੀ ਅਤੇ ਸਿੱਖਿਆ ਵਿਭਾਗ ਦੇ ਸਬੰਧਿਤ ਅਧਿਕਾਰੀਆਂ ਨੂੰ ਬੇਨਤੀ ਹੈ ਕੇ ਜਲਦੀ ਹੀ 2364 ਭਰਤੀ ਦੀਆਂ ਜੁਆਇਨਿੰਗ ਲਿਸਟਾਂ ਜਾਰੀ ਕੀਤੀਆਂ ਜਾਨ ਨਹੀਂ ਤਾਂ ਆਉਣ ਵਾਲੀਆਂ ਲੋਕ ਸਭਾ ਦੀਆਂ ਚੋਣਾਂ ਵਿੱਚ ਆਮ ਆਦਮੀ ਪਾਰਟੀ ਦਾ ਤਿੱਖਾ ਵਿਰੋਧ ਕੀਤਾ ਜਾਵੇਗਾ ਇਸ ਮੌਕੇ ਮਨਪ੍ਰੀਤ ਸਿੰਘ ਮਾਨਸਾ, ਹਰਜੀਤ ਬੁਡਲਾਡਾ, ਗੁਰਸੰਗਤ ਬੁਡਲਾਡਾ, ਗੁਰਜੀਵਨ ਮਾਨਸਾ, ਕਿਰਨ ਨਾਭਾ ,ਵਰਿੰਦਰ ਸਰਹੰਦ, ਅੰਮ੍ਰਿਤ ਪਾਲ ਧੂਰੀ, ਜਸਵਿੰਦਰ ਮਾਛੀਵਾੜਾ, ਗੁਰਸੇਵ ਸਲੇਮਗੜ੍ਹ ਆਦਿ ਹਾਜ਼ਰ ਸਨ

# ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਸ੍ਰੀ ਹਰਗੋਬਿੰਦਪੁਰ ਸਾਹਿਬ ਦੇ ਸਟਾਫ ਨੇ ਕੀਤੀ ਧਾਰਮਿਕ ਅਸਥਾਨਾ ਦੀ ਯਾਤਰਾ

**ਗੁਰਦਾਸਪੁਰ, 29 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਚੀਫ ਖਾਲਸਾ ਦੀਵਾਨ ਚੈਰੀਟੇਬਲ ਸੁਸਾਇਟੀ ਸ੍ਰੀ ਅੰਮ੍ਰਿਤਸਰ ਵੱਲੋਂ ਇਤਿਹਾਸਕ ਨਗਰ ਸ੍ਰੀ ਹਰਗੋਬਿੰਦਪੁਰ ਸਾਹਿਬ ਵਿਖੇ ਚਲਾਏ ਜਾ ਰਹੇ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦੇ ਸਮੂਹ ਸਟਾਫ ਵੱਲੋਂ ਪ੍ਰਿੰਸੀਪਲ ਮੈਡਮ ਮਧੂ ਸਾਵਲ ਦੀ ਅਗਵਾਈ ਹੇਠ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਧਾਰਮਿਕ ਸਥਾਨਾਂ ਦੀ ਯਾਤਰਾ ਕੀਤੀ ਗਈ।

ਇਸ ਮੌਕੇ ਪ੍ਰਿੰਸੀਪਲ ਮੈਡਮ ਮਧੂ ਸਾਵਲ ਨੇ ਦੱਸਿਆ ਕਿ ਸਕੂਲ ਦੇ ਸਲਾਨਾਂ ਨਤੀਜਿਆਂ ਤੋਂ ਬਾਅਦ ਅਤੇ ਨਵਾਂ ਸੈਸ਼ਨ ਸ਼ੁਰੂ ਕਰਨ ਤੋਂ ਪਹਿਲਾਂ ਹਰ ਸਾਲ ਸਕੂਲ ਦੇ ਅਧਿਆਪਕਾਂ ਨੂੰ ਧਾਰਮਿਕ ਅਸਥਾਨਾਂ ਦੀ ਯਾਤਰਾ ਕਰਵਾਈ ਜਾਂਦੀ ਹੈ।



ਇਸ ਵਾਰ ਸਕੂਲ ਦੇ ਅਧਿਆਪਕਾਂ ਨੂੰ ਗੁਰਦੁਆਰਾ ਸ੍ਰੀ ਕਤਲਗੜ੍ਹ ਸਾਹਿਬ ਸ੍ਰੀ ਚਮਕੌਰ ਸਾਹਿਬ,ਗੁਰਦੁਆਰਾ ਗੜ੍ਹੀ ਸਾਹਿਬ, ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਮਾਛੀਵਾੜਾ,ਗੁਰਦੁਆਰਾ ਸ੍ਰੀ ਭੱਠਾ ਸਾਹਿਬ ਰੋਪੜ, ਆਦਿ ਗੁਰਦੁਆਰਿਆਂ ਦੀ ਯਾਤਰਾ ਕਰਵਾਈ ਗਈ। ਇਸ ਮੌਕੇ ਸਕੂਲ ਦੇ ਸਮੂਹ ਸਟਾਫ ਵੱਲੋਂ ਸਕੂਲ ਦੀ ਚੜ੍ਹਦੀ ਕਲਾ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ ।

# ਦੇਸ਼ ਵਿੱਚ ਭਾਜਪਾ 400 ਸੀਟਾਂ ਜਿੱਤੇਗੀ: ਰਾਓ ਨਰਵੀਰ ਸਿੰਘ



ਰਤੀਆ, 29 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਭਾਜਪਾ ਵੱਲੋਂ ਅਸ਼ੋਕ ਤੰਵਰ ਨੂੰ ਲੋਕ ਸਭਾ ਚੋਣਾਂ ਵਿੱਚ ਉਮੀਦਵਾਰ ਬਣਾਏ ਜਾਣ ਤੋਂ ਬਾਅਦ ਅੱਜ ਫਤਿਹਾਬਾਦ ਰੋਡ ਸਥਿਤ ਇੱਕ ਨਿੱਜੀ ਪੈਲੇਸ ਵਿੱਚ ਭਾਜਪਾ ਵਰਕਰਾਂ ਦੀ ਮੀਟਿੰਗ ਕੀਤੀ ਗਈ। ਪ੍ਰੋਗਰਾਮ ਵਿੱਚ ਤੰਵਰ ਤੋਂ ਇਲਾਵਾ ਭਾਜਪਾ ਦੇ ਕਲੱਸਟਰ ਹੈੱਡ ਸਾਬਕਾ ਮੰਤਰੀ ਰਾਮ ਨਰਵੀਰ ਸਿੰਘ ਸਿਰਸਾ, ਲੋਕ ਸਭਾ ਕਨਵੀਨਰ ਅਦਿੱਤਿਆ ਦੇਵੀ ਲਾਲ, ਅਨੁਸੂਚਿਤ ਜਾਤੀ ਕਮਿਸ਼ਨ ਦੇ ਚੇਅਰਮੈਨ ਰਵਿੰਦਰ ਬਲਿਆਲਾ, ਰਤੀਆ ਦੇ ਵਿਧਾਇਕ ਲਛਮਣ ਨਾਪਾ ਤੇ ਹੋਰਾਂ ਨੇ ਸ਼ਿਰਕਤ ਕੀਤੀ। ਸਮਾਗਮ ਨੂੰ ਸੰਬੋਧਨ ਕਰਦਿਆਂ ਵਿਧਾਇਕ ਲਛਮਣ ਨਾਪਾ ਨੇ ਕਿਹਾ ਕਿ ਪਿਛਲੀਆਂ ਲੋਕ ਸਭਾ ਚੋਣਾਂ ਵਿੱਚ ਰਤੀਆ ਵਿਧਾਨ ਸਭਾ ਹਲਕੇ ਤੋਂ ਸੰਸਦ ਮੈਂਬਰ ਸੁਨੀਤਾ ਦੁੱਗਲ ਨੂੰ 40 ਹਜ਼ਾਰ ਤੋਂ ਵੱਧ ਵੋਟਾਂ ਨਾਲ ਜਿਤਾ ਕੇ ਭੇਜਿਆ ਗਿਆ ਸੀ ਅਤੇ ਇਸ ਵਾਰ ਅਸ਼ੋਕ ਤੰਵਰ ਨੂੰ ਵਿਧਾਨ ਸਭਾ ਹਲਕੇ ਤੋਂ ਦੋਹਰੇ ਫਰਕ ਨਾਲ ਜਿਤਾ ਕੇ ਭੇਜਿਆ ਜਾਵੇਗਾ। ਲੋਕ ਸਭਾ ਕਲੈਕਟਰ ਹੈੱਡ ਅਤੇ ਸਾਬਕਾ ਮੰਤਰੀ ਰਾਓ ਨਰਵੀਰ ਸਿੰਘ ਨੇ ਕਿਹਾ ਕਿ ਅੱਜ ਪੂਰੇ ਦੇਸ਼ ਅਤੇ ਸੂਬੇ ਵਿੱਚ ਸਿਰਫ਼ ਇੱਕ ਹੀ ਗੱਲ ਸੁਣਨ ਨੂੰ ਮਿਲ ਰਹੀ ਹੈ ਕਿ ਸਿਰਫ਼ ਮੋਦੀ ਹੀ ਪ੍ਰਧਾਨ ਮੰਤਰੀ ਬਣੇਗਾ।

ਇਸ ਸਮੇਂ ਪੂਰੇ ਦੇਸ਼ ਵਿੱਚ ਮੋਦੀ ਲਹਿਰ ਚੱਲ ਰਹੀ ਹੈ ਅਤੇ ਭਾਰਤੀ ਜਨਤਾ ਪਾਰਟੀ ਦੇਸ਼ ਦੇ 400 ਤੋਂ ਵੱਧ ਲੋਕ ਸਭਾ ਹਲਕਿਆਂ ਵਿੱਚ ਆਪਣੀ ਜਿੱਤ ਦਰਜ ਕਰੇਗੀ। ਸਾਬਕਾ ਸੰਸਦ ਮੈਂਬਰ ਅਸ਼ੋਕ ਤੰਵਰ ਨੇ ਕਿਹਾ ਕਿ ਰਤੀਆ ਇਲਾਕੇ ਦੇ ਲੋਕਾਂ ਦਾ ਉਨ੍ਹਾਂ ਨਾਲ ਪੁਰਾਣਾ ਲਗਾਅ ਹੈ। ਅੱਜ ਦੀ ਜਨਤਕ ਮੀਟਿੰਗ ਦੌਰਾਨ ਵੱਡੀ ਗਿਣਤੀ ਵਿੱਚ ਕਾਂਗਰਸ ਅਤੇ ਹੋਰ ਪਾਰਟੀ ਵਰਕਰਾਂ ਨੇ ਵੀ ਆਪਣੀ ਪਾਰਟੀ ਛੱਡ ਕੇ ਭਾਜਪਾ ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ।

# ਪੁਲੀਸ ਨੇ ਨਾਜਾਇਜ਼ ਸ਼ਰਾਬ ਦੇ ਤਸਕਰਾਂ ’ਤੇ ਸ਼ਿਕੰਜਾ ਕਸਿਆ

ਸਿਰਸਾ, 29 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਲੋਕ ਸਭਾ ਚੋਣਾਂ ਤੋਂ ਪਹਿਲਾਂ ਪੁਲੀਸ ਨੇ ਨਾਜਾਇਜ਼ ਸ਼ਰਾਬ ਦੇ ਤਸਕਰਾਂ ’ਤੇ ਸ਼ਿਕੰਜਾ ਕਸਦਿਆਂ 365 ਲਿਟਰ ਲਾਹਣ ਤੇ 28 ਬੋਤਲਾਂ ਨਾਜਾਇਜ਼ ਸ਼ਰਾਬ ਬਰਾਮਦ ਕਰ ਕੇ ਪੰਜ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਮੁਲਜ਼ਮਾਂ ਦੀ ਪਛਾਣ ਗਗਨਦੀਪ ਵਾਸੀ ਪਿੰਡ ਮਹਿਮਰਾ ਜ਼ਿਲ੍ਹਾ ਫਤਿਹਾਬਾਦ ਹਾਲ ਵਾਸੀ ਸਿਕੰਦਰਪੁਰ, ਕੁਲਦੀਪ ਸਿੰਘ ਵਾਸੀ ਥੇੜ੍ਹੀ ਮੋਹਰ ਸਿੰਘ, ਬਲਵੰਤ ਸਿੰਘ ਵਾਸੀ ਸੈਨਪਾਲ, ਰਾਣੀਆਂ ਵਾਸੀ ਗੁਰਚਰਨ ਸਿੰਘ ਅਤੇ ਹਰਜੀਤ ਸਿੰਘ ਵਾਸੀ ਪ੍ਰਤਾਪ ਨਗਰ ਵਜੋਂ ਕੀਤੀ ਗਈ ਹੈ। ਪੁਲੀਸ ਬੁਲਾਰੇ ਨੇ ਦੱਸਿਆ ਹੈ ਕਿ ਪੁਲੀਸ ਟੀਮ ਨੇ ਗੁਪਤ ਸੂਚਨਾ ਦੇ ਆਧਾਰ ’ਤੇ ਛਾਪੇ ਮਾਰ ਕੇ ਉਕਤ ਵਿਅਕਤੀਆਂ ਨੂੰ ਲਾਹਣ ਅਤੇ ਨਾਜਾਇਜ਼ ਸ਼ਰਾਬ ਸਮੇਤ ਕਾਬੂ ਕੀਤਾ ਹੈ। ਉਨ੍ਹਾਂ ਨੇ ਦੱਸਿਆ ਹੈ ਕਿ ਗਗਨਦੀਪ ਨੂੰ ਦੋ ਸੌ ਲਿਟਰ ਲਾਹਣ ਸਣੇ ਕਾਬੂ ਕੀਤਾ ਗਿਆ ਹੈ, ਜਦੋਂਕਿ ਕੁਲਦੀਪ ਸਿੰਘ ਨੂੰ ਸੌ ਲਿਟਰ ਲਾਹਣ ਸਣੇ ਕਾਬੂ ਕੀਤਾ ਹੈ।

# ਕਿਲੋ ਅਫ਼ੀਮ ਸਣੇ ਕਾਬੂ

ਏਲਨਾਬਾਦ, 29 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਐਂਟੀ ਨਾਰਕੋਟਿਕਸ ਸੈੱਲ ਪੁਲੀਸ ਨੇ ਗਸ਼ਤ ਅਤੇ ਚੈਕਿੰਗ ਦੌਰਾਨ ਇੱਕ ਵਿਅਕਤੀ ਨੂੰ ਇੱਕ ਕਿਲੋ ਅਫੀਮ ਸਮੇਤ ਕਾਬੂ ਕੀਤਾ ਹੈ।

ਜਾਣਕਾਰੀ ਦਿੰਦਿਆਂ ਸੈੱਲ ਇੰਚਾਰਜ ਪਰਵੀਨ ਕੁਮਾਰ ਨੇ ਦੱਸਿਆ ਕਿ ਮੁਲਜ਼ਮ ਦੀ ਪਛਾਣ ਸੁਰਿੰਦਰ ਉਰਫ ਛਿੰਦਰ ਵਾਸੀ ਪਿੰਡ ਤਲਵਾੜਾ ਖੁਰਦ ਵਜੋਂ ਹੋਈ ਹੈ।

ਉਨ੍ਹਾਂ ਦੱਸਿਆ ਕਿ ਮੁਲਜ਼ਮ ਨੂੰ ਗਸ਼ਤ ਦੌਰਾਨ ਪਿੰਡ ਤਲਵਾੜਾ ਖੁਰਦ ਵਿੱਚੋਂ ਗ੍ਰਿਫ਼ਤਾਰ ਕੀਤਾ ਗਿਆ ਹੈ। ਮੁਲਜ਼ਮ ਖਿਲਾਫ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕੀਤੀ ਗਈ ਹੈ।

# ਸਾਉਣੀ ਮੇਲਾ: ਅਗਾਂਹਵਧੂ ਕਿਸਾਨ ਰਣਧੀਰ ਸਿੰਘ ਦਾ ਪਹਿਲਾ ਇਨਾਮ

ਸ਼ਾਹਬਾਦ ਮਾਰਕੰਡਾ, 29 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਚੌਧਰੀ ਚਰਨ ਸਿੰਘ ਯੂਨੀਵਰਸਿਟੀ ਹਿਸਾਰ ਵੱਲੋਂ ਕਰਵਾਏ ਗਏ ਖੇਤੀਬਾੜੀ ਮੇਲੇ ਵਿੱਚ ਫਸਲੀ ਮੁਕਾਬਲੇ ਕਰਾਏ ਗਏ। ਇਸ ਵਿਚ ਕੁਰੂਕਸ਼ੇਤਰ ਸੈਕਟਰ-8 ਦੇ ਅਗਾਂਹਵਧੂ ਕਿਸਾਨ ਰਣਧੀਰ ਸਿੰਘ ਨੇ ਲਗਾਤਾਰ ਦੋਵੇਂ ਦਿਨ ਸਬਜ਼ੀ ਦੀਆਂ ਚਾਰ ਕਿਸਮਾਂ ਵਿੱਚ ਪਹਿਲਾ ਇਨਾਮ ਜਿੱਤਿਆ। ਅਗਾਂਹਵਧੂ ਕਿਸਾਨ ਰਣਧੀਰ ਸਿੰਘ ਦੱਸਿਆ ਕਿ ਉਸ ਨੇ ਚਕੰਦਰ, ਲਸਣ ਤੇ ਹਲਦੀ ਦੀਆਂ ਦੋ ਕਿਸਮਾਂ ਵਿੱਚ ਹਿੱਸਾ ਲਿਆ ਸੀ। ਦੋਵੇਂ ਦਿਨ ਹੋਏ ਚਾਰ ਮੁਕਾਬਲਿਆਂ ਵਿਚ ਉਸ ਨੇ ਪਹਿਲਾ ਇਨਾਮ ਹਾਸਲ ਕੀਤਾ। ਇਹ ਇਨਾਮ ਟਰੇਨਿੰਗ ਸੰਸਥਾਨ ਦੇ ਨਿਰਦੇਸ਼ਕ ਮੁਕੇਸ਼ ਜੈਨ ਤੇ ਹੋਮ ਸਾਇੰਸ ਦੀ ਇੰਚਾਰਜ ਡਾ. ਨੀਲਮ ਵੱਲੋਂ ਦਿੱਤੇ ਗਏ। ਰਣਧੀਰ ਨੇ ਦੱਸਿਆ ਕਿ 2001 ਵਿਚ ਉਸ ਨੂੰ ਸਬਜ਼ੀ ਉਤਪਾਦਨ ਲਈ ਕੌਮੀ ਐਵਾਰਡ, ਰਾਮ ਬਹਾਦਰ ਡਾ. ਰਾਮ ਧਨ ਸਿੰਘ ਐਵਾਰਡ, ਸਰ ਛੋਟੂ ਰਾਮ ਐਵਾਰਡ, ਦੇਵੀ ਲਾਲ ਐਵਾਰਡ ਨਾਲ ਸਨਮਾਨਿਆ ਗਿਆ ਸੀ।

# ਸ਼ੁਭਾਸ਼ ਸੁਧਾ ਨੇ ਸਥਾਨਕ ਸਰਕਾਰਾਂ ਵਿਭਾਗ ਦਾ ਚਾਰਜ ਸੰਭਾਲਿਆ

ਸ਼ਾਹਬਾਦ ਮਾਰਕੰਡਾ, 29 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-



ਥਾਨੇਸਰ ਵਿਧਾਨ ਸਭਾ ਹਲਕੇ ਤੋਂ ਵਿਧਾਇਕ ਸ਼ੁਭਾਸ਼ ਸੁਧਾ ਨੂੰ ਸ਼ਹਿਰੀ ਸਥਾਨਕ ਸਰਕਾਰਾਂ ਵਿਭਾਗ ਦਾ ਰਾਜ ਮੰਤਰੀ ਬਣਾਇਆ ਗਿਆ ਹੈ। ਅੱਜ ਚੰਡੀਗੜ੍ਹ ਵਿਚ ਮੁੱਖ ਮੰਤਰੀ ਨਾਇਬ ਸਿੰਘ ਸੈਨੀ ਨੇ ਉਨ੍ਹਾਂ ਨੂੰ ਵਿਭਾਗ ਦੀ ਜ਼ਿੰਮੇਵਾਰੀ ਸੌਂਪਦਿਆਂ ਕੁਰਸੀ ’ਤੇ ਬਿਠਾਇਆ।

ਇਸ ਦੌਰਾਨ ਸੂਬੇ ਦੇ ਸਾਰੇ ਕੈਬਨਿਟ ਮੰਤਰੀ ਮੌਜੂਦ ਸਨ। ਰਾਜ ਮੰਤਰੀ ਸੁਧਾ ਆਪਣੇ ਸਾਰੇ ਪਰਿਵਾਰ ਸਣੇ ਆਪਣੇ ਦਫਤਰ ਪੁੱਜੇ ਸਨ। ਉਨ੍ਹਾਂ ਨੇ ਮੁੱਖ ਮੰਤਰੀ ਨਾਇਬ ਸਿੰਘ ਸੈਨੀ ਤੇ ਸਾਬਕਾ ਮੁੱਖ ਮੰਤਰੀ ਮਨੋਹਰ ਲਾਲ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਰਕਾਰ ਨੇ ਉਨ੍ਹਾਂ ਨੂੰ ਸ਼ਹਿਰੀ ਸਥਾਨਕ ਸਰਕਾਰਾਂ ਵਿਭਾਗ ਦੀ ਜੋ ਜ਼ਿੰਮੇਵਾਰੀ ਸੌਂਪੀ ਹੈ, ਉਹ ਇਸ ਨੂੰ ਇਮਾਨਦਾਰੀ ਤੇ ਤਨਦੇਹੀ ਨਾਲ ਨਿਭਾਉਣਗੇ। ਸਰਕਾਰ ਦੀਆਂ ਨੀਤੀਆਂ ਅਨੁਸਾਰ ਵਿਭਾਗ ਦਾ ਕੰਮ ਕਰਨਗੇ। ਸੂਬੇ ਦੇ ਸ਼ਹਿਰੀ ਖੇਤਰਾਂ ਵਿਚ ਵਿਕਾਸ ਕਾਰਜਾਂ ਨੂੰ ਤੇਜ਼ੀ ਨਾਲ ਮੁਕੰਮਲ ਕੀਤਾ ਜਾਏਗਾ।

ਲੋਕ ਸਭਾ ਚੋਣਾਂ ਤੋਂ ਬਾਅਦ ਵਿਕਾਸ ਕਾਰਜ ਜਲਦੀ ਕਰਵਾਏ ਜਾਣਗੇ। ਉਨ੍ਹਾਂ ਕਿਹਾ ਕਿ ਜਿੰਨੇ ਵਿਕਾਸ ਕਾਰਜ ਇਸ ਸਰਕਾਰ ਨੇ ਸਾਢੇ 9 ਸਾਲ ਵਿਚ ਕਰਾਏ ਹਨ, ਓਨੇ ਪਿਛਲੀਆਂ ਸਰਕਾਰਾਂ ਨੇ 50 ਸਾਲ ਵਿਚ ਨਹੀਂ ਕਰਵਾਏ। ਇਸ ਸਰਕਾਰ ਨੇ ਸਮਾਜ ਦੇ ਆਖਰੀ ਵਿਅਕਤੀ ਤੱਕ ਪਹੁੰਚ ਕਰਕੇ ਉਨ੍ਹਾਂ ਦੀ ਲੋੜ ਮੁਤਾਬਿਕ ਸਰਕਾਰੀ ਸਕੀਮਾਂ ਦਾ ਲਾਭ ਪਹੁੰਚਾਇਆ ਹੈ। ਲੋਕ ਸਭਾ ਚੋਣਾਂ ਵਿਚ ਭਾਜਪਾ 10 ’ਚੋਂ 10 ਸੀਟਾਂ ’ਤੇ ਜਿੱਤ ਹਾਸਲ ਕਰੇਗੀ।

# ਕਾਂਗਰਸੀ ਆਗੂ ਗੁਰਸਿਮਰਨ ਮੰਡ ਘਰ ਵਿੱਚ ਨਜ਼ਰਬੰਦ



ਲੁਧਿਆਣਾ, 29 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਇੱਥੋਂ ਦੀ ਪੁਲੀਸ ਨੇ ਅੱਜ ਕਾਂਗਰਸੀ ਆਗੂ ਗੁਰਸਿਮਰਨ ਸਿੰਘ ਮੰਡ ਨੂੰ ਸਖ਼ਤ ਸੁਰੱਖਿਆ ਹੇਠ ਘਰ ਅੰਦਰ ਹੀ ਨਜ਼ਰਬੰਦ ਕਰ ਦਿੱਤਾ ਹੈ ਜਦੋਂ ਕਿ ਸ਼ਿਵ ਸੈਨਾ ਆਗੂ ਅਮਿਤ ਅਰੋੜਾ ਦੀ ਸੁਰੱਖਿਆ ਵਧਾ ਦਿੱਤੀ ਹੈ। ਅੱਜ ਸਵੇਰੇ 9 ਵਜੇ ਦੇ ਕਰੀਬ 5-6 ਗੱਡੀਆਂ ਵਿੱਚ ਸਵਾਰ ਥਾਣਾ ਸਦਰ, ਸੀਆਈਏ ਅਤੇ ਪੁਲੀਸ ਚੌਕੀ ਸ਼ਹੀਦ ਭਗਤ ਸਿੰਘ ਨਗਰ ਦੇ 25-30 ਦੇ ਕਰੀਬ ਪੁਲੀਸ ਮੁਲਾਜ਼ਮਾਂ ਨੇ ਗੁਰਸਿਮਰਨ ਸਿੰਘ ਮੰਡ ਦੀ ਰਿਹਾਇਸ਼ ’ਤੇ ਪੁੱਜ ਕੇ ਘਰ ਦੀ ਘੇਰਾਬੰਦੀ ਕਰ ਲਈ ਅਤੇ ਉਨ੍ਹਾਂ ਨੂੰ ਘਰੋਂ ਬਾਹਰ ਨਾ ਨਿਕਲਣ ਦੀ ਹਦਾਇਤ ਕੀਤੀ। ਇਸ ਮੌਕੇ ਥਾਣਾ ਸਦਰ ਦੇ ਇੰਚਾਰਜ ਨੇ ਗੁਰਸਿਮਰਨ ਸਿੰਘ ਮੰਡ ਨੂੰ ਦੱਸਿਆ ਕਿ ਖੁਫ਼ੀਆ ਏਜੰਸੀਆਂ ਅਤੇ ਪੁਲੀਸ ਦੇ ਉੱਚ ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਸੁਰੱਖਿਆ ਵਧਾਈ ਜਾ ਰਹੀ ਹੈ। ਪੁਲੀਸ ਨੇ ਦੱਸਿਆ ਕਿ ਕਾਂਗਰਸੀ ਆਗੂ ਦੀ ਜਾਨ ਨੂੰ ਖਤਰਾ ਹੈ ਅਤੇ ਕਿਸੇ ਵੀ ਸਮੇਂ ਹਮਲਾ ਹੋ ਸਕਦਾ ਹੈ। ਇਸ ਤੋਂ ਬਾਅਦ ਅਧਿਕਾਰੀਆਂ ਦੇ ਹੁਕਮ ਤਹਿਤ ਥਾਣਾ ਸਦਰ ਅਤੇ ਪੁਲੀਸ ਚੌਕੀ ਦੇ ਮੁਲਾਜ਼ਮ ਉਨ੍ਹਾਂ ਦੇ ਘਰ ਬਾਹਰ ਤਾਇਨਾਤ ਕਰ ਦਿੱਤੇ ਗਏ।

ਇਸ ਮੌਕੇ ਗੁਰਸਿਮਰਨ ਮੰਡ ਨੇ ਦੱਸਿਆ ਕਿ ਪੁਲੀਸ ਵੱਲੋਂ ਉਨ੍ਹਾਂ ਨੂੰ ਸੁਰੱਖਿਆ ਦੇ ਨਾਮ ’ਤੇ ਪਿਛਲੇ ਕਈ ਮਹੀਨਿਆਂ ਤੋਂ ਘਰ ਵਿੱਚ ਹੀ ਨਜ਼ਰਬੰਦ ਕੀਤਾ ਹੋਇਆ ਹੈ ਅਤੇ ਉਨ੍ਹਾਂ ਨੂੰ ਕੋਈ ਕੰਮ ਨਹੀਂ ਕਰਨ ਦਿੱਤਾ ਜਾ ਰਿਹਾ। ਮੰਡ ਨੇ ਗੱਲਬਾਤ ਦੌਰਾਨ ਇਹ ਵੀ ਦੱਸਿਆ ਕਿ ਪੁਲੀਸ ਵੱਲੋਂ ਬਿਨਾਂ ਕਿਸੇ ਲਿਖਤੀ ਹੁਕਮ ਤੋਂ ਉਨ੍ਹਾਂ ਨੂੰ ਘਰ ਵਿੱਚ ਹੀ ਕੈਦ ਕੀਤਾ ਹੋਇਆ ਹੈ ਜਿਸ ਕਾਰਨ ਉਨ੍ਹਾਂ ਦਾ ਗੁਜ਼ਾਰਾ ਬਹੁਤ ਔਖਾ ਚੱਲ ਰਿਹਾ ਹੈ ਕਿਉਂਕਿ ਉਨ੍ਹਾਂ ਨੂੰ ਘਰ ਦਾ ਖਰਚਾ ਚਲਾਉਣ ਲਈ ਕੰਮ ਵੀ ਨਹੀਂ ਕਰਨ ਦਿੱਤਾ ਜਾ ਰਿਹਾ। ਇਸ ਦੌਰਾਨ ਸ਼ਿਵ ਸੈਨਾ ਪੰਜਾਬ ਦੇ ਆਗੂ ਅਮਿਤ ਅਰੋੜਾ ਦੇ ਘਰ ਵੀ ਪੁਲੀਸ ਪੁੱਜੀ ਪਰ ਉਦੋਂ ਤੱਕ ਉਹ ਆਪਣੇ ਦਫ਼ਤਰ ਦਾ ਚੁੱਕੇ ਸਨ। ਇਸ ’ਤੇ ਪੁਲੀਸ ਅਧਿਕਾਰੀ ਨੇ ਉਨ੍ਹਾਂ ਨਾਲ ਸੰਪਰਕ ਕਰਕੇ ਪੁਲੀਸ ਪਾਰਟੀ ਉਨ੍ਹਾਂ ਦੇ ਦਫ਼ਤਰ ਬਾਹਰ ਤਾਨਿਆਤ ਕਰ ਦਿੱਤੀ। ਇਸ ਸਬੰਧੀ ਬੇਸ਼ੱਕ ਕਿਸੇ ਵੀ ਅਧਿਕਾਰੀ ਨੇ ਪੁਸ਼ਟੀ ਨਹੀਂ ਕੀਤੀ ਪਰ ਪਤਾ ਲੱਗਾ ਹੈ ਕਿ ਪੁਲੀਸ ਨੇ ਖ਼ੁਫ਼ੀਆ ਏਜੰਸੀਆਂ ਦੀ ਰਿਪੋਰਟ ਦੇ ਆਧਾਰ ’ਤੇ ਦੋਹਾਂ ਆਗੂਆਂ ਨੂੰ ਨਜ਼ਰਬੰਦ ਕੀਤਾ ਹੈ।

# ਮੁਸ਼ਕਾਬਾਦ, ਟੱਪਰੀਆਂ ਤੇ ਖੀਰਨੀਆਂ ਵਿੱਚ ਲੱਗੇ ‘ਸਾਡਾ ਪਿੰਡ ਵਿਕਾਊ’ ਦੇ ਪੋਸਟਰ

ਲੁਧਿਆਣਾ, 29 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-




ਪਿੰਡ ਮੁਸ਼ਕਾਬਾਦ ਵਿੱਚ ਲਗਾਏ ਜਾ ਰਹੇ ਬਾਇਓ ਗੈਸ ਪਲਾਂਟ ਦਾ ਮਾਮਲਾ ਕਰੀਬ ਦੋ ਸਾਲਾਂ ਤੋਂ ਸੁਰਖੀਆਂ ਵਿੱਚ ਹੈ। ਇਸ ਸਬੰਧੀ ਕਈ ਵਾਰ ਧਰਨੇ ਅਤੇ ਮੁਜ਼ਾਹਰੇ ਵੀ ਹੋ ਚੁੱਕੇ ਹਨ। ਅੱਜ ਤਿੰਨ ਪਿੰਡਾਂ ਮੁਸ਼ਕਾਬਾਦ, ਟੱਪਰੀਆਂ ਤੇ ਖੀਰਨੀਆਂ ਵਿੱਚ ਲੋਕਾਂ ਨੇ ‘ਸਾਡਾ ਪਿੰਡ ਵਿਕਾਊ ਹੈ’ ਵਾਲਾ ਪੋਸਟਰ ਬਣਾ ਕੇ ਸੋਸ਼ਲ ਮੀਡੀਆ ’ਤੇ ਵਾਇਰਲ ਕਰ ਦਿੱਤਾ। ਇਸ ਪੋਸਟਰ ਦੀ ਜ਼ੋਰਦਾਰ ਚਰਚਾ ਹੋ ਰਹੀ ਹੈ। ਇੰਨਾ ਹੀ ਨਹੀਂ ਕਈ ਪਿੰਡ ਵਾਸੀਆਂ ਨੇ ‘ਸਾਡਾ ਪਿੰਡ ਵਿਕਾਊ ਹੈ’ ਅਤੇ ਘਰਾਂ ਦੇ ਬਾਹਰ ਸਾਡੇ ਘਰ ‘ਵਿਕਾਊ ਹੈ’ ਦੇ ਪੋਸਟਰ ਵੀ ਲਗਾਏ ਹਨ। ਇਸ ਸਬੰਧੀ ਪਿੰਡ ਮੁਸ਼ਕਾਬਾਦ ਦੇ ਸਰਪੰਚ ਮਾਲਵਿੰਦਰ ਸਿੰਘ ਲਵਲੀ ਨੇ ਦੱਸਿਆ ਕਿ ਪਿੰਡ ਦੀ ਪੰਚਾਇਤ ਕਰੀਬ 2 ਸਾਲਾਂ ਤੋਂ ਬਾਇਓ ਗੈਸ ਫੈਕਟਰੀ ਲਾਉਣ ਦਾ ਵਿਰੋਧ ਕਰ ਰਹੀ ਹੈ ਅਤੇ ਕਈ ਵਾਰ ਪ੍ਰਸ਼ਾਸਨ ਵੱਲੋਂ ਉਨ੍ਹਾਂ ਨੂੰ ਭਰੋਸਾ ਦਿੱਤਾ ਜਾਂਦਾ ਰਿਹਾ ਹੈ ਕਿ ਇਹ ਫੈਕਟਰੀ ਨਹੀਂ ਲੱਗੇਗੀ ਪਰ ਫਿਰ ਵੀ ਫੈਕਟਰੀ ਦਾ ਕੰਮ ਸ਼ੁਰੂ ਹੋ ਗਿਆ ਹੈ।

ਇਸ ਦੌਰਾਨ ਸਰਪੰਚ ਲਵਲੀ ਨੇ ਦੱਸਿਆ ਕਿ ਇਹ ਪੋਸਟਰ ਲਗਾਉਣ ਦੀ ਲੋੜ ਇਸ ਲਈ ਪਈ ਹੈ ਕਿਉਂਕਿ ਜੇਕਰ ਉਨ੍ਹਾਂ ਦੇ ਪਿੰਡ ਵਿੱਚ ਬਾਇਓਗੈਸ ਫੈਕਟਰੀ ਕੰਮ ਕਰਨ ਲੱਗਦੀ ਹੈ ਤਾਂ ਪਿੰਡ ਮੁਸ਼ਕਾਬਾਦ ਅਤੇ ਨਾਲ ਲੱਗਦੇ ਦੋ ਪਿੰਡ ਟੱਪਰੀਆਂ ਅਤੇ ਖੀਰਨੀਆਂ ਜੋ ਅੱਜ ਗਰੀਨ ਬੈਲਟ ਵਜੋਂ ਮਸ਼ਹੂਰ ਹਨ, ਉਨ੍ਹਾਂ ਦੀ ਹਵਾ ਅਤੇ ਪਾਣੀ ਦੂਸ਼ਿਤ ਹੋ ਜਾਵੇਗਾ ਅਤੇ ਫਿਰ ਇਹ ਸ਼ਹਿਰ ਵਾਸੀਆਂ ਲਈ ਖ਼ਤਰਨਾਕ ਸਾਬਤ ਹੋਵੇਗਾ ਅਤੇ ਮਨੁੱਖੀ ਜੀਵਨ ਜਿਊਣ ਯੋਗ ਨਹੀਂ ਰਹੇਗਾ। ਸਰਪੰਚ ਮਾਲਵਿੰਦਰ ਸਿੰਘ ਲਵਲੀ ਨੇ ਦੱਸਿਆ ਕਿ ਆਪਣੀਆਂ ਮੰਗਾਂ ਦੀ ਪੂਰਤੀ ਲਈ 29 ਮਾਰਚ ਨੂੰ ਲੁਧਿਆਣਾ ਚੰਡੀਗੜ੍ਹ ਨੈਸ਼ਨਲ ਹਾਈਵੇਅ ’ਤੇ ਜਾਮ ਲਗਾ ਕੇ ਅਣਮਿੱਥੇ ਸਮੇਂ ਲਈ ਧਰਨਾ ਦਿੱਤਾ ਜਾਵੇਗਾ।

ਇਸ ਸਬੰਧੀ ਜਦੋਂ ਹਲਕਾ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਕਿਹਾ, “ਮੈਂ ਹਮੇਸ਼ਾ ਆਪਣੇ ਹਲਕੇ ਦੇ ਲੋਕਾਂ ਦੇ ਨਾਲ ਖੜ੍ਹਾ ਹਾਂ, ਜਦੋਂ ਵੀ ਪਿੰਡ ਵਾਸੀ ਮੇਰੇ ਕੋਲ ਆਏ ਤਾਂ ਮੈਂ ਉਨ੍ਹਾਂ ਦਾ ਸਾਥ ਦਿੱਤਾ ਅਤੇ ਮੈਂ ਕਿਸੇ ਵੀ ਪਿੰਡ ਵਾਸੀ ਨਾਲ ਧੱਕਾ ਨਹੀਂ ਹੋਣ ਦੇਵਾਂਗਾ।”

# ਕੁਲਵੰਤ ਕੌਰ ਤਸ਼ੱਦਦ ਮਾਮਲਾ: ਦੋ ਸਾਲਾਂ ਤੋਂ ਇਨਸਾਫ਼ ਲਈ ਥਾਣੇ ਅੱਗੇ ਡਟਿਆ ਪਰਿਵਾਰ

ਜਗਰਾਉਂ, 29 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-




ਕੁਲਵੰਤ ਕੌਰ ਰਸੂਲਪੁਰ ਦੀ ਕਥਿਤ ਪੁਲੀਸ ਤਸ਼ੱਦਦ ਨਾਲ ਹੋਈ ਮੌਤ ਦੇ ਮਾਮਲੇ ’ਚ ਇਨਸਾਫ਼ ਲਈ ਇੱਥੇ ਥਾਣਾ ਸਿਟੀ ਮੂਹਰੇ ਚੱਲ ਰਿਹਾ ਧਰਨਾ ਅੱਜ 731ਵੇਂ ਦਿਨ ਵੀ ਜਾਰੀ ਰਿਹਾ।

23 ਮਾਰਚ ਦੇ ਸ਼ਹੀਦਾਂ ਸ਼ਹੀਦ-ਏ-ਆਜ਼ਮ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਇਸ ਮੌਕੇ ਸ਼ਰਧਾਂਜਲੀ ਭੇਟ ਕਰਨ ਉਪਰੰਤ ਬੁਲਾਰਿਆਂ ਨੇ ਹਾਕਮ ਧਿਰ ’ਤੇ ਪੀੜਤ ਪਰਿਵਾਰ ਨੂੰ ਇਨਸਾਫ਼ ਨਾ ਦੇਣ ਦੇ ਇਲਜ਼ਾਮ ਲਾਏ।

ਆਗੂਆਂ ਨੇ ਕਿਹਾ ਕਿ ਬਦਲਾਅ ਦੇ ਨਾਅਰੇ ਹੇਠ ਵੱਡਾ ਫਤਵਾ ਲੈ ਕੇ ਆਈ ਆਮ ਆਦਮੀ ਪਾਰਟੀ ਦੀ ਸਰਕਾਰ ਲੋਕਾਂ ਦੀਆਂ ਉਮੀਦਾਂ ’ਤੇ ਖਰੀ ਨਹੀਂ ਉੱਤਰ ਰਹੀ। ਇਹ ਸਰਕਾਰ ਵੀ ਪਹਿਲੀਆਂ ਰਵਾਇਤੀ ਸਿਆਸੀ ਧਿਰਾਂ ਵਾਲੀਆਂ ਸਰਕਾਰਾਂ ਦੇ ਰਾਹ ਪੈ ਗਈ ਹੈ।

ਸੰਗਰੂਰ ਇਲਾਕੇ ’ਚ ਸ਼ਰਾਬ ਨਾਲ ਹੋਈਆਂ ਮੌਤਾਂ ਦੇ ਮਾਮਲੇ ’ਚ ਜਿਹੋ ਜਿਹਾ ਰਵੱਈਆ ਇਸ ਸਰਕਾਰ ਨੇ ਅਖਤਿਆਰ ਕੀਤਾ ਹੈ ਉਸ ਤੋਂ ਹੁਣ ਇਸ ਤੋਂ ਬਹੁਤੀਆਂ ਉਮੀਦਾਂ ਨਹੀਂ ਰਹੀਆਂ। ਏਟਕ ? ਦੇ ਸੂਬਾਈ ਆਗੂ ਗੁਰਦੀਪ ਸਿੰਘ ਮੋਤੀ, ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਤਰਲੋਚਨ ਸਿੰਘ ਝੋਰੜਾਂ, ਸੀਟੂ ਆਗੂ ਨਿਰਮਲ ਸਿੰਘ ਧਾਲੀਵਾਲ, ਮਹਿਲਾ ਆਗੂ ਮਨਪ੍ਰੀਤ ਕੌਰ ਧਾਲੀਵਾਲ, ਮਜ਼ਦੂਰ ਸੰਘਰਸ਼ ਕਮੇਟੀ ਦੇ ਪ੍ਰਧਾਨ ਭਰਪੂਰ ਸਿੰਘ ਛੱਜਾਵਾਲ, ਅੰਬੇਡਕਟਰ ਟਰੱਸਟ ਦੇ ਸਰਪ੍ਰਸਤ ਰਣਜੀਤ ਸਿੰਘ, ਬਹੁਜਨ ਸਮਾਜ ਪਾਰਟੀ ਦੇ ਆਗੂ ਰਛਪਾਲ ਸਿੰਘ ਗਾਲਿਬ, ਬਲਵਿੰਦਰ ਸਿੰਘ ਕੋਠੇ ਪੋਨਾ, ਜਗਦੀਸ਼ ਸਿੰਘ ਕਾਉਂਕੇ ਨੇ ਕਿਹਾ ਕਿ ਥਾਣੇ ਮੂਹਰੇ ਇਹ ਧਰਨਾ ਦੋ ਸਾਲਾਂ ਤੋਂ ਚੱਲ ਰਿਹਾ ਹੈ।

ਇਸ ਦੌਰਾਨ ਪੰਜ ਹਮਦਰਦ ਧਰਨਾਕਾਰੀਆਂ ਦੀ ਵੀ ਮੌਤ ਹੋ ਚੁੱਕੀ ਹੈ ਪਰ ਸਰਕਾਰ ਅਤੇ ਪੁਲੀਸ ਪ੍ਰਸ਼ਾਸਨ ਮਾਮਲੇ ’ਚ ਇਨਸਾਫ਼ ਨਹੀਂ ਦੇ ਰਿਹਾ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੂੰ ਪੀੜਤ ਪਰਿਵਾਰ ਦੀ ਖੂਨ ਨਾਲ ਲਿਖੀ ਚਿੱਠੀ ਅਤੇ ਹਲਕਾ ਵਿਧਾਇਕਾ ਸਰਵਜੀਤ ਕੌਰ ਮਾਣੂੰਕੇ ਦੇ ਧਰਨੇ ’ਚ ਪਹੁੰਚ ਕੇ ਦਿੱਤੇ ਭਰੋਸਿਆਂ ਦੇ ਬਾਵਜੂਦ ਕੁਝ ਨਹੀਂ ਹੋਇਆ।

ਕੁਲਵੰਤ ਕੌਰ ਦੀ ਮੌਤ ਮਗਰੋਂ ਪੁਲੀਸ ਅਧਿਕਾਰੀ ਸਮੇਤ ਹੋਰਨਾਂ ਖ਼ਿਲਾਫ਼ ਮਾਮਲਾ ਵੀ ਦਰਜ ਹੋਇਆ ਪਰ ਉਸ ਤੋਂ ਅੱਗੇ ਕਾਰਵਾਈ ਨਹੀਂ ਤੁਰੀ।

ਆਗੂਆਂ ਨੇ ਥਾਣਾ ਮੁਖੀ ਰਾਹੀਂ ਇਕ ਮੰਗ ਪੱਤਰ ਵੀ ਮੁੱਖ ਮੰਤਰੀ ਭਗਵੰਤ ਮਾਨ ਅਤੇ ਰਾਜਪਾਲ ਪੰਜਾਬ ਨੂੰ ਭੇਜ ਕੇ ਨਿਆਂ ਦੀ ਮੰਗ ਕੀਤੀ। ਇਸ ਮੌਕੇ ਦਰਸ਼ਨ ਸਿੰਘ ਧਾਲੀਵਾਲ, ਪੀੜਤ ਸੁਰਿੰਦਰ ਕੌਰ ਰਸੂਲਪੁਰ ਤੇ ਕੁਲਵੰਤ ਸਿੰਘ ਸਹੋਤਾ, ਕੈਪਟਨ ਬਲਜੀਤ ਸਿੰਘ, ਮਾਤਾ ਮਹਿੰਦਰ ਕੌਰ ਤੇ ਕੁਲਵੰਤ ਕੌਰ ਭੰਮੀਪੁਰਾ ਆਦਿ ਮੌਜੂਦ ਸਨ।

# ਇਆਲੀ ਵੱਲੋਂ ਅਕਾਲੀ ਦਲ ਦੇ ਫ਼ੈਸਲੇ ਦਾ ਸਮਰਥਨ

ਲੁਧਿਆਣਾ, 29 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਸ਼੍ਰੋਮਣੀ ਅਕਾਲੀ ਦਲ ਨਾਲ ਵਿਚਾਰਕ ਮਤਭੇਦਾਂ ਕਾਰਨ ਲੰਮੇ ਸਮੇਂ ਤੋਂ ਨਾਰਾਜ਼ ਚੱਲ ਰਹੇ ਅਕਾਲੀ ਵਿਧਾਇਕ ਮਨਪ੍ਰੀਤ ਸਿੰਘ ਇਆਲੀ ਨੇ ਆਖ਼ਰ ਆਪਣੀ ਚੁੱਪ ਤੋੜਦਿਆਂ ਸ਼੍ਰੋਮਣੀ ਅਕਾਲੀ ਦਲ ਦੀ ਕੋਰ ਕਮੇਟੀ ਵੱਲੋਂ ਭਾਜਪਾ ਨਾਲ ਗੱਠਜੋੜ ਨਾ ਕਰਨ ਸਬੰਧੀ ਕੀਤੇ ਫ਼ੈਸਲੇ ਦੀ ਸ਼ਲਾਘਾ ਕੀਤੀ। ਅੱਜ ਇੱਥੇ ਉਨ੍ਹਾਂ ਸੋਸ਼ਲ ਮੀਡੀਆ ’ਤੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੀ ਕੋਰ ਕਮੇਟੀ ਵੱਲੋਂ ਇਹ ਕੀਤਾ ਗਿਆ ਫ਼ੈਸਲਾ ਵਰਕਰਾਂ ਦੀਆਂ ਭਾਵਨਾਵਾਂ ਮੁਤਾਬਿਕ ਬਿਲਕੁਲ ਠੀਕ ਹੈ। ਉਨ੍ਹਾਂ ਕਿਹਾ ਕਿ ਬੇਸ਼ੱਕ ਉਹ ਸ਼੍ਰੋਮਣੀ ਅਕਾਲੀ ਦਲ ਨਾਲ ਵਰਕਰਾਂ ਦੀਆਂ ਭਾਵਨਾਵਾਂ ਮੁਤਾਬਿਕ ਮੱਤਭੇਦ ਰੱਖਦੇ ਹਨ ਪਰ ਸ਼੍ਰੋਮਣੀ ਅਕਾਲੀ ਦਲ ਵੱਲੋਂ ਭਾਜਪਾ ਨਾਲ ਗੱਠਜੋੜ ਨਾ ਕਰਨ ਸਬੰਧੀ ਕੀਤੇ ਫ਼ੈਸਲੇ ਨਾਲ ਉਹ ਪੂਰੀ ਤਰ੍ਹਾਂ ਨਾਲ ਸਹਿਮਤ ਹਨ।

# ਬੇਰ ਮੇਲੇ ਵਿੱਚ ਖੇਤਰੀ ਫਲ ਤੇ ਖੇਤਰੀ ਫ਼ਸਲਾਂ ਸਾਂਭਣ ’ਤੇ ਜ਼ੋਰ




ਜਗਰਾਉਂ, 29 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਨੇੜਲੇ ਪਿੰਡ ਗੁੜੇ, ਜੋ ਬੇਰਾਂ ਕਰਕੇ ਵੱਖਰੀ ਪਛਾਣ ਰੱਖਦਾ ਹੈ, ਵਿਖੇ ਅੱਜ ਪੰਜਾਬੀ ਲੋਕ ਵਿਰਾਸਤ ਅਕੈਡਮੀ ਵੱਲੋਂ ਬੇਰ ਬਗੀਚਾ ਮੇਲਾ ਕਰਵਾਇਆ ਗਿਆ। ਗੁਰਮੀਤ ਸਿੰਘ ਮਾਨ ਦੇ ਖੇਤਾਂ ’ਚ ਇਹ ਮੇਲਾ ਬਾਬੂਸ਼ਾਹੀ ਡਾਟ ਕਾਮ ਦੇ ਸਹਿਯੋਗ ਨਾਲ ਨੇਪਰੇ ਚੜ੍ਹਿਆ। ਮੇਲੇ ’ਚ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਪਸਾਰ ਮਾਹਿਰਾਂ, ਕਿਸਾਨਾਂ, ਖਿਡਾਰੀਆਂ, ਲੇਖਕਾਂ ਤੇ ਇਫਕੋ ਸਹਿਕਾਰੀ ਸੰਸਥਾ ਦੇ ਮਾਹਿਰਾਂ ਤੇ ਅੰਤਰਰਾਸ਼ਟਰੀ ਪੱਧਰ ਦੀਆਂ ਸੱਭਿਆਚਾਰਕ ਸ਼ਖ਼ਸ਼ੀਅਤਾਂ ਨੇ ਹਿੱਸਾ ਲਿਆ। ਅਕੈਡਮੀ ਦਾ ਚੇਅਰਮੈਨ ਪ੍ਰੋ. ਗੁਰਭਜਨ ਗਿੱਲ ਨੇ ਸਵਾਗਤੀ ਸ਼ਬਦ ਬੋਲਦਿਆਂ ਕਿਹਾ ਕਿ ਖੇਤਰੀ ਫਲ, ਖੇਤਰੀ ਪਹਿਰਾਵੇ, ਖੇਤਰੀ ਪਕਵਾਨ ਤੇ ਖੇਤਰੀ ਫ਼ਸਲਾਂ ਸਾਂਭਣ ਲਈ ਅਜਿਹੇ ਮੇਲੇ ਲਗਾਉਣੇ ਬਹੁਤ ਜ਼ਰੂਰੀ ਹਨ। ਇਨ੍ਹਾਂ ਦੀ ਮਹਿਕ ਪੰਜਾਬ ਅਤੇ ਪੰਜਾਬੀਅਤ ਨੂੰ ਹਮੇਸ਼ਾ ਤਰੋ ਤਾਜ਼ਾ ਰੱਖਦੀ ਹੈ। ਪੱਤਰਕਾਰ ਬਲਜੀਤ ਬੱਲੀ ਨੇ ਕਿਹਾ “ਸਾਡੀ ਖੁਰਾਕ ਬਾਜਰਾ, ਕੋਧਰੇ ਤੇ ਮੱਕੀ ਵਰਗੀਆਂ ਰਵਾਇਤੀ ਫ਼ਸਲਾਂ ਸਨ ਜਿਨ੍ਹਾਂ ਤੋਂ ਅਸੀਂ ਦੂਰ ਹੋ ਗਏ ਹਾਂ”। ਡਾ. ਗੁਰਇਕਬਾਲ ਸਿੰਘ ਨੇ ਕਿਹਾ ਕਿ ਸਮੇਂ ਦੇ ਨਾਲ ਚੱਲਦੇ ਹੋਏ ਭਾਈਚਾਰੇ ਤੇ ਏਕਤਾ ਦੀਆਂ ਰਵਾਇਤਾਂ ਨੂੰ ਕਾਇਮ ਰੱਖਣ ਦੀ ਵੀ ਜ਼ਰੂਰਤ ਹੈ। ਪੱਤਰਕਾਰ ਗੁਰਪ੍ਰੀਤ ਸਿੰਘ ਮੰਡਿਆਣੀ ਨੇ ਕਿਹਾ ਕਿ ਬੇਰਾਂ ਨੂੰ ਕੌਮਾਂਤਰੀ ਪੱਧਰ ਤਕ ਪਹੁੰਚਾਉਣ ਲਈ ਸਹੀ ਤੇ ਸਮੇਂ ਸਿਰ ਮੰਡੀਕਰਨ ਦੀ ਜ਼ਰੂਰਤ ਹੈ। ਲੋਕ ਗਾਇਕ ਪਾਲੀ ਦੇਤਵਾਲੀਆ ਤੇ ਵਤਨਜੀਤ ਸਿੰਘ ਨੇ ਗੀਤਾਂ ਨਾਲ ਰੰਗ ਬੰਨ੍ਹਿਆ। ਗੁਰਨਾਮ ਸਿੰਘ ਬਠਿੰਡਾ ਨੇ ਲਹਿਰਾ ਮੁਹੱਬਤ ਪਿੰਡ ਦੇ ਟਿੱਬਿਆਂ ’ਚ ਉਗਾਈਆਂ ਪੁਰਾਤਨ ਬੇਰੀਆਂ ਤੇ ਗਿੱਦੜਾਂ ਵਲੋਂ ਕੀਤੇ ਜਾਂਦੇ ਨੁਕਸਾਨ ਦੀ ਗੱਲ ਕੀਤੀ। ਡਿਪਟੀ ਡਾਇਰੈਕਟਰ ਸੰਚਾਰ ਡਾ. ਅਨਿਲ ਸ਼ਰਮਾ ਵਲੋਂ ਬੇਰਾਂ ਬਾਰੇ ਪੀਏਯੂ ਦੇ ਸਹਿਯੋਗ ਨਾਲ ਤਿਆਰ ਕੀਤੇ ਸਾਹਿਤ ਬਾਰੇ ਦੱਸਿਆ। ਪਰਵਾਸੀ ਪੰਜਾਬੀ ਸਤਿੰਦਰਪਾਲ ਸਿੰਘ ਸਿੱਧਵਾਂ ਨੇ ਆਪਣੀ ਰਵਾਇਤੀ ਗਾਇਕੀ ਰਾਹੀਂ ਮੇਲੇ ’ਚ ਸ਼ਮੂਲੀਅਤ ਕਰਕੇ ਮੇਲਾ ਲੁੱਟ ਲਿਆ। ਇਸ ਮੌਕੇ ਹੋਏ ਕਵੀ ਦਰਬਾਰ ’ਚ ਪੰਜਾਬੀ ਸਾਹਿਤ ਅਕੈਡਮੀ ਦੇ ਮੀਤ ਪ੍ਰਧਾਨ ਤ੍ਰੈਲੋਚਨ ਲੋਚੀ, ਕੌਮੀ ਪੁਰਸਕਾਰ ਵਿਜੇਤਾ ਅਧਿਆਪਕ ਕਰਮਜੀਤ ਸਿੰਘ ਗਰੇਵਾਲ, ਰਾਜਦੀਪ ਸਿੰਘ ਤੂਰ ਅਤੇ ਪ੍ਰਿੰਸੀਪਲ ਦਲਜੀਤ ਕੌਰ ਹਠੂਰ ਨੇ ਰਚਨਾਵਾਂ ਸੁਣਾ ਕੇ ਮੇਲੇ ’ਚ ਵੱਖਰਾ ਰੰਗ ਭਰਿਆ। ਮੰਚ ਸੰਚਾਲਨ ਦਾ ਕਾਰਜ ਕਰਮਜੀਤ ਸਿੰਘ ਗਰੇਵਾਲ ਨੇ ਬਾਖ਼ੂਬੀ ਨਿਭਾਇਆ। ਇਸ ਮੌਕੇ ਜਸਵਿੰਦਰ ਸਿੰਘ ਵਿਰਕ, ਜਸਮੇਰ ਸਿੰਘ ਢੱਟ, ਹਰਦਮ ਸਿੰਘ ਮਾਂਗਟ, ਜਗਦੀਸ਼ਪਾਲ ਸਿੰਘ ਤੇ ਸੁਰਜੀਤ ਸਿੰਘ ਗਿੱਲ ਆਦਿ ਮੌਜੂਦ ਸਨ।

# ਕਾਰ ’ਚੋਂ ਤੀਹ ਲੱਖ ਰੁਪਏ ਬਰਾਮਦ

ਲੁਧਿਆਣਾ, 29 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਇੱਥੇ ਫਿਰੋਜ਼ਪੁਰ ਰੋਡ ਸਥਿਤ ਮਲਹਾਰ ਕੱਟ ਨੇੜੇ ਸਰਕਟ ਹਾਊਸ ’ਤੇ ਪੁਲੀਸ ਨੇ ਲਗਾਏ ਨਾਕੇ ’ਤੇ ਇੱਕ ਕਾਰ ਦੀ ਤਲਾਸ਼ੀ ਦੌਰਾਨ ਲੱਖਾਂ ਰੁਪਏ ਨਕਦੀ ਬਰਾਮਦ ਕਰਕੇ ਕਾਰ ਚਾਲਕ ਨੂੰ ਗ੍ਰਿਫਤਾਰ ਕੀਤਾ ਹੈ।

ਸੰਯੁਕਤ ਪੁਲੀਸ ਕਮਿਸ਼ਨਰ ਜਸਕਿਰਨਜੀਤ ਸਿੰਘ ਤੇਜਾ ਨੇ ਦੱਸਿਆ ਕਿ ਵਧੀਕ ਡਿਪਟੀ ਕਮਿਸ਼ਨਰ ਪੁਲੀਸ ਰਮਨਦੀਪ ਸਿੰਘ ਭੁੱਲਰ ਦੀ ਅਗਵਾਈ ਹੇਠ ਪੁਲੀਸ ਥਾਣਾ ਪੀਏਯੂ ਵੱਲੋਂ ਮਲਹਾਰ ਕੱਟ ਨੇੜੇ ਸਰਕਟ ਹਾਊਸ ਫਿਰੋਜ਼ਪੁਰ ਰੋਡ ’ਤੇ ਨਾਕਾਬੰਦੀ ਕੀਤੀ ਹੋਈ ਸੀ।

# ਡਾ.ਪ੍ਰੀਤੀ ਯਾਦਵ ਡਿਪਟੀ ਕਮਿਸ਼ਨਰ ਵੱਲੋਂ ਮੇਲਾ ਖੇਤਰ ਦੇ ਪ੍ਰਬੰਧਾਂ ਦਾ ਲਿਆ ਜਾਇਜ਼ਾ



ਸ੍ਰੀ ਅਨੰਦਪੁਰ ਸਾਹਿਬ, 29 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਡਾ.ਪ੍ਰੀਤੀ ਯਾਦਵ ਡਿਪਟੀ ਕਮਿਸ਼ਨਰ ਵੱਲੋਂ ਨਿਰੰਤਰ ਹੋਲਾ ਮਹੱਲਾ ਮੌਕੇ ਮੇਲਾ ਖੇਤਰ ਵਿੱਚ ਵੱਖ ਵੱਖ ਥਾਵਾ ਤੇ ਪਹੁੰਚ ਕੇ ਪ੍ਰਬੰਧਾਂ ਦਾ ਜਾਇਜਾ ਲਿਆ ਜਾ ਰਿਹਾ ਹੈ। ਉਹ ਅੱਜ ਝਿੰਜੜੀ ਨਾਕੇ ਤੇ ਪਹੁੰਚੇ ਜਿੱਥੇ ਅੱਠ ਮਹਿਲਾ ਪੁਲਿਸ ਅਧਿਕਾਰੀ ਤੈਨਾਤ ਸਨ। ਡਿਪਟੀ ਕਮਿਸ਼ਨਰ ਦੇ ਨਾਲ ਵਧੀਕ ਡਿਪਟੀ ਕਮਿਸ਼ਨਰ ਪੂਜਾ ਸਿਆਲ ਗਰੇਵਾਲ ਵੀ ਮੌਜੂਦ ਸਨ। ਮਹਿਲਾ ਅਧਿਕਾਰੀਆਂ ਨੂੰ ਹੋਲਾ ਮਹੱਲਾ ਲਈ ਮੁੱਖ ਦਾਖਲੇ ਨਾਕੇ ਤੇ ਪ੍ਰਬੰਧ ਕਰਦੇ ਹੋਏ ਦੇਖ ਕੇ ਆ ਰਹੇ ਸ਼ਰਧਾਲੂ ਵੀ ਬਹੁਤ ਉਤਸੁੱਕ ਹੋ ਰਹੇ ਸਨ। ਡਿਪਟੀ ਕਮਿਸ਼ਨਰ ਨੇ ਇਸ ਉਪਰੰਤ ਸਟਲ ਬੱਸ ਸਰਵਿਸ ਅਤੇ ਰੈਡ ਕਰਾਸ ਦੀ ਫਸਟ ਏਡ ਪੋਸਟ ਦਾ ਵੀ ਜਾਇਜਾ ਲਿਆ।

ਸਾਰੇ ਮਹਿਲਾ ਅਧਿਕਾਰੀ ਡਿਪਟੀ ਕਮਿਸ਼ਨਰ ਨਾਲ ਸੈਲਫੀ ਲੈ ਰਹੇ ਸਨ, ਉਨ੍ਹਾਂ ਵਿੱਚ ਡਿਪਟੀ ਕਮਿਸ਼ਨਰ ਨਾਲ ਡਿਊਟੀ ਕਰਕੇ ਹੋਰ ਆਤਮ ਵਿਸ਼ਵਾਸ ਭਰ ਰਿਹਾ ਸੀ।

ਟੀ ਕਮਿਸ਼ਨਰ ਨੇ ਭਲਕੇ ਸ੍ਰੀ ਅਖੰਡ ਪਾਠ ਸਾਹਿਬ ਦੀ ਸੰਪੂਰਨਤਾ ਉਪਰੰਤ ਨਗਰ ਕੀਰਤਨ ਦੇ ਰੂਟ ਪਲਾਨ ਅਤੇ ਇਸ ਲਈ ਕੀਤੇ ਜਾਣ ਵਾਲੇ ਪ੍ਰਬੰਧਾਂ ਦੀ ਸਮੀਖਿਆ ਕੀਤੀ। ਉਨ੍ਹਾਂ ਨੇ ਚਰਨ ਗੰਗਾ ਸਟੇਡੀਅਮ ਵਿਚ ਜਾਹੋ ਜਲਾਲ ਨਾਲ ਹੋਣ ਵਾਲੇ ਮੁਕਾਬਲਿਆਂ ਦੇ ਪ੍ਰਬੰਧਾਂ ਦਾ ਵੀ ਜਾਇਜਾ ਲਿਆ। ਉਨ੍ਹਾਂ ਨੇ ਕਿਹਾ ਕਿ ਇਸ ਵਾਰ ਵੱਧ ਆਮਦ ਹੋਣ ਕਾਰਨ ਵਧੇਰੇ ਪ੍ਰਬੰਧ ਕੀਤੇ ਗਏ ਹਨ, ਸ਼ਰਧਾਲੂਆਂ ਵਿਚ ਬਹੁਤ ਹੀ ਉਤਸ਼ਾਹ ਹੈ, ਸਿੰਘ ਸਾਹਿਬ ਗਿਆਨੀ ਸੁਲਤਾਨ ਸਿੰਘ, ਮੈਨੇਜਰ ਤਖਤ ਸ੍ਰੀ ਕੇਸਗੜ੍ਹ ਸਾਹਿਬ, ਐਸ.ਜੀ.ਪੀ.ਸੀ ਮੈਂਬਰ ਅਮਰਜੀਤ ਸਿੰਘ ਚਾਵਲਾ ਤੇ ਹੋਰ ਡੇਰਾ ਮੁਖੀਆਂ ਤੇ ਧਾਰਮਿਕ ਜਥੇਬੰਦੀਆਂ ਨਾਲ ਵਾਰ ਵਾਰ ਮੀਟਿੰਗਾਂ ਕਰਕੇ ਸਮੁੱਚੇ ਪ੍ਰਬੰਧਾਂ ਦੀ ਰੂਪ ਰੇਖਾ ਤਿਆਰ ਕੀਤੀ ਗਈ ਹੈ। ਅਧਿਕਾਰੀਆਂ/ਕਰਮਚਾਰੀਆਂ ਨੇ ਵੀ ਸੇਵਾ ਦੀ ਭਾਵਨਾ ਨਾਲ ਕੰਮ ਕੀਤਾ ਹੈ, ਸਮਾਜ ਸੇਵੀ ਸੰਗਠਨ ਵੀ ਵਲੰਟੀਅਰ ਦੀ ਤਰਾਂ ਦਿਨ ਰਾਤ ਲੱਗੇ ਹੋਏ ਹਨ। ਹੋਲਾ ਮਹੱਲਾ ਦੀ ਸੰਪੂਰਨਤਾ ਉਪਰੰਤ ਸਮੁੱਚੇ ਮੇਲਾ ਖੇਤਰ ਦੀ ਸਾਫ ਸਫਾਈ ਅਤੇ ਢੁਕਵੇ ਪ੍ਰਬੰਧ ਕਰਨ ਤੱਕ ਅਧਿਕਾਰੀਆਂ ਨੂੰ ਤੈਨਾਤ ਕੀਤਾ ਜਾਵੇਗਾ।

# ਬੀਜੇਪੀ ਲੀਡਰਸ਼ਿਪ ਕੋਲ ਵਿਜ਼ਨ ਅਤੇ ਵਿਕਾਸ ਲਈ ਰੋਡ ਮੈਪ ਦਾ ਹੋਣਾ ਜ਼ਰੂਰੀ



ਅੰਮ੍ਰਿਤਸਰ, 29 ਮਾਰਚ
-ਅਜੇ ਕੁਮਾਰ ਸ਼ਿੰਗਾਰੀ-

ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਸਾਬਕਾ ਰਾਜਦੂਤ ਤਰਨਜੀਤ ਸਿੰਘ ਸੰਧੂ ਅੱਜ ਹੋਲੀ ਸਿਟੀ ਵਿਖੇ ਇਕ ਪ੍ਰਭਾਵਸ਼ਾਲੀ ਸਨਮਾਨ ਸਮਾਰੋਹ ਚ ਪੁੱਜੇ ਸਨ। ਉਨਾਂ ਨੇ ਕਿਹਾ ਕਿ ਲੀਡਰਸ਼ਿਪ ਲਈ ਵਿਜ਼ਨ ਅਤੇ ਵਿਕਾਸ ਲਈ ਯੋਜਨਾਬੰਦੀ ਦਾ ਹੋਣਾ ਬਹੁਤ ਜ਼ਰੂਰੀ ਹੈ। ਅਤੇ ਗੁਰੂ ਨਗਰੀ ਅੰਮ੍ਰਿਤਸਰ ਲਈ ਕੇਂਦਰ ਤੋਂ ਸਪੈਸ਼ਲ ਪੈਕੇਜ ਦੀ ਮੰਗ ਕਰਾਂਗੇ ਅਤੇ ਅਜਿਹੀ ਵਿਵਸਥਾ ਤਿਆਰ ਕਰਾਂਗੇ ਕਿ ਕੋਈ ਵੀ ਬੇਰੁਜ਼ਗਾਰ ਨਾ ਰਹੇ।

ਇਸ ਮੌਕੇ ਸਰਦਾਰ ਤਰਨਜੀਤ ਸਿੰਘ ਸੰਧੂ ਨੂੰ ਸਨਮਾਨਿਤ ਕਰਨ ਮੌਕੇ ਸਥਾਨਕ ਭਾਜਪਾ ਆਗੂਆਂ ਤੇ ਸਰਗਰਮ ਵਰਕਰਾਂ ਵਿੱਚ ਬੇਹੱਦ ਖ਼ੁਸ਼ੀ ਪਾਈ ਗਈ ਸੀ।

ਸਰਦਾਰ ਤਰਨਜੀਤ ਸਿੰਘ ਸੰਧੂ ਨੇ ਕਿਹਾ ਕਿ ਮੈਂ ਮਾਣ ਮਹਿਸੂਸ ਕਰਦਾ ਹਾਂ ਕਿ ਮੈਨੂੰ ਭਾਰਤ ਦੀ ਸੇਵਾ ਅਤੇ ਸਿੱਖੀ ਦੀ ਦਸਤਾਰ ਨੂੰ ਦੇਸ਼ ਵਿਦੇਸ਼ ਵਿਚ ਸਨਮਾਨ ਦਿਵਾਉਣ ਦਾ ਮੌਕਾ ਮਿਲਿਆ। ਉਨ੍ਹਾਂ ਕਿਹਾ ਕਿ ਦੋ ਸ਼ਾਲਾਂ ਅੰਦਰ ਸ਼ਹਿਰ ਨੂੰ ਇੰਦੌਰ ਤੋਂ ਵੀ ਬਿਹਤਰ ਤੇ ਸਾਫ਼ ਸੁਥਰਾ ਬਣਾਇਆ ਜਾਵੇਗਾ। ਉਨ੍ਹਾਂ ਨੇ ਕਿਹਾ ਕੇ ਅੰਮ੍ਰਿਤਸਰ ਸਿਫ਼ਤੀਂ ਦਾ ਘਰ ਹੈ। ਉਹ ਅੰਮ੍ਰਿਤਸਰ ਦੇ ਵਿਕਾਸ, ਖੇਤੀ ਨੂੰ ਲਾਭਦਾਇਕ ਬਣਾਉਣ, ਇੱਥੋਂ ਦੀ ਇੰਡਸਟਰੀ, ਵਪਾਰਕ ਉੱਨਤੀ ਅਤੇ ਨੌਜਵਾਨਾਂ ਨੂੰ ਹੁਨਰਮੰਦ ਬਣਾ ਕੇ ਉਹਨਾਂ ਨੂੰ ਜ਼ਿੰਦਗੀ ਚ ਸਫਲ ਬਣਾਉਣ ਲਈ ਯਤਨਸ਼ੀਲ ਰਹੇਗਾ ਅਤੇ ਲੋਕਾਂ ਦੀਆਂ ਆਸਾਂ ਉਮੀਦਾਂ ਤੇ ਖਰਾ ਉੱਤਰਿਆ ਜਾਵੇਗਾ।

ਇਸ ਮੌਕੇ ਭਾਜਪਾ ਓ ਬੀ ਸੀ ਮੋਰਚਾ ਦੇ ਪ੍ਰਧਾਨ ਸਾਬਕਾ ਵਿਧਾਇਕ ਅਮਰਪਾਲ ਸਿੰਘ ਬੋਨੀ ਅਜਨਾਲਾ ਨੇ ਕਿਹਾ ਕਿ ਸਰਦਾਰ ਸੰਧੂ ਖ਼ੁਦ ਵੀ ਭਾਰਤੀ ਵਿਦੇਸ਼ ਸੇਵਾ ਦੌਰਾਨ ਭਾਰਤ ਨੂੰ ਵਿਸ਼ਵ ਭਰ ਵਿਚ ਨਵੀਂ ਪਹਿਚਾਣ ਦਿਵਾ ਕੇ ਆਪਣੀ ਕਾਬਲੀਅਤ ਨੂੰ ਸਿੱਧ ਕਰ ਚੁੱਕੇ ਹਨ। ਅੰਮ੍ਰਿਤਸਰ ਨੂੰ ਸਰਦਾਰ ਸੰਧੂ ਵਰਗੇ ਇਮਾਨਦਾਰ ਅਤੇ ਸਮਰੱਥਾਵਾਨ ਆਗੂ ਦੀ ਜ਼ਰੂਰਤ ਸੀ। ਜੋ ਹੁਣ ਪੂਰੀ ਹੋ ਗਈ ਹੈ। ਉਨ੍ਹਾਂ ਕਿਹਾ ਕਿ ਸਰਦਾਰ ਸੰਧੂ ਵੱਲੋਂ ਨਵੀਂ ਦਿੱਲੀ ਤੋਂ ਅੰਮ੍ਰਿਤਸਰ ਲਈ ਯੋਜਨਾਵਾਂ ਨੂੰ ਅਮਲੀਜਾਮਾ ਪਹਿਨਾਉਣ ਦੇ ਯਤਨ ਨੂੰ ਕਾਮਯਾਬੀ ਮਿਲ ਰਹੀ ਹੈ।

ਇਸ ਮੌਕੇ ਜ਼ਿਲ੍ਹਾ ਭਾਜਪਾ ਪ੍ਰਧਾਨ ਹਰਵਿੰਦਰ ਸਿੰਘ ਸੰਧੂ ਨੇ ਤਰਨਜੀਤ ਸਿੰਘ ਸੰਧੂ ਦੀ ਅੰਮ੍ਰਿਤਸਰ ਪ੍ਰਤੀ ਦ੍ਰਿਸ਼ਟੀਕੋਣ ਤੋਂ ਪ੍ਰਭਾਵਿਤ ਹੁੰਦਿਆਂ ਕਿਹਾ ਕਿ ਸਰਦਾਰ ਸੰਧੂ ਗੁਰੂ ਨਗਰੀ ਅੰਮ੍ਰਿਤਸਰ ਦੀ ਮਿੱਟੀ ਦਾ ਪੁੱਤਰ ਹੈ। ਸਰਦਾਰ ਸੰਧੂ ਦਾ ਪਿਛੋਕੜ ਦੇਸ਼ ਕੌਮ ਲਈ ਕੁਰਬਾਨੀਆਂ ਵਾਲੇ ਪਰਿਵਾਰਕ ਨਾਲ ਸੰਬੰਧ ਹੈ, ਸਮੂਹ ਨਗਰ ਨਿਵਾਸੀ ਸਰਦਾਰ ਸੰਧੂ ਦਾ ਸਾਥ ਦੇਣਗੇ। ਇਸ ਮੌਕੇ ਭੁਪਿੰਦਰ ਸਿੰਘ ਚਾਵਲਾ, ਦਲਜੀਤ ਸਿੰਘ ਕੋਹਲੀ, ਬੋਨੀ ਅਜਨਾਲਾ, ਹਰਵਿੰਦਰ ਸੰਧੂ ਅਤੇ ਰੀਨਾ ਜੇਤਲੀ ਨੇ ਸਰਦਾਰ ਸੰਧੂ ਨੂੰ ਸਨਮਾਨਿਤ ਕੀਤਾ। ਇਸ ਮੌਕੇ ਰਾਜਨ ਕਪੂਰ, ਪਵਨ ਚਾਵਲਾ, ਰਾਹੁਲ ਮਹੇਸ਼ਵਰੀ, ਸੰਜੀਵ ਖੋਸਲਾ, ਸੁਮਿਤ ਸੇਠ, ਗੌਰਵ ਗਿੱਲ, ਰਕੇਸ਼ ਗਿੱਲ, ਮਨੀਸ਼ ਸ਼ਰਮਾ, ਸੋਨਮ ਚੌਹਾਨ ਅਤੇ ਓਮ ਪ੍ਰਕਾਸ਼ ਅਨਾਰੀਆ ਅਤੇ ਹੋਰ ਮੈਂਬਰ ਵੀ ਮੌਜੂਦ ਸਨ।

# ਅੰਮ੍ਰਿਤਸਰ ਕੋਟ ਖਾਲਸਾ ਪਿੰਡ ਵਿੱਚ ਗੁਰਦੁਆਰਾ ਸ਼੍ਰੀ ਬੋੜੀ ਸਾਹਿਬ ਵਿਖੇ ਬੜੀ ਧੂਮਧਾਮ ਨਾਲ ਮਨਾਇਆ ਹੋਲੇ ਮੁਹੱਲੇ ਦਾ ਤਿਉਹਾਰ

ਅੰਮ੍ਰਿਤਸਰ, 29 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-



ਗੁਰਦੁਆਰਾ ਬੋਹੜੀ ਸਾਹਿਬ ਕੋਟ ਖਾਲਸਾ ਵਿਖੇ 85ਵੇਂ ਹੋਲੇ ਮਹੱਲੇ ਤੇ ਸਬੰਧ ਵਿੱਚ ਸ੍ਰੀ ਅਖੰਡ ਪਾਠ ਸਾਹਿਬ ਦੀਆਂ ਲੜੀਆਂ ਦੇ ਭੋਗ ਪਾਏ ਜਾ ਰਹੇ ਹਨ ਇੱਥੇ ਤਹਿਤ 51 ਅਖੰਡ ਪਾਠਾਂ ਦੇ ਭੋਗ ਪਾਏ ਗਏ ਅਤੇ 51 ਅਖੰਡ ਪਾਠ ਆਰੰਭ ਕੀਤੇ ਗਏ ਗੱਲਬਾਤ ਕਰਦਿਆਂ ਹੋਇਆਂ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਜਥੇਦਾਰ ਸਵਿੰਦਰ ਸਿੰਘ ਸੰਧੂ ਨੇ ਆਖਿਆ ਕਿ 23 ਮਾਰਚ ਤੋਂ 27 ਮਾਰਚ ਤੱਕ ਹੋ ਰਹੇ ਸਮਾਗਮਾਂ ਵਿੱਚ ਸਮੂਹ ਸੰਗਤਾਂ ਨੂੰ ਅਪੀਲ ਹੈ ਕਿ ਉਹ ਗੁਰਦੁਆਰਾ ਸਾਹਿਬ ਵਿਖੇ ਹੋਰੇ ਸਮਾਗਮਾਂ ਵਿੱਚ ਹਾਜ਼ਰੀਆਂ ਭਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਇਸ ਮੌਕੇ ਗੁਰਦੁਆਰਾ ਸਾਹਿਬ ਕੇ ਮੱਥਾ ਟੇਕਣ ਆਈਆਂ ਸੰਗਤਾਂ ਨੇ ਆਖਿਆ ਕਿ ਉਹ ਬੜੇ ਹੀ ਵਡਭਾਗੀ ਹਨ ਕਿ ਉਹਨਾਂ ਨੂੰ ਮੱਥਾ ਟੇਕਣ ਦਾ ਸੁਭਾਗ ਪ੍ਰਾਪਤ ਹੋਇਆ ਗੱਲਬਾਤ ਕਰਦਿਆਂ ਹੋਇਆਂ ਉਹਨਾਂ ਆਖਿਆ ਕਿ ਉਹਨਾਂ ਵੱਲੋਂ ਸਰਬਤ ਦੇ ਭਲੇ ਦੀ ਅਰਦਾਸ ਕੀਤੀ ਗਈ ਹੈ ,ਇਸ ਮੌਕੇ ਹਰਭਜਨ ਸਿੰਘ ਸੀਨੀਅਰ ਮੀਤ ਪ੍ਰਧਾਨ ਨੰਬਰਦਾਰ, ਅਵਤਾਰ ਸਿੰਘ ਸਰਕਾਰੀਆ ਮੀਤ ਪ੍ਰਧਾਨ, ਪਰਮਿੰਦਰ ਸਿੰਘ ਸੰਧੂ ਸਕੱਤਰ, ਕੁਲਵੰਤ ਸਿੰਘ ਸਰਕਾਰੀਆ ਜਨਰਲ ਸਕੱਤਰ, ਦਵਿੰਦਰ ਸਿੰਘ ਸੰਧੂ ਪ੍ਰਚਾਰ ਸਕੱਤਰ, ਜਥੇਦਾਰ ਮੇਜਰ ਸਿੰਘ ਸਰਕਾਰੀਆ ਆਡੀਟਰ, ਸੁਰਜੀਤ ਸਿੰਘ ਸਟੋਰ ਕੀਪਰ, ਅਮਨਦੀਪ ਸਿੰਘ ਖਿਆਲੀਆ ਖਜਾਨਚੀ, ਸੁਖਬੀਰ ਸਿੰਘ ਸੋਨੀ ਸਾਬਕਾ ਕੌਂਸਲਰ, ਹਰਸਿਮਰਨਦੀਪ ਸਿੰਘ ਸੰਧੂ, ਦਿਲਬਾਗ ਸਿੰਘ ਸੈਂਸਰੀਆ, ਬੱਗਾ ਸਿੰਘ, ਮਨਜੀਤ ਸਿੰਘ ਝੰਡ, ਹਰਦਿਆਲ ਸਿੰਘ ਸੰਧੂ, ਰਘਬੀਰ ਸਿੰਘ ਸੰਧੂ (ਸਾਰੇ ਮੈਂਬਰ ਕਮੇਟੀ), ਖੁਸ਼ਬੀਰ ਸਿੰਘ ਆਦਿ ਹਾਜ਼ਰ ਸਨ।

# ਹੌਲਾ ਮਹੱਲਾ ਮੌਕੇ ਰੈਡ ਕਰਾਸ ਵੱਲੋਂ ਲਗਾਏ ਗਏ ਫਸਟ ਏਡ ਪੋਸਟ: ਡਾ.ਪ੍ਰੀਤੀ ਯਾਦਵ



**ਸ੍ਰੀ ਅਨੰਦਪੁਰ ਸਾਹਿਬ, 29 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਜਿਲ੍ਹਾ ਰੈੱਡ ਕਰਾਸ ਰੂਪਨਗਰ ਵਲੋਂ ਹੋਲਾ ਮਹੱਲਾ ਤੇ ਲਗਾਏ ਗਏ ਸੋਸ਼ਲ ਸਰਵਿਸ ਕੈਂਪ ਦੌਰਾਨ 15 ਫਸਟ ਏਡ ਪੋਸਟਾਂ ਅਤੇ ਐਂਬੂਲੈਂਸ ਸੇਵਾ ਦੁਆਰਾ ਲਗਾਤਾਰ ਦਿਨ ਰਾਤ ਸੰਗਤਾਂ/ਸ਼ਰਧਾਲੂਆਂ ਦੀ ਸੇਵਾ ਕੀਤੀ ਜਾ ਰਹੀ ਹੈ।

ਇਹ ਜਾਣਕਾਰੀ ਦਿੰਦੇ ਹੋਏ ਡਿਪਟੀ ਕਮਿਸ਼ਨਰ ਡਾ.ਪ੍ਰੀਤੀ ਯਾਦਵ ਨੇ ਦੱਸਿਆ ਕਿ ਸ਼ਰਧਾਲੂਆਂ ਦੀ ਸਹੂਲਤ ਲਈ ਸਾਰੇ ਪ੍ਰਬੰਧ ਕੀਤੇ ਹੋਏ ਹਨ। ਸੰਗਤਾਂ ਨੂੰ ਹਰ ਤਰਾਂ ਦੀ ਸਹੂਲਤ ਉਪਲੱਬਧ ਕਰਵਾਈ ਜਾ ਰਹੀ ਹੈ, ਫਸਟ ਏਡ ਪੋਸਟ ਮੇਲਾ ਖੇਤਰ ਵਿਚ ਲਗਾਏ ਗਏ ਹਨ, ਜਿੱਥੇ ਵਲੰਟੀਅਰ ਸੇਵਾ ਦੀ ਭਾਵਨਾ ਨਾਲ ਕੰਮ ਕਰ ਰਹੇ ਹਨ।

# ਸ੍ਰੀ ਰਾਧਾ ਕ੍ਰਿਸ਼ਨ ਮੰਦਿਰ ਠਾਕੁਰ ਦੁਆਰਾ ਸ੍ਰੀ ਦੀਪਕ ਰਾਣਾ ਖੇੜਾ ਕਲਮੋਟ ਜੀ ਦਾ ਕੀਤਾ ਗਿਆ ਵਿਸ਼ੇਸ਼ ਸਨਮਾਨਸ



**ਸ੍ਰੀ ਅਨੰਦਪੁਰ ਸਾਹਿਬ, 29 ਮਾਰਚ**
**-ਸਚਿਨ ਸੋਨੀ/ਰਾਜੂ ਧੀਮਾਨ-**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਰਾਧਾ ਕ੍ਰਿਸ਼ਨ ਮੰਦਿਰ ਠਾਕੁਰ ਦੁਆਰਾ ਰਾਮਾਡ੍ਰਮਾਟਿਕ ਕਮੇਟੀ ਗੰਗੂਵਾਲ ਬਾਸੋਵਾਲ ਕਲੋਨੀ ਵਿਖੇ ਸ੍ਰੀ ਖਾਟੂ ਸ਼ਿਆਮ ਬਾਬਾ ਜੀ ਦੇ ਜਨਮਦਿਨ ਮੌਕੇ ਸ੍ਰੀ ਦੀਪਕ ਰਾਣਾ ਖੇੜਾ ਕਲਮੋਟ ਜੀ ਅਤੇ ਉਨਾਂ ਦੇ ਸਮੂਹ ਸਾਥੀਆਂ ਦਾ ਕਮੇਟੀ ਦੇ ਪ੍ਰਧਾਨ ਸ੍ਰੀ ਲੱਕੀ ਕਪਿਲਾ ਜੀ ਵੱਲੋਂ ਵਿਸ਼ੇਸ਼ ਤੌਰ'ਤੇ ਸਨਮਾਨ ਕੀਤਾ ਗਿਆ। ਇਸ ਮੌਕੇ ਜਿੱਥੇ ਸ੍ਰੀ ਖਾਟੂ ਸ਼ਿਆਮ ਬਾਬਾ ਜੀ ਦਾ ਜਨਮਦਿਨ ਧੂਮਧਾਮ ਨਾਲ ਮਨਾਇਆ ਗਿਆ , ਉੱਥੇ ਹੀ ਮੰਦਿਰ ਵਿੱਚ ਭੰਡਾਰਾ ਵੀ ਕੀਤਾ ਗਿਆ। ਅੱਗੇ ਦੱਸਦੇ ਹੋਏ ਕਮੇਟੀ ਦੇ ਪ੍ਰਧਾਨ ਸ੍ਰੀ ਲੱਕੀ ਕਪਿਲਾ ਜੀ ਨੇ ਕਿਹਾ ਕਿ ਅੱਜ ਕਲਯੁਗ ਦਾ ਸਮਾਂ ਹੈ ਤੇ ਹਰ ਇੱਕ ਇਨਸਾਨ ਨੂੰ ਕਲਯੁਗ ਦੇ ਸਮੇਂ ਦੇ ਵਿੱਚ ਸ੍ਰੀ ਖਾਟੂ ਸ਼ਿਆਮ ਬਾਬਾ ਜੀ ਤੇ ਸਾਲਾਸਰ ਬਾਲਾ ਜੀ ਮਹਾਰਾਜ ਦੇ ਚਰਨਾਂ ਦੇ ਨਾਲ ਜੁੜ ਜਾਣਾ ਚਾਹੀਦਾ ਹੈ ; ਕਿਉਂ ਜੋ ਕਲਯੁਗ ਦੇ ਵਿੱਚ ਸ੍ਰੀ ਖਾਟੂ ਸ਼ਿਆਮ ਬਾਬਾ ਜੀ ਤਾਰਨਹਾਰ ਹਨ , ਹਾਰੇ ਦਾ ਸਹਾਰਾ ਹਨ , ਹਰ ਸਮੱਸਿਆ , ਦੁੱਖ - ਪਰੇਸ਼ਾਨੀ ਦਾ ਹੱਲ ਹਨ ਤੇ ਸ੍ਰੀ ਖਾਟੂ ਸ਼ਿਆਮ ਜੀ ਦੇ ਦਰ'ਤੇ ਜੋ ਵੀ ਭਗਤ - ਜਨ ਪੂਰਨ ਸ਼ਰਧਾ ਦੇ ਨਾਲ ਆਉਂਦਾ ਹੈ ਉਸਦੀ ਹਰ ਮੁਰਾਦ ਪੂਰੀ ਹੁੰਦੀ ਹੈ।ਇਸ ਮੌਕੇ ਕਮੇਟੀ ਦੇ ਪ੍ਰਧਾਨ ਸ੍ਰੀ ਲੱਕੀ ਕਪਿਲਾ ਜੀ , ਚੇਅਰਮੈਨ ਗੋਪਾਲ ਸ਼ਰਮਾ ਜੀ , ਜਿੰਦੂ ਮਾਲੇਵਾਲ , ਹਰਸ਼ , ਵਿਨਿਤ ਰਾਣਾ , ਗੋਰੂ ਰਾਣਾ , ਡਾ. ਇੰਦਰ ,ਰਜੇਸ਼ ਚੀਟੂ , ਗੌਰਵ ਕਪਿਲਾ , ਪਵਨ ਕੁਮਾਰ ਚੀਟੂ ਵਾਈਸ ਪ੍ਰਧਾਨ , ਪਵਨ ਕੁਮਾਰ ਸੈਕਟਰੀ , ਮੇਘਰਾਜ ਕੌਸ਼ਲ ਕੈਸ਼ੀਅਰ , ਰਾਜੇਸ਼ ਚੀਟੂ ਪ੍ਰੈਸ ਸਕੱਤਰ , ਯਸ਼ਪਾਲ ਕਪਿਲਾ ਸਲਾਹਕਾਰ , ਰਕੇਸ਼ ਕੁਮਾਰ ਭੋਲਾ , ਮਾਸਟਰ ਸੰਜੀਵ ਧਰਮਾਣੀ , ਗਗਨ ਗੱਗੂ , ਕਮਲਜੀਤ ਲੱਕੀ , ਛੰਨੋ , ਕਰਮ ਕੁਮਾਰ , ਪੰਡਿਤ ਰਜੇਸ਼ ਨਟਿਆਲ ਅਤੇ ਹੋਰ ਪਤਵੰਤੇ ਸੱਜਣ ਹਾਜ਼ਰ ਸਨ।

# ਦਿਵਯ ਜਯੋਤੀ ਜਾਗ੍ਰਤੀ ਸੰਸਥਾਨ ਵੱਲੋਂ ਅਰਥ ਆਵਰ ਮੌਕੇ ਤੇ ਜਲਵਾਯੂ ਭਾਸ਼ਣ ਦਾ ਆਯੋਜਨ




**ਪਟਿਆਲਾ, 29 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿਵਯ ਜਯੋਤੀ ਜਾਗ੍ਰਤੀ ਸੰਸਥਾਨ ਵੱਲੋਂ ਅਰਥ ਆਵਰ ਮੌਕੇ ਤੇ ਜਲਵਾਯੂ ਭਾਸ਼ਣ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਦਿਵਯ ਗੁਰੂ ਸ਼੍ਰੀ ਆਸ਼ੂਤੋਸ਼ ਮਹਾਰਾਜ ਜੀ ਦੀ ਸਾਧਵੀ ਸ਼ਿਸ਼ਯਾ ਅਨਿਮਾ ਭਾਰਤੀ ਨੇ ਕਿਹਾ ਕਿ ਸਮਝਦਾਰ ਜੀਵਨ ਸ਼ੈਲੀ ਹੀ ਜਲਵਾਯੂ ਪਰਿਵਰਤਨ ਦਾ ਹੱਲ ਹੈ, ਜਿਸਨੂੰ ਅੱਜ ਸਾਨੂੰ ਆਪਣੇ ਜੀਵਨ ਵਿੱਚ ਲਾਗੂ ਕਰਨਾ ਪਵੇਗਾ। ਬਿਜਲੀ ਦੀ ਚੰਗੀ ਵਰਤੋਂ ਕਰੋ। ਇਕ ਛੋਟਾ ਜਿਹਾ ਬਟਨ ਹੈ ਪਰ ਚਾਹੇ ਉਹ ਪੱਖਾ ਹੋਵੇ ਜਾਂ ਏਸੀ, ਟਿਊਬ ਲਾਈਟ ਜਾਂ ਬਲਬ, ਕਮਰੇ ਵਿਚ ਕੋਈ ਨਾ ਹੋਣ 'ਤੇ ਇਸ ਨੂੰ ਬੰਦ ਕਰਨਾ ਚਾਹੀਦਾ ਹੈ। ਬਿਜਲੀ ਦੇ ਖਰਚੇ ਵੀ ਬਚਾਓ। ਜਨਤਕ ਟਰਾਂਸਪੋਰਟ, ਸਾਈਕਲਿੰਗ ਜਾਂ ਪੈਦਲ ਚੱਲਣ ਦੀਆਂ ਇਨ੍ਹਾਂ ਆਦਤਾਂ ਨੂੰ ਦੁਬਾਰਾ ਅਪਨਾਓ। ਸਿਰਫ਼ ਮੌਸਮੀ ਫਲ ਅਤੇ ਸਬਜ਼ੀਆਂ ਖਾਓ ਅਤੇ ਸਿਹਤ ਲਾਭ ਪ੍ਰਾਪਤ ਕਰੋ। ਘਰ ਵਿਚ ਪੌਦੇ ਲਗਾਓ, ਸਬਜ਼ੀਆਂ ਉਗਾਓ। ਚਾਹੇ ਉਹ ਕੱਪੜੇ ਹੋਣ ਜਾਂ ਇਲੈਕਟ੍ਰਾਨਿਕ ਯੰਤਰ, ਬਿਹਤਰ ਹੈ ਕਿ ਜਿੰਨਾ ਹੋ ਸਕੇ ਉਨ੍ਹਾਂ ਦੀ ਮੁੜ ਵਰਤੋਂ ਕਰੋ, ਪਲਾਸਟਿਕ ਦੀ ਵਰਤੋਂ ਘੱਟ ਕਰੋ। ਆਪਣੀ ਖੁਦ ਦੀ ਪਾਣੀ ਦੀ ਬੋਤਲ ਦੀ ਵਰਤੋਂ ਕਰੋ ਅਤੇ ਆਪਣਾ ਕੈਰੀ ਬੈਗ ਰੱਖੋ। ਇਸ ਤੋਂ ਬਾਅਦ ਲਾਈਟਾਂ ਬੰਦ ਕਰਕੇ ਮੈਡੀਟੇਸ਼ਨ ਸੈਸ਼ਨ ਦਾ ਆਯੋਜਨ ਕੀਤਾ ਗਿਆ।

# ਹੋਲੀ ਮਹਾ ਉਤਸਵ ਭਜਨ ਸੰਧਿਆ ਕਰਵਾਈ ਗਈ



**ਸੁਨਾਮ, 29 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਹਰਿਦਾਸ ਨਿਕੁੰਜ ਬਿਹਾਰੀ ਸੇਵਾ ਸਮਿਤੀ (ਰਜਿ) ਸੁਨਾਮ ਵੱਲੋਂ ਹੋਲੀ ਦੇ ਤਿਉਹਾਰ ਦੇ ਸੰਬੰਧ ਵਿੱਚ ਸੇਵਾ ਸਮਿਤੀ ਦੇ ਪ੍ਰਧਾਨ ਰਾਜੀਵ ਮੱਖਣ ਅਤੇ ਚੇਅਰਮੈਨ ਅਮਿਤ ਕੌਸ਼ਲ ਦੀ ਅਗਵਾਈ ਵਿੱਚ ਵਿੱਚ ਹੋਲੀ ਮਹਾਉਤਸਵ ਭਜਨ ਸੰਧਿਆ ਗੀਤਾ ਭਵਨ ਮੰਦਿਰ ਸਨਾਮ ਵਿੱਚ ਕਰਵਾਈ ਗਈ

ਇਸ ਮੌਕੇ ਵੱਡੀ ਗਿਣਤੀ ਵਿੱਚ ਸੇਵਾ ਸਮਿਤੀ ਦੇ ਸਾਰੇ ਪਰਿਵਾਰਿਕ ਮੈਂਬਰਾਂ ਅਤੇ ਸ਼ਾਮ ਭਗਤਾਂ ਨੇ ਭਜਨ ਸੰਧਿਆ ਦਾ ਆਨੰਦ ਮਾਨਿਆ ਇਸ ਮੌਕੇ ਪ੍ਰਸਿੱਧ ਭਜਨ ਗਾਇਕ ਗੁਰਪ੍ਰੀਤ ਲਹਿਰਾ, ਰਾਜਿੰਦਰ ਕੁਮਾਰ ਸਾਹ ਦੀਪਕ ਗੋਇਲ ਨੇ ਬਾਕੇ ਬਿਹਾਰੀ ਦੇ ਭਜਨਾਂ ਦਾ ਗੁਣਗਾਨ ਕਰਕੇ ਭਗਤਾਂ ਨੂੰ ਭਗਤੀ ਦੇ ਰੰਗ ਵਿੱਚ ਬੰਨ ਦਿੱਤਾ ਸ਼ਾਮ ਭਗਤਾਂ ਨੇ ਨੱਚ ਨੱਚ ਕੇ ਆਪਣੀ ਹਾਜ਼ਰੀ ਲਵਾਈ ਇਸ ਮੌਕੇ ਫੁੱਲਾਂ ਦੀ ਹੋਲੀ ਖੇਡੀ ਗਈ ਇਸ ਮੌਕੇ ਸੇਵਾ ਸਮਿਤੀ ਦੇ ਪ੍ਰਧਾਨ ਰਾਜੀਵ ਮੱਖਣ ਅਤੇ ਚੇਅਰਮੈਨ ਅਮਿਤ ਕੌਸ਼ਲ ਨੇ ਕਿਹਾ ਕਿ ਸੰਸਥਾ ਵੱਲੋਂ ਆਉਣ ਵਾਲੇ ਸਮੇਂ ਵਿੱਚ ਧਾਰਮਿਕ ਪ੍ਰੋਗਰਾਮ ਕਰਵਾਏ ਜਾਣਗੇ ਉਨਾਂ ਨੇ ਹੋਲੀ ਦੇ ਤਿਉਹਾਰ ਦੀ ਸਾਰਿਆਂ ਨੂੰ ਵਧਾਈ ਦਿੱਤੀ ਇਸ ਮੌਕੇ ਸੰਸਥਾ ਦੇ ਸਾਰੇ ਅਹੁਦੇਦਾਰ ਅਤੇ ਮੈਂਬਰ ਹਾਜ਼ਰ ਸਨ

# ਹੌਲਦਾਰ 'ਤੇ ਹਮਲੇ ਸਬੰਧੀ 25 ਖ਼ਿਲਾਫ਼ ਕੇਸ ਦਰਜ

**ਪਟਿਆਲਾ, 29 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਅਨਾਜ ਮੰਡੀ ਦੀ ਪੁਲੀਸ ਨੇ ਇੱਥੋਂ ਦੇ ਦੋ ਦਰਜਨ ਦੇ ਕਰੀਬ ਨੌਜਵਾਨਾਂ 'ਤੇ ਇਰਾਦਾ ਕਤਲ ਦੀ ਧਾਰਾ 307 ਦੇ ਤਹਿਤ ਕੇਸ ਦਰਜ ਕੀਤਾ ਹੈ ਜਿਨ੍ਹਾਂ 'ਤੇ ਥਾਣੇ ਦੀ ਇੱਕ ਪੁਲੀਸ ਪਾਰਟੀ 'ਤੇ ਕਥਿਤ ਹਮਲਾ ਕਰਨ ਦੇ ਇਲਜ਼ਾਮ ਹਨ। ਇਹ ਵੀ ਕਿਹਾ ਗਿਆ ਹੈ ਕਿ ਇਨ੍ਹਾਂ ਵਿੱਚੋਂ ਇੱਕ ਨੌਜਵਾਨ ਨੇ ਹੌਲਦਾਰ ਗੁਰਪ੍ਰੀਤ ਸਿੰਘ 'ਤੇ ਮੋਟਰਸਾਈਕਲ ਚੜ੍ਹਾਅ ਦਿੱਤਾ ਜਿਸ ਕਾਰਨ ਉਸ ਦੀ ਲੱਤ ਟੁੱਟ ਗਈ। ਹੌਲਦਾਰ ਦੇ ਬਿਆਨਾਂ 'ਤੇ ਪੁਲੀਸ ਵੱਲੋਂ ਇਹ ਕੇਸ ਦਰਜ ਕੀਤਾ ਗਿਆ ਹੈ।

ਸ਼ਿਕਾਇਤਕਰਤਾ ਹੌਲਦਾਰ ਗੁਰਪ੍ਰੀਤ ਸਿੰਘ ਨੇ ਕਿਹਾ ਕਿ ਜਦੋਂ ਉਹ ਥਾਣਾ ਮੁਖੀ ਅਤੇ ਸਿਪਾਹੀ ਗੁਰਜੋਤ ਸਿੰਘ ਸਮੇਤ ਫੋਕਲ ਪੁਆਇੰਟ ਪਟਿਆਲਾ ਵਿੱਚ ਮੌਜੂਦ ਸੀ ਤਾਂ ਉਨ੍ਹਾਂ ਨੂੰ ਇਤਲਾਹ ਮਿਲੀ ਕਿ 40/50 ਲੜਕੇ ਹਥਿਆਰਾਂ ਸਮੇਤ ਪ੍ਰਾਇਮਰੀ ਸਕੂਲ ਰਸੂਲਪੁਰ ਸੈਦਾਂ ਪਾਸ ਖੜ੍ਹੇ ਹਨ।

ਇਸ 'ਤੇ ਉਹ ਪੁਲੀਸ ਪਾਰਟੀ ਅਤੇ ਪੀ.ਸੀ.ਆਰ-24 ਸਮੇਤ ਰਸੂਲਪੁਰ ਵੱਲ ਨੂੰ ਚੱਲ ਪਏ। ਇਸੇ ਦੌਰਾਨ ਪੀ.ਸੀ.ਆਰ. ਮੋਟਰਸਾਈਕਲ ਦੀ ਅਵਾਜ਼ ਸੁਣ ਕੇ ਮੁਲਜ਼ਮ ਹੁੱਲੜਬਾਜ਼ੀ ਕਰਦਿਆਂ ਖਿਸਣਕ ਲੱਗੇ ਤਾਂ ਉਨ੍ਹਾਂ ਨੇ ਸਰਕਾਰੀ ਗੱਡੀ ਸਾਈਡ 'ਤੇ ਲਗਾ ਕੇ ਸਾਹਮਣੇ ਤੋਂ ਆ ਰਹੇ ਮੋਟਰਸਾਈਕਲ ਨੂੰ ਰੋਕਣਾ ਚਾਹਿਆ ਪਰ ਮੋਟਰਸਾਈਕਲ ਚਾਲਕ ਨੇ ਪੁਲੀਸ ਪਾਰਟੀ 'ਤੇ ਹੀ ਮੋਟਰਸਾਈਕਲ ਚੜ੍ਹਾ ਦਿੱਤਾ। ਇਸ ਕਾਰਨ ਮੁੱਦਈ ਦੀ ਸੱਜੀ ਲੱਤ ਟੁੱਟ ਗਈ ਅਤੇ ਹਮਲਾਵਰ ਮੋਟਰਸਾਈਕਲ ਉੱਥੇ ਹੀ ਛੱਡ ਕੇ ਫਰਾਰ ਹੋ ਗਏ।

# ਸ਼ੁਭਕਰਨ ਸਿੰਘ ਦੀ ਮੌਤ ਜੁਆਇੰਟ ਅਪਰੇਸ਼ਨ ਦਾ ਨਤੀਜਾ: ਚੰਦੂਮਾਜਰਾ



**ਸਨੌਰ, 29 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੋਂ ਦੇ ਸਾਬਕਾ ਵਿਧਾਇਕ ਹਰਿੰਦਰਪਾਲ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਕਿਸਾਨ ਸ਼ੁਭਕਰਨ ਸਿੰਘ ਦੀ ਮੌਤ ਪੰਜਾਬ ਤੇ ਹਰਿਆਣਾ ਸਰਕਾਰਾਂ ਦੇ ਜੁਆਇੰਟ ਅਪਰੇਸ਼ਨ ਦਾ ਨਤੀਜਾ ਸੀ। ਉਨ੍ਹਾਂ ਕਿਹਾ ਕਿ ਕਾਂਗਰਸ ਸਮੇਤ ਬਾਕੀ ਵਿਰੋਧੀ ਧਿਰਾਂ ਨੂੰ ਵੀ ਹਰਿਅਣਾ ਦੇ ਸਾਬਕਾ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਦੇ ਨਾਲ-ਨਾਲ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਖ਼ਿਲਾਫ਼ ਵੀ ਕਾਰਵਾਈ ਦੀ ਮੰਗ ਕਰਨੀ ਚਾਹੀਦੀ ਹੈ।

ਰਣਬੀਰ ਸਿੰਘ ਪੂਨੀਆ ਨੂੰ ਯੂਥ ਅਕਾਲੀ ਦਲ ਦਾ ਕੌਮੀ ਮੀਤ ਪ੍ਰਧਾਨ ਬਣਨ 'ਤੇ ਰੱਖੇ ਗਏ ਸਨਮਾਨ ਸਮਾਰੋਹ 'ਚ ਸ਼ਿਰਕਤ ਕਰਨ ਮੌਕੇ ਚੰਦੂਮਾਜਰਾ ਨੇ ਕਿਹਾ ਕਿ ਪੰਜਾਬ ਦੇ ਹਿੱਤਾਂ ਲਈ ਇੱਕ ਵਾਰ ਵੀ ਦਿੱਲੀ ਨਾ ਜਾਣ ਵਾਲਾ ਮੁੱਖ ਮੰਤਰੀ ਭਗਵੰਤ ਮਾਨ ਸ਼ਰਾਬ ਘੁਟਾਲੇ 'ਚ ਫਸੇ ਆਪਣੇ ਆਕਾ ਦੇ ਹੱਕ 'ਚ ਦਿੱਲੀ ਵਿੱਚ ਡੇਰੇ ਲਗਾਈ ਬੈਠਾ ਹੈ।

ਇਸ ਮੌਕੇ ਅਕਾਲੀ ਦਲ ਦੇ ਜਿਲ੍ਹਾ ਪ੍ਰਧਾਨ ਜਰਨੈਲ ਸਿੰਘ ਕਰਤਾਰਪੁਰ, ਚੰਦੂਮਾਜਰਾ ਦੇ ਓ.ਐਸ.ਡੀ. ਜਗਜੀਤ ਸਿੰਘ ਕੋਹਲੀ, ਜਤਿੰਦਰ ਪਹਾੜੀਪੁਰ, ਅਮਰੀਕ ਹਸਨਪੁਰ, ਸੁਰਜੀਤ ਹਸਨਪੁਰ, ਖੁਸ਼ਵੰਤ ਢਿੱਲੋਂ, ਕੁਲਦੀਪ ਹਰਪਾਲਪੁਰ, ਕੁਲਦੀਪ ਸਮਸਪੁਰ, ਗੁਰਜੰਟ ਨੂਰਖੇੜੀਆਂ, ਜਗਜੀਤ ਕੌਲੀ, ਮੋਹਨ ਮਹਿਮੂਦਪੁਰ, ਤੀਰਥ ਸਿੰਘ ਦੌਣਕਲਾਂ, ਕਮਲਜੀਤ ਦੌਣ ਤੇ ਸਰਪੰਚ ਬੱਬਲ ਧਰੇੜੀ ਆਦਿ ਵੀ ਹਾਜ਼ਰ ਸਨ।

# ਪਰਿਵਾਰਿਕ ਮੈਂਬਰਾਂ ਨਾਲ ਦੁੱਖ ਸਾਂਝਾ ਕਰਦੇ ਅਤੇ ਮੀਡੀਆ ਨਾਲ ਗੱਲਬਾਤ ਕਰਦੇ ਸੁਖਪਾਲ ਖਹਿਰਾ



**ਸੁਨਾਮ, 29 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਕਾਂਗਰਸ ਦੇ ਸੀਨੀਅਰ ਨੇਤਾ ਸੁਖਪਾਲ ਖਹਿਰਾ ਅੱਜ ਟਿੱਬੀ ਰਵੀਦਾਸਪੁਰਾ ਵਿਖੇ ਜਹਰੀਲੀ ਸ਼ਰਾਬ ਨਾਲ ਹੋਈਆਂ ਮੌਤਾਂ ਨੂੰ ਲੈ ਕੇ ਮ੍ਰਿਤਕ ਦੇ ਪਰਿਵਾਰਿਕ ਮੈਂਬਰਾਂ ਨਾਲ ਦੁੱਖ ਸਾਂਝਾ ਕਰਨ ਪਹੁੰਚੇ ਇਸ ਮੌਕੇ ਉਹਨਾਂ ਨੇ ਕਿਹਾ ਕਿ ਐਕਸਾਈਜ਼ ਮੰਤਰੀ ਦੇ ਆਪਣੇ ਪਿੰਡ ਚ ਜਾਲੀ ਸ਼ਰਾਬ ਵਿਕ ਰਹੀ ਹੈ , ਸਰਕਾਰ ਅਤੇ ਪ੍ਰਸ਼ਾਸਨ ਦੀ ਸ਼ਹਿ ਤੋਂ ਬਗੈਰ ਇਹ ਨਹੀਂ ਹੋ ਸਕਦਾ ਉਹਨਾਂ ਨੇ ਕਿਹਾ ਕਿ ਇਸ ਮਾਮਲੇ ਦੇ ਵਿੱਚ 8-10 ਬੰਦੇ ਨਾਮਜਦ ਕੀਤੇ ਗਏ ਹਨ। ? ਜਦ ਕਿ ਇਹ ਇੱਕ ਇੱਕ ਗਰੁੱਪ ਦਾ ਕੰਮ ਲੱਗਦਾ ਹੈ ਇਸ ਨੂੰ ਲੈ ਕੇ ? ਜੁਡੀਸ਼ਲੀ ਜਾਂਚ ਹੋਣੀ ਚਾਹੀਦੀ ਹੈ ? ਅਤੇ ਇਸ ਵਿੱਚ ਜਿਸ ਦੀ ਵੀ ਲਾਪਰਵਾਹੀ ਸਾਹਮਣੇ ਆਉਂਦੀ ਹੈ ਚਾਹੇ ਉਹ ਸਰਕਾਰ ਦਾ ਨੁਮਾਇੰਦਾ ਹੋਵੇ ਯਾ ਪੁਲਿਸ ਪ੍ਰਸ਼ਾਸਨ ਦਾ ਹੋਵੇ ਉਸਦੇ ਸਖਤ ਤੋਂ ਸਖਤ ਕਾਰਵਾਈ ਕਰਨੀ ਚਾਹੀਦੀ ਹੈ।

ਕੇਜਰੀਵਾਲ ਤੇ ਮਾਮਲੇ ਦਰਜ ਨੂੰ ਲੈ ਕੇ ਉਹਨਾਂ ਨੇ ਉਹ ਕਿਸੇ ਦੀ ਗ੍ਰਿਫਤਾਰੀ ਦਾ ਸਵਾਗਤ ਨਹੀਂ ਕਰਦੇ ਪਰ ਇਹ ਜ਼ਰੂਰ ਕਹਿਣਾ ਚਾਹੁੰਦੇ ਹਨ ਜੋ ਕਿਸੇ ਹੋਰ ਲਈ ਟੋਆ ਪੁੱਟਦਾ ਹੈ ਉਹ ਆਪ ਵੀ ਟੋਏ ਵਿੱਚ ਡਿੱਗਦਾ ਹੈ ?

ਉਹਨਾਂ ਨੇ ਕਿਹਾ ਕਿ ਕਾਂਗਰਸ ਨਾਲ ਪੰਜਾਬ ਚ ਥਲੜੇ ਪੱਧਰ ਤੱਕ ਬਦਲਾਖੋਰੀ ਦੇ ਨਾਲ ਕਾਰਵਾਈ ਕੀਤੀ ਜਾ ਰਹੀਆਂ ਹਨ , ਉਹਨਾਂ ਨੇ ਕਿਹਾ ਕਿ ਉਹ ਮੰਨਦੇ ਹਨ ਕੀ ਈਡੀ ਤੇ ਸੀਬੀਆਈ ਵੱਲੋਂ ਕਾਫੀ ਰਾਜਨੀਤਿਕ ਮਾਮਲੇ ਦਰਜ ਕੀਤੇ ਜਾ ਰਹੇ ਹਨ।

ਪਰ ਕੇਜਰੀਵਾਲ ਸਾਹਿਬ ਜੇਕਰ ਦਿੱਲੀ ਦੇ ਵਿੱਚ ਈਡੀ ਅਤੇ ਸੀਬੀਆਈ ਵੱਲੋਂ ਗਲਤ ਮਾਮਲੇ ਦਰਜ ਕੀਤੇ ਜਾ ਰਹੇ ਹਨ ਤਾਂ ਪੰਜਾਬ ਚ ਤੁਸੀਂ ਕੀ ਕੀਤਾ ਹੈ ਪੰਜਾਬ ਚ ਮਾਨ ਸਰਕਾਰ ਦੇ ਵੱਲੋਂ ਝੂਠੇ ਮਾਮਲੇ ਦਰਜ ਕੀਤੇ ਜਾ ਰਹੇ ਹਨ ਜੇਕਰ ਉੱਥੇ ਗਲਤ ਕੀਤਾ ਜਾ ਰਿਹਾ ਤਾਂ ਪੰਜਾਬ ਚ ਵੀ ਗਲਤ ਹੈ

ਉਹਨਾਂ ਨੇ ਕਿਹਾ ਕਿ ਜੇਕਰ ਮ੍ਰਿਤਕ ਦੇ ਪਰਿਵਾਰਿਕ ਮੈਂਬਰਾਂ ਨੂੰ ਇਨਸਾਫ ਨਾ ਮਿਲਿਆ ਤਾਂ ਉਹਨਾਂ ਵੱਲੋਂ ਪਰਿਵਾਰਕ ਮੈਂਬਰਾਂ ਦਾ ਸਾਥ ਦਿੰਦੇ ਹੋਏ ਅਗਲੀ ਰਣਨੀਤੀ ਬਣਾਈ ਜਾਵੇਗੀ ਸੁਖਪਾਲ ਖਹਿਰਾ ਦੇ ਸੰਗਰੂਰ ਲੋਕ ਸਭਾ ਚੋਣਾਂ ਤੋਂ ਕਾਂਗਰਸ ਦੇ ਉਮੀਦਵਾਰ ਖੜੇ ਹੋਣ ਨੂੰ ਲੈ ਕੇ ਉਹਨਾਂ ਨੇ ਕਿਹਾ ਕਿ ਜੋ ਵੀ ਪਾਰਟੀ ਫੈਸਲਾ ਕਰੇਗੀ ਉਹ ਉਸ ਤੇ ਖੜਨਗੇਇਸ ਮੌਕੇ ਕਾਂਗਰਸੀ ਆਗੂ ਜਸਵਿੰਦਰ ਧੀਮਾਨ, ਰਣਇੰਦਰ ਸਿੰਘ, ਗੁਰਸ਼ਰਨ ਕੌਰ ਰੰਧਾਵਾ , ਡਾਇਰੈਕਟਰ ਕੋਪਰੇਟਿਵ ਬੈਂਕ ਸੰਗਰੂਰ ਜਗਦੇਵ ਸਿੰਘ ਜੱਗਾ ,ਨਗਰ ਕੌਂਸਲਰ ਮਨਪ੍ਰੀਤ ਬੜੈਚ, ਜਗਦੇਵ ਸਿੰਘ ਸਤਪਾਲ ਸਹਿਗਲ ਫਤਿਹਗੜ੍ਹ, ਜਸਵੰਤ ਭੰਮ ਆਦਿ ਮਜੂਦ ਸੀ।

# 23 ਮਾਰਚ ਦੇ ਸ਼ਹੀਦਾਂ ਦਾ ਸ਼ਰਧਾਂਜਲੀ ਸਮਾਗਮ ਯਾਦਗਾਰੀ ਹੋ ਨਿੱਬੜਿਆ



**ਮਾਛੀਵਾੜਾ ਸਾਹਿਬ, 29 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਸਰਵ ਭਾਰਤ ਨੌਜਵਾਨ ਸਭਾ ਅਤੇ ਆਲ ਇੰਡੀਆ ਸਟੂਡੈਂਟ ਫੈਡਰੇਸ਼ਨ ਵੱਲੋਂ 23 ਮਾਰਚ ਦੇ ਸ਼ਹੀਦਾਂ ਦੀ ਯਾਦ ਨੂੰ ਸਮਰਪਿਤ ਸ਼ਰਧਾਂਜਲੀ ਸਮਾਗਮ ਕਰਵਾਇਆ ਗਿਆ। ਇਹ ਸ਼ਰਧਾਂਜਲੀ ਸਮਾਗਮ ਭਾਰਤੀ ਕਮਿਊਨਿਸਟ ਪਾਰਟੀ ਬਲਾਕ ਮਾਛੀਵਾੜਾ ਅਤੇ ਸਮਰਾਲਾ ਦੇ ਸਕੱਤਰ ਕਾਮਰੇਡ ਜਗਦੀਸ਼ ਰਾਏ ਬੌਬੀ, ਸਰਵ ਭਾਰਤ ਨੌਜਵਾਨ ਸਭਾ ਦੇ ਬਲਾਕ ਪ੍ਰਧਾਨ ਅਰਵਿੰਦ ਕੁਮਾਰ ਸੋਨੂੰ, ਏ.ਆਈ.ਐਸ.ਐਫ. ਦਾ ਜ਼ਿਲ੍ਹਾ ਸਕੱਤਰ ਦੀਪਕ ਕੁਮਾਰ ਦੀ ਪ੍ਰਧਾਨਗੀ ਹੇਠ ਕਰਵਾਇਆ ਗਿਆ। ਇਸ ਮੌਕੇ ਉਚੇਚੇ ਤੌਰ'ਤੇ ਭਾਰਤੀ ਕਮਿਊਨਿਸਟ ਪਾਰਟੀ ( ਸੀ.ਪੀ.ਆਈ ) ਦੇ ਸੂਬਾ ਸਕੱਤਰ ਕਾਮਰੇਡ ਬੰਤ ਸਿੰਘ ਬਰਾੜ, ਸੀ.ਪੀ.ਆਈ ਦੇ ਜਿਲ੍ਹਾ ਸਕੱਤਰ ਕਾਮਰੇਡ ਡੀ.ਪੀ ਮੌੜ, ਐੱਮ.ਐੱਲ.ਏ ਜਗਤਾਰ ਸਿੰਘ ਦਿਆਲਪੁਰਾ, ਪੀ.ਏ ਸੁਖਵਿੰਦਰ ਸਿੰਘ ਗਿੱਲ, ਕਾਮਰੇਡ ਕੇਵਲ ਸਿੰਘ ਬਨਵੈਤ, ਡਾ. ਗੁਲਜ਼ਾਰ ਪੰਧੇਰ ਜਨਰਲ ਸਕੱਤਰ ਪੰਜਾਬੀ ਸਾਹਿਤ ਅਕਾਦਮੀ, ਡਾ. ਬਲਵਿੰਦਰ ਔਲਖ, ਕਾਮਰੇਡ ਮਲਕੀਤ ਸਿੰਘ ਮਾਲੜਾ, ਮਾਰਕੀਟ ਕਮੇਟੀ ਸਮਰਾਲਾ ਦੇ ਚੇਅਰਮੈਨ ਮੇਜ਼ਰ ਸਿੰਘ ਬਾਲਿਓਂ, ਆਮ ਆਦਮੀ ਪਾਰਟੀ ਦੀ ਮਹਿਲਾ ਵਿੰਗ ਦੀ ਪ੍ਰਧਾਨ ਬੀਬੀ ਗੁਰਮੀਤ ਕੌਰ ਗਿੱਲ, ਪੰਜਾਬ ਇਸਤਰੀ ਸਭਾ ਦੇ ਚੇਅਰਪਰਸਨ ਮੈਡਮ ਸਰਬਜੀਤ ਕੌਰ ਗਿੱਲ, ਸੁਸ਼ਮਾ ਰਾਣੀ, ਮੈਡਮ ਕੁਲਵੰਤ ਕੌਰ ਨੀਲੋਂ, ਚਰਨਜੀਤ ਕੌਰ, ਐਡਵੋਕੇਟ ਪਰਮਜੀਤ ਸਿੰਘ ਖੰਨਾ, ਡਾ. ਹਰਪ੍ਰੀਤ ਸਿੰਘ ਏ.ਐਸ. ਇੰਸਟੀਚਿਊਟ ਗਰੁੱਪ ਖੰਨਾ , ਡਾ. ਬਲਬੀਰ ਸਿੰਘ ਗੁਰਲਾਭ ਨਰਸਿੰਗ ਹੋਮ, ਸੁੱਖਸਾਗਰ ਸਿੰਘ ਸਾਬਕਾ ਕਾਰਜ ਸਾਧਕ ਅਫਸਰ ਅਤੇ ਸਾਹਿਤ ਸਭਾ ਦੇ ਸਕੱਤਰ ਨਿਰੰਜਣ ਸੂਖਮ ਵੱਲੋਂ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਇਸ ਮੌਕੇ ਸੂਬਾ ਸਕੱਤਰ ਕਾਮਰੇਡ ਬੰਤ ਸਿੰਘ ਬਰਾੜ ਅਤੇ ਜਿਲ੍ਹਾ ਸਕੱਤਰ ਕਾਮਰੇਡ ਡੀ ਪੀ ਮੌੜ ਨੇ ਸ਼ਹੀਦ-ਏ-ਆਜ਼ਮ ਸ.ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਸੋਚ ਨੂੰ ਅਪਨਾਉਣ ਲਈ ਅਤੇ ਉਨ੍ਹਾਂ ਦੇ ਪਾਏ ਪੂਰਨਿਆਂ ਤੇ ਚੱਲਣ ਲਈ ਪ੍ਰੇਰਿਤ ਕੀਤਾ। ਐਡਵੋਕੇਟ ਪਰਮਜੀਤ ਸਿੰਘ ਅਤੇ ਡਾ. ਹਰਪ੍ਰੀਤ ਸਿੰਘ ਨੇ ਕਿਹਾ ਕਿ 23 ਮਾਰਚ ਦੇ ਮਹਾਨ ਯੋਧਿਆਂ ਨੇ ਦੇਸ਼ ਲਈ ਜੋ ਆਪਣੀਆਂ ਜਾਨਾਂ ਕੁਰਬਾਨ ਕਰ ਦਿੱਤੀਆਂ, ਹੁਣ ਸਾਡਾ ਫ਼ਰਜ਼ ਬਣਦਾ ਹੈ ਕਿ ਅਸੀ ਇਨ੍ਹਾਂ ਕੁਰਬਾਨੀਆਂ ਨੂੰ ਵਿਅਰਥ ਨਾ ਹੋਣ ਦੇਈਏ। ਸ਼ਹੀਦ-ਏ-ਆਜ਼ਮ ਸ.ਭਗਤ ਸਿੰਘ ਰਾਜਗੁਰੂ ਅਤੇ ਸੁਖਦੇਵ ਦਾ ਜੋ ਸੁਪਨਾ ਸੀ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਖ਼ਤਮ ਹੋਵੇ, ਉਨ੍ਹਾਂ ਕਿਹਾ ਕਿ ਆਓ ਆਪਾਂ ਰੱਲ ਕੇ ਅੱਗੇ ਆਈਏ ਅਤੇ ਇਨ੍ਹਾਂ ਯੋਧਿਆਂ ਦੇ ਸੁਪਨੇ ਸਾਕਾਰ ਕਰੀਏ। ਸ਼ਹੀਦ ਭਗਤ ਸਿੰਘ ਪਬਲਿਕ ਸਕੂਲ ਦੇ ਨਿੱਕੇ ਨਿੱਕੇ ਬੱਚਿਆਂ ਵੱਲੋਂ ਕੋਰੀਓਗ੍ਰਾਫ਼ੀਆਂ, ਇੰਨਕਲਾਬੀ ਗੀਤ ਅਤੇ ਕਵਿਤਾਵਾਂ ਪੇਸ਼ ਕੀਤੀਆਂ। ਇਪਟਾ ਟੀਮ ਮੋਗਾ ਵੱਲੋਂ ਭਗਤ ਸਿੰਘ ਜੀ ਦੀ ਜੀਵਨੀ ਤੇ ਅਧਾਰਤ ਨਾਟਕ'ਛਿਪਣ ਤੋਂ ਪਹਿਲਾਂ' ਅਤੇ ਟੀਮ ਵੱਲੋਂ ਭੰਡ ਤੇ ਕੁਝ ਗੀਤ ਪੇਸ਼ ਕੀਤੇ। ਜਾਦੂਗਰ ਮੁਖਵੀਰ ਸਿੰਘ ਵੱਲੋਂ ਲੋਕਾਂ ਨੂੰ ਵਹਿਮਾਂ ਭਰਮਾਂ ਤੋਂ ਦੂਰ ਕਰਨ ਲਈ ਜਾਦੂ ਦੇ ਟਰਿੱਕ ਪੇਸ਼ ਕੀਤੇ । ਜਿਸ ਵਿਚ ਸਟੇਜ ਸੈਕਟਰੀ ਦੀ ਭੂਮਿਕਾ ਅੰਮ੍ਰਿਤਪਾਲ ਅਤੇ ਰੰਗਕਰਮੀ ਸਦਬਲਿਹਾਰ ਸਿੰਘ ਕੰਗ ਨੇ ਬਾਖੂਬੀ ਨਾਲ ਨਿਭਾਈ। ਇਸ ਮੌਕੇ ਪ੍ਰਿੰਸੀਪਲ ਦਰਸ਼ਨ ਲਾਲ ਜੈਨ, ਸੀਨੀਅਰ ਪੱਤਰਕਾਰ ਗੁਰਦੀਪ ਸਿੰਘ ਟੱਕਰ, ਸਨੀ, ਗੁਰਦੀਪ ਚੌਹਾਨ, ਨਵਰੂਪ ਧਾਲੀਵਾਲ ਸਮਰਾਲਾ, ਹਰਪ੍ਰੀਤ ਸਿੰਘ ਕੈਲੇ, ਸ਼ੈਂਕੀ ਸ਼ਰਮਾ ਇਨ੍ਹਾਂ ਤੋਂ ਇਲਾਵਾ ਆੜ੍ਹਤੀ ਐਸੋਸੀਏਸ਼ਨ ਦੇ ਪ੍ਰਧਾਨ ਮੋਹਿਤ ਕੁੰਦਰਾ, ਜਸਵੀਰ ਸਿੰਘ ਗਿੱਲ, ਬਲਵਿੰਦਰ ਸਿੰਘ ਮਾਨ, ਜਸਬੀਰ ਸਿੰਘ ਮਾਜਰਾ, ਨਰਿੰਦਰਪਾਲ ਨਿੰਦੀ, ਜਗਮੀਤ ਮੱਕੜ, ਪ੍ਰਵੀਨ ਮੱਕੜ, ਬਲਾਕ ਪ੍ਰਧਾਨ ਰਾਜੀਵ ਕੁਮਾਰ, ਸਨੀ ਖੇੜਾ, ਮਨਦੀਪ ਸਿੰਘ, ਮਨਦੀਪ ਸਿੰਘ ਮੈਂਡੀ, ਨਰਿੰਦਰ ਸਿੰਘ, ਕਾਮਰੇਡ ਬੰਤ ਸਿੰਘ ਸਮਰਾਲਾ, ਨਿਰਮਲ ਸਿੰਘ ਸ਼ੇਰਪੁਰ, ਰਵਿੰਦਰਪਾਲ ਸਿੰਘ ਹੰਬੋਵਾਲ, ਜਗਤਾਰ ਸਿੰਘ ਗੜ੍ਹੀ, ਕਰਨ ਗੌੜ, ਅਰਸ਼ਪ੍ਰੀਤ ਸਿੰਘ ਅਤੇ ਹੋਰ ਆਦਿ ਸ਼ਾਮਿਲ ਸਨ।

# ਪੁਲਿਸ ਨੂੰ ਵੱਡੀ ਕਾਮਯਾਬੀ ਸਾਬਕਾ ਸੈਨਿਕ ਦੇ ਕਤਲ ਮਾਮਲੇ ਚ ਦੋ ਦੋਸ਼ੀ ਗ੍ਰਿਫਤਾਰ



**ਅੰਮ੍ਰਿਤਸਰ, 29 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਅੰਮ੍ਰਿਤਸਰ ਦਿਹਾਤੀ ਪੁਲੀਸ ਦੇ ਖੇਤਰ ਵਿੱਚ ਆਉਂਦੇ ਪਿੰਡ ਰਾਮਦੀਵਾਲੀ ਹਿੰਦੂਆਂ ਵਿੱਚ ਬੀਤੀ 9 ਮਾਰਚ ਨੂੰ ਅਣਪਛਾਤੇ ਹਥਿਆਰਬੰਦ ਹਮਲਾਵਰਾਂ ਵੱਲੋਂ ਗੋਲੀ ਮਾਰ ਕੇ ਮਾਰੇ ਗਏ ਸਾਬਕਾ ਸੈਨਿਕ ਕੰਵਲਜੀਤ ਸਿੰਘ ਦੀ ਮੌਤ ਤੋਂ ਕੁਝ ਦਿਨ ਬਾਅਦ ਪੁਲੀਸ ਨੇ ਇਸ ਮਾਮਲੇ ਵਿੱਚ ਹੁਣ ਤਕ 2 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ।

ਇਸ ਮਾਮਲੇ ਵਿੱਚ ਗ੍ਰਿਫ਼ਤਾਰ ਮੁਲਜ਼ਮਾਂ ਦੀ ਪਛਾਣ ਮੇਹਰਪ੍ਰੀਤ ਸਿੰਘ ਉਰਫ਼ ਟਿੰਡਾ ਉਰਫ਼ ਰਜਤ ਅਤੇ ਗੁਰਲਾਲ ਸਿੰਘ ਵਜੋਂ ਹੋਈ ਹੈ। ਪੁਲੀਸ ਨੇ ਉਨ੍ਹਾਂ ਦੇ ਕਬਜ਼ੇ'ਚੋਂ ਵਾਰਦਾਤ ਵਿੱਚ ਵਰਤੀ ਗਈ ਮੋਟਰਸਾਈਕਲ ਬਰਾਮਦ ਕੀਤਾ ਹੈ।

ਕੰਵਲਜੀਤ ਨੇ 15 ਮਾਰਚ ਨੂੰ ਇੱਥੋਂ ਦੇ ਇੱਕ ਨਿੱਜੀ ਹਸਪਤਾਲ ਵਿੱਚ ਦਮ ਤੋੜ ਦਿੱਤਾ ਸੀ, ਜਿਸ ਤੋਂ ਬਾਅਦ ਪੁਲੀਸ ਨੇ ਕੇਸ ਵਿੱਚ ਕਤਲ ਦੀ ਧਾਰਾ ਨੂੰ ਸ਼ਾਮਲ ਕੀਤਾ ਸੀ।

ਮੁੱਢਲੀ ਪੜਤਾਲ ਅਨੁਸਾਰ ਇਹ ਦੋਵੇਂ ਇੱਕੋ ਪਿੰਡ ਦੇ ਹੀ ਰਹਿਣ ਵਾਲੇ ਹਨ ਅਤੇ ਮਨਜਿੰਦਰ ਸਿੰਘ ਦੇ ਸਾਥੀ ਸਨ, ਜਿਨ੍ਹਾਂ ਨੇ ਕਤਲ ਦੀ ਸਾਜ਼ਿਸ਼ ਰਚੀ ਸੀ। ਅੰਮ੍ਰਿਤਸਰ ਦਿਹਾਤੀ ਪੁਲੀਸ ਦੇ ਐੱਸਐੱਸਪੀ ਸਤਿੰਦਰ ਸਿੰਘ ਨੇ ਦੱਸਿਆ ਕਿ ਮਨਜਿੰਦਰ ਕਤਲ ਦੀ ਕੋਸ਼ਿਸ਼ ਦੇ ਕੇਸ ਵਿੱਚ ਲੋੜੀਂਦਾ ਸੀ ਅਤੇ ਪਿਛਲੇ ਕਈ ਮਹੀਨਿਆਂ ਤੋਂ ਫਰਾਰ ਸੀ। ਉਨ੍ਹਾਂ ਦੱਸਿਆ ਕਿ ਮਨਜਿੰਦਰ ਸਿੰਘ ਉਰਫ਼ ਡਾਕਟਰ ਨੂੰ ਪੁਲੀਸ ਨੇ ਕੱਲ੍ਹ ਗ੍ਰਿਫ਼ਤਾਰ ਕੀਤਾ ਸੀ।

ਥਾਣਾ ਕੱਥੂਨੰਗਲ ਦੇ ਐੱਸ.ਐੱਚ.ਓ ਸੁਰਿੰਦਰਪਾਲ ਸਿੰਘ ਨੇ ਦੱਸਿਆ ਕਿ ਮਾਮਲੇ ਦੀ ਅਗਲੇਰੀ ਜਾਂਚ ਲਈ ਮਨਜਿੰਦਰ ਨੂੰ ਪ੍ਰੋਡਕਸ਼ਨ ਵਾਰੰਟ'ਤੇ ਲਿਆਂਦਾ ਜਾਵੇਗਾ।

ਮੇਹਰਪ੍ਰੀਤ ਅਤੇ ਗੁਰਲਾਲ ਨੂੰ ਅਦਾਲਤ ਵਿੱਚ ਪੇਸ਼ ਕੀਤਾ ਗਿਆ ਜਿੱਥੋਂ ਪੁੱਛਗਿੱਛ ਲਈ ਦੋ ਦਿਨ ਦਾ ਪੁਲੀਸ ਰਿਮਾਂਡ ਲਿੱਤਾ ਗਿਆ ਹੈ।

# ਇਮਾਨਦਾਰ ਮੁੱਖ ਮੰਤਰੀ ਕੇਜਰੀਵਾਲ ਨੂੰ ਗ੍ਰਿਫਤਾਰ ਕਰਨਾ ਅਤੀਨਿੰਦਣਯੋਗ - ਜੱਸੀ ਸੋਹੀਆਂ ਵਾਲਾ

**ਨਾਭਾ, 29 ਮਾਰਚ**
**-ਪੱਤਰ ਪ੍ਰੇਰਕ-**
**-ਕੌਮੀ ਪੱਤ੍ਰਿਕਾ ਬਿਊਰੋ-**

ਪਿੰਡ ਨਰਮਾਣਾ ਵਿਖੇ ਭਾਈ ਮੋਤੀ ਰਾਮ ਮਹਿਰਾ ਜੀ ਦੀ ਯਾਦ ਵਿੱਚ ਕਰਵਾਏ ਗਏ। ਧਾਰਮਿਕ ਸਮਾਗਮ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆ ਜ਼ਿਲ੍ਹਾ ਯੋਜਨਾ ਬੋਰਡ ਪਟਿਆਲਾ ਦੇ ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਬੀਤੇ ਦਿਨੀਂ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਹੋਈ ਗ੍ਰਿਫਤਾਰੀ ਦੀ ਸਖਤ ਸ਼ਬਦਾਂ ਵਿੱਚ ਨਿੰਦਿਆ ਕਰਦਿਆ ਮੋਦੀ ਸਰਕਾਰ ਤੇ ਦੋਸ਼ ਲਾਇਆ ਕਿ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਨੂੰ ਮੋਦੀ ਸਰਕਾਰ ਨੇ ਝੂਠੇ ਕੇਸ ਵਿੱਚ ਗ੍ਰਿਫਤਾਰ ਕਰ ਕੇ ਤਾਨਾਸ਼ਾਹ ਹੋਣ ਦਾ ਸਬੂਤ ਦਿੱਤਾ ਹੈ ਅਤੇ ਆਮ ਆਦਮੀ ਦੀ ਆਵਾਜ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਹੈ

ਜੋ ਸਰਾਸਰ ਗਲਤ ਹੈ। ਉਨਾਂ ਕਿਹਾ ਕਿ ਮੋਦੀ ਸਰਕਾਰ ਅਜਿਹਾ ਕਰਕੇ ਲੋਕਤੰਤਰ ਦਾ ਘਾਣ ਕਰਨ ਵਿੱਚ ਲੱਗੀ ਹੋਈ ਹੈ ਕਿਉਕਿ ਆਮ ਆਦਮੀ ਪਾਰਟੀ ਦੇ ਰਾਸਟਰੀ ਸੁਪਰੀਮੋ ਅਰਵਿੰਦ ਕੇਜਰੀਵਾਲ ਲੋਕਾਂ ਦੇ ਹੱਕਾਂ ਖਾਤਰ ਲਗਾਤਾਰ ਭਾਜਪਾ ਦੇ ਖਿਲਾਫ ਪੂਰੇ ਦੇਸ਼ ਅੰਦਰ ਆਵਾਜ ਬੁਲੰਦ ਕਰਕੇ ਮੋਦੀ ਸਰਕਾਰ ਦੇ ਵਿਰੁੱਧ ਲੋਕਾਂ ਨੂੰ ਜਾਗਰੂਕ ਕਰ ਰਹੇ ਸਨ।

ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਮੋਦੀ ਸਰਕਾਰ ਦੇ ਤਾਨਾਸ਼ਾਹ ਰਵਈਏ ਖਿਲਾਫ ਹੋਰ ਡੱਟਕੇ ਆਪਣੀ ਆਵਾਜ਼ ਬੁਲੰਦ ਕਰੇਗੀ ਅਤੇ ਅਰਵਿੰਦ ਕੇਜਰੀਵਾਲ ਦੀ ਹੋਈ

ਗ੍ਰਿਫਤਾਰੀ ਭਾਜਪਾ ਦੇ ਤਾਨਾਸ਼ਾਹ ਰਾਜ ਦਾ ਅੰਤ ਕਰੇਗੀ। ਉਨਾਂ ਨੇ ਕਿਹਾ ਕਿ ਅੱਜ ਦੇਸ਼ ਦੇ ਲੋਕਾਂ ਵਿੱਚ ਇਮਾਨਦਾਰ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਹੋਈ ਇਸ ਗ੍ਰਿਫਤਾਰੀ ਨੂੰ ਲੈ ਕੇ ਭਾਰੀ ਗੁੱਸਾ ਪਾਇਆ ਜਾ ਿ ਰਹਾ ਹੈ ਜੋ ਲੋਕ ਸਭਾ ਚੋਣਾਂ ਵਿੱਚ ਭਾਜਪਾ ਨੂੰ ਕਰਾਰੀ ਹਾਰ ਦੇਣ ਲਈ ਉਤਾਵਲੇ ਹਨ।

# ਬੀਐਸਐਫ ਅਤੇ ਪੰਜਾਬ ਪੁਲਿਸ ਦੇ ਸਾਂਝੇ ਸਰਚ ਅਭਿਆਨ ਤਹਿਤ ਦੋ ਪਾਕਿਸਤਾਨੀ ਡਰੋਨ ਬਰਾਮਦ



**ਅੰਮ੍ਰਿਤਸਰ, 29 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਪੁਲਿਸ ਅਤੇ ਸੀਮਾ ਸੁਰੱਖਿਆ ਬਲ (ਬੀਐਸਐਫ) ਨੇ ਸ਼ਨੀਵਾਰ ਨੂੰ ਅੰਮ੍ਰਿਤਸਰ ਦੇ ਸਰਹੱਦੀ ਖੇਤਰ ਦੇ ਦੋ ਪਿੰਡਾਂ ਤੋਂ ਦੋ ਪਾਕਿਸਤਾਨੀ ਡਰੋਨ ਬਰਾਮਦ ਕੀਤੇ ਹਨ।ਅਟਾਰੀ ਦੇ ਡੀਐਸਪੀ ਸੁਖਜਿੰਦਰ ਸਿੰਘ ਥਾਪਰ ਨੇ ਦੱਸਿਆ ਕਿ ਗੁਪਤ ਸੂਚਨਾ ਦੇ ਆਧਾਰ 'ਤੇ ਅੱਜ ਥਾਣਾ ਘਰਿੰਡਾ ਅਤੇ ਬੀਐਸਐਫ ਵੱਲੋਂ ਤਲਾਸ਼ੀ ਦੌਰਾਨ ਪਿੰਡ ਨੇਸਟਾ ਅਤੇ ਅਟੱਲਗੜ੍ਹ ਦੇ ਖੇਤਾਂ ਵਿੱਚੋਂ ਇੱਕ-ਇੱਕ ਡਰੋਨ ਬਰਾਮਦ ਕੀਤਾ ਗਿਆ।

ਸਵੇਰੇ ਪੌਣੇ ਤਿੰਨ ਵਜੇ ਨੇਸਟਾ ਪਿੰਡ ਨੇੜੇ ਇਕ ਛੋਟਾ ਡਰੋਨ ਬਰਾਮਦ ਕੀਤਾ ਗਿਆ। ਦੁਪਹਿਰ 3:30 ਵਜੇ ਪਿੰਡ ਅਟਲਗੜ੍ਹ ਤੋਂ ਇੱਕ ਹੋਰ ਵੱਡਾ ਡਰੋਨ ਮਿਲਿਆ।ਪੁਲਿਸ ਅਧਿਕਾਰੀ ਨੇ ਦੱਸਿਆ ਕਿ ਪਿੰਡਾਂ ਵਿੱਚ ਬਚਾਅ ਕਮੇਟੀਆਂ ਬਣਾਈਆਂ ਗਈਆਂ ਹਨ। ਉਨ੍ਹਾਂ ਨੇ ਪੁਲਿਸ ਨਾਲ ਬਹੁਤ ਵਧੀਆ ਤਾਲਮੇਲ ਕਿੱਤਾ ਹੈ।

# ਸਾਬਕਾ ਕੌਂਸਲਰ ਸੁਰਿੰਦਰ ਕੁਮਾਰ ਛਿੰਦੀ ਨੇ ਸ਼ਹੀਦ ਭਗਤ ਸਿੰਘ, ਰਾਜਗੁਰੂ ਸੁਖਦੇਵ ਦੀ ਲਾਸਾਨੀ ਸ਼ਹਾਦਤ ਨੂੰ ਸ਼ਰਧਾਂਜਲੀ ਭੇਟ ਕੀਤੀ

**ਮਾਛੀਵਾੜਾ ਸਾਹਿਬ, 29 ਮਾਰਚ**
**-ਪ੍ਰੈਸ ਕੀ ਤਾਕਤ ਬਿਊਰੋ**

ਸਥਾਨਕ ਸ਼ਹਿਰ ਵਿਖੇ ਸਾਬਕਾ ਕੌਂਸਲਰ ਸੁਰਿੰਦਰ ਕੁਮਾਰ ਛਿੰਦੀ ਦੀ ਅਗਵਾਈ ਵਿੱਚ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਉਹਨਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ।

ਨੌਜਵਾਨ ਪੀੜ੍ਹੀ ਨੂੰ ਸ਼ਹੀਦਾਂ ਦੀ ਕੁਰਬਾਨੀ ਨੂੰ ਅਤੇ ਉਨ੍ਹਾਂ ਦੇ ਸੁਪਨਿਆਂ ਨੂੰ ਸਾਕਾਰ ਕਰਦੇ ਹੋਏ। ਨੌਜਵਾਨ ਪੀੜ੍ਹੀ ਨਸ਼ਿਆਂ ਤੋਂ ਦੂਰ ਰਹਿਣ ਚਾਹੀਦਾ ਹੈ। ਸ਼ਹੀਦ ਭਗਤ ਸਿੰਘ,ਰਾਜਗੁਰੂ ਅਤੇ ਸੁਖਦੇਵ ਵਲੋਂ ਗੁਲਾਮੀ ਨੂੰ ਦੂਰ ਕਰਨ ਲਈ ਆਪਣੀ ਸ਼ਹਾਦਤ ਦਿੱਤੀ ਗਈ। ਉਨ੍ਹਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ। ਸ਼ਹੀਦਾਂ ਕੀ ਚਿਤਾਓਂ ਪੈ ਲਗੇਰੇ ਹਰ ਬਰਸ ਮੇਲੇ,ਵਤਨ ਪੇ ਮਿਟਨੇ ਵਾਲੋਂ ਕਾ ਯਹੀ ਬਾਕੀ ਨਿਸ਼ਾਂ ਹੋਗਾ,। ਸਾਨੂੰ ਸਾਰਿਆਂ ਉਹਨਾਂ ਵਲੋਂ ਦਰਸਾਏ ਮਾਰਗ ਤੇ ਚੱਲਣ ਦਾ ਪ੍ਰਣ ਕਰਨਾ ਚਾਹੀਦਾ ਹੈ।

ਇਸ ਸਮੇਂ ਅੱਛਰ ਰਾਮ, ਪਰਮਜੀਤ ਸਿੰਘ,ਛਿੰਦਾ ਸਿੰਘ, ਪਰਮਜੀਤ ਸਿੰਘ ਸੁੱਖੀ, ਸਵਰਨ ਸਿੰਘ ਸੰਨੀ, ਅਸ਼ੋਕ ਕੁਮਾਰ, ਅਨੁਰਾਗ ਗਰਗ, ਮਨਪ੍ਰੀਤ ਸਿੰਘ, ਰਾਹੁਲ ਕੁਮਾਰ,ਕਰਨ ਮਾਨ, ਅਨਮੋਲ, ਮਾਨ,ਦੇਸੋਂ,ਸਾਹਿਲ, ਰਾਣਾ, ਕੁਲਵੀਰ ਸਿੰਘ, ਆਦਿ ਹਾਜ਼ਰ ਸਨ।

# ਕ੍ਰਿਸ਼ੀ ਵਿਗਿਆਨ ਕੇਂਦਰ ਰੌਣੀ ਵਿਖੇ ਸਾਉਣੀ ਦੀਆਂ ਫ਼ਸਲਾਂ ਦਾ ਕਿਸਾਨ ਮੇਲਾ ਲਗਾਇਆ

**ਪਟਿਆਲਾ, 29 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੀ.ਏ.ਯੂ ਦੇ ਕ੍ਰਿਸ਼ੀ ਵਿਗਿਆਨ ਕੇਂਦਰ ਰੌਣੀ (ਪਟਿਆਲਾ) ਵਿਖੇ ਸਾਉਣੀ ਦੀਆਂ ਫ਼ਸਲਾਂ ਦਾ ਕਿਸਾਨ ਮੇਲਾ ਲਗਾਇਆ ਗਿਆ, ਜਿਸ ਵਿੱਚ ਵੱਡੀ ਗਿਣਤੀ ਕਿਸਾਨਾਂ ਨੇ ਸ਼ਿਰਕਤ ਕੀਤੀ। 'ਖੇਤੀ ਨਾਲ ਸਹਾਇਕ ਧੰਦਾ, ਪਰਿਵਾਰ ਸੁਖੀ ਮੁਨਾਫ਼ਾ ਚੰਗਾ' ਦੇ ਉਦੇਸ਼ ਨਾਲ ਲਗਾਏ ਗਏ ਕਿਸਾਨ ਮੇਲੇ ਵਿੱਚ ਪੀ.ਏ.ਯੂ ਦੇ ਵਾਈਸ ਚਾਂਸਲਰ ਡਾ. ਸਤਿਬੀਰ ਸਿੰਘ ਗੋਸਲ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਅਤੇ ਡਾ. ਹਰਜਿੰਦਰ ਸਿੰਘ ਬੇਦੀ, ਆਈ.ਏ.ਐਸ., ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਪਟਿਆਲਾ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਮੌਕੇ ਅਮਰੀਕਾ ਤੋਂ ਅਗਾਂਹਵਧੂ ਕਿਸਾਨ ਮਿਜ਼ ਹੋਪ ਪਜਿਸਕੀ ਵੀ ਸ਼ਾਮਲ ਹੋਏ।

ਇਸ ਮੌਕੇ ਬੀਜ ਵਿੱਕਰੀ ਕੇਂਦਰ, ਖੇਤ ਨੁਮਾਇਸ਼ਾਂ ਅਤੇ ਪ੍ਰਦਰਸ਼ਨੀਆਂ ਤੇ ਕਿਸਾਨਾਂ ਦੇ ਠਾਠਾਂ ਮਾਰਦੇ ਸਮੁੰਦਰ ਨੂੰ ਦੇਖ ਕੇ ਖੁਸ਼ੀ ਪ੍ਰਗਟ ਕਰਦਿਆਂ ਡਾ. ਗੋਸਲ ਨੇ ਕਿਹਾ ਕਿ ਕਿਸਾਨੀ ਨੂੰ ਉੱਚਾ ਚੁੱਕਣ ਲਈ ਪੀ.ਏ.ਯੂ. ਹਮੇਸ਼ਾ ਹੀ ਤਤਪਰ ਰਹਿੰਦੀ ਹੈ ਅਤੇ ਯੂਨੀਵਰਸਿਟੀ ਵੱਲੋਂ ਕੀਤੀਆਂ ਜਾਂਦੀਆਂ ਖੋਜਾਂ ਪ੍ਰਤੀ ਕਿਸਾਨਾਂ ਦਾ ਅਥਾਹ ਵਿਸ਼ਵਾਸ ਸਾਡੇ ਵਿਗਿਆਨੀਆਂ ਅਤੇ ਪਸਾਰ ਮਾਹਿਰਾਂ ਦੀ ਹੌਸਲਾ ਅਫ਼ਜ਼ਾਈ ਕਰਦਾ ਹੈ। ਕਿਸਾਨ ਮੇਲਿਆਂ ਨੂੰ ਇੱਕ ਦੂਜੇ ਕੋਲੋਂ ਸਿੱਖਣ ਸਿਖਾਉਣ ਦਾ ਵਧੀਆ ਮੌਕਾ ਦੱਸਦਿਆਂ ਉਹਨਾਂ ਨੇ ਰਵਾਇਤੀ ਖੇਤੀ ਦੇ ਨਾਲ-ਨਾਲ ਕਿਸਾਨ ਮੇਲੇ ਦੇ ਉਦੇਸ਼ ਮੁਤਾਬਿਕ ਨਿਰੰਤਰ ਆਮਦਨ ਲਈ ਵੱਧ ਤੋਂ ਵੱਧ ਸਹਾਇਕ ਧੰਦਿਆਂ ਨੂੰ ਅਪਨਾਉਣ ਲਈ ਕਿਹਾ। ਪਿਛਲੇ ਸਾਲ ਹੜ੍ਹਾਂ ਦੇ ਬਾਵਜੂਦ ਝੋਨੇ ਦਾ ਝਾੜ 4 ਲੱਖ ਟਨ ਵੱਧ ਰਿਹਾ ਹੋਣ ਦਾ ਸਿਹਰਾ ਉਹਨਾਂ ਨੇ ਖੇਤੀ ਮਾਹਿਰਾਂ ਵੱਲੋਂ ਵਿਕਸਤ ਕੀਤੀਆਂ ਕਿਸਮਾਂ ਸਿਰ ਬੰਨ੍ਹਦਿਆਂ ਇਸ ਵਾਰ ਝੋਨੇ ਦੀਆਂ ਪੀ ਆਰ-126 ਅਤੇ ਪੀ ਆਰ-131 ਕਿਸਮਾਂ ਦੀ ਕਾਸ਼ਤ ਦੀ ਸਿਫ਼ਾਰਸ਼ ਕੀਤੀ। ਘਰੇਲੂ ਲੋੜਾਂ ਵਾਸਤੇ ਸਬਜ਼ੀਆਂ ਅਤੇ ਫਲਾਂ ਲਈ ਪੌਸ਼ਟਿਕ ਬਗੀਚੀ ਲਗਾਉਣ ਦਾ ਸੁਝਾਅ ਦਿੰਦਿਆਂ ਡਾ. ਗੋਸਲ ਨੇ ਯੂਨੀਵਰਸਿਟੀ ਵੱਲੋਂ ਤਿਆਰ ਕੀਤੀਆਂ ਗਈਆਂ ਸਬਜ਼ੀਆਂ, ਚਾਰੇ, ਤੇਲ ਬੀਜ ਅਤੇ ਦਾਲਾਂ ਦੇ ਬੀਜਾਂ ਦੀਆਂ ਕਿੱਟਾਂ ਖ਼ਰੀਦਣ ਦੀ ਸਿਫ਼ਾਰਸ਼ ਕੀਤੀ। ਸਰਫੇਸ ਸੀਡਰ ਨਾਲ ਕਣਕ ਦੀ ਬਿਜਾਈ ਕਰਨ ਦੀ ਸਿਫ਼ਾਰਸ਼ ਕਰਦਿਆਂ ਉਹਨਾਂ ਕਿਹਾ ਕਿ ਇਸ ਨਾਲ ਕਣਕ ਨੂੰ ਗੁੱਲੀ ਡੰਡੇ ਵਰਗੇ ਨਦੀਨਾਂ ਤੋਂ ਨਿਜਾਤ ਮਿਲੇਗੀ ਅਤੇ ਜਲ ਸੋਮਿਆਂ ਦੀ ਵੀ ਬੱਚਤ ਹੋ ਸਕੇਗੀ। ਸੰਘਰਸ਼ ਕਰਕੇ ਬਾਹਰਲੇ ਮੁਲਕਾਂ ਵਿੱਚ ਆਪਣੀ ਧਾਕ ਜਮਾਉਣ ਵਾਲੇ ਪੰਜਾਬੀ ਕਿਸਾਨਾਂ ਦਾ ਹਵਾਲਾ ਦਿੰਦਿਆਂ ਡਾ. ਗੋਸਲ ਨੇ ਕਿਹਾ ਕਿ ਕਿਰਤ ਅਤੇ ਕਿਰਸ ਦੇ ਨਾਲ-ਨਾਲ ਪੀ.ਏ.ਯੂ ਦੇ ਸਕਿੱਲ ਡਿਵੈਲਪਮੈਂਟ ਸੈਂਟਰ ਅਤੇ ਇਨਕੁਬੇਸ਼ਨ ਸੈਂਟਰ ਨਾਲ ਜੁੜ ਕੇ ਜਿਣਸਾਂ ਦਾ ਮੁੱਲ ਵਾਧਾ ਕਰਕੇ ਖੇਤੀ ਨੂੰ ਖੇਤੀ ਕਾਰੋਬਾਰ ਵਿੱਚ ਬਦਲ ਕੇ ਹੀ ਅਸੀਂ ਆਉਣ ਵਾਲੀਆਂ ਪੀੜੀਆਂ ਨੂੰ ਖੇਤੀ ਧੰਦੇ ਨਾਲ ਜੋੜ ਸਕਾਂਗੇ। ਪੀ.ਏ.ਯੂ ਦੀਆਂ ਖੇਤੀ ਸਿਫ਼ਾਰਸ਼ਾਂ ਬਾਰੇ ਨਿਰੰਤਰ ਜਾਣਕਾਰੀ ਹਾਸਲ ਕਰਨ ਲਈ ਉਨ੍ਹਾਂ ਨੇ ਕਿਸਾਨਾਂ ਨੂੰ ਕਿਊ ਆਰ ਕੋਡ ਸਕੈਨ ਕਰਕੇ ਯੂਨੀਵਰਸਿਟੀ ਦੇ ਸੋਸ਼ਲ ਮੀਡੀਆ ਨਾਲ ਜੁੜਨ ਦੀ ਅਪੀਲ ਕੀਤੀ।

ਇਸ ਮੌਕੇ ਖੇਤੀ ਨੂੰ ਪੰਜਾਬ ਦੀ ਆਨ-ਸ਼ਾਨ ਅਤੇ ਪਹਿਚਾਣ ਦੱਸਦਿਆਂ ਡਾ. ਹਰਜਿੰਦਰ ਸਿੰਘ ਬੇਦੀ ਨੇ ਪੰਜਾਬ ਭਰ ਵਿੱਚ ਕਿਸਾਨ ਮੇਲਿਆਂ ਰਾਹੀਂ ਨਵੇਂ ਦਿਸ਼ਾ ਨਿਰਦੇਸ਼ ਦੇਣ ਲਈ ਪੀ.ਏ.ਯੂ. ਮਾਹਿਰਾਂ ਦੀ ਤਾਰੀਫ਼ ਕਰਦਿਆਂ ਖੇਤੀ ਨੂੰ ਸਦਾਬਹਾਰ ਕਿੱਤੇ ਵਜੋਂ ਪ੍ਰਫੁੱਲਤ ਕਰਨ ਲਈ ਪੜ੍ਹੀ ਲਿਖੀ ਨੌਜਵਾਨ ਪੀੜ੍ਹੀ ਨੂੰ ਵੀ ਆਪਣੇ ਪਿਤਾ ਪੁਰਖੀ ਧੰਦੇ ਨਾਲ ਜੁੜਨ ਦੀ ਅਪੀਲ ਕੀਤੀ। ਸਬਜ਼ੀਆਂ ਅਤੇ ਫ਼ਲਾਂ ਰਾਹੀਂ ਪੋਸ਼ਟਿਕਤਾ ਵਧਾਉਣ ਦੀ ਸਿਫ਼ਾਰਸ਼ ਕਰਦਿਆਂ ਉਹਨਾਂ ਨੇ ਜੈਵਿਕ ਖੇਤੀ ਵੱਲ ਮੁੜਨ ਤੇ ਜ਼ੋਰ ਦਿੰਦਿਆਂ ਯੂਨੀਵਰਸਿਟੀ ਵੱਲੋਂ ਵਿਕਸਤ ਕੀਤੀਆਂ ਜਾਂਦੀਆਂ ਖੇਤੀ ਤਕਨੀਕਾਂ ਨੂੰ ਵੱਧ ਤੋਂ ਵੱਧ ਅਪਣਾਉਣ ਲਈ ਕਿਹਾ।

ਇਸ ਮੌਕੇ ਡਾ. ਗੁਰਜੀਤ ਸਿੰਘ ਮਾਂਗਟ, ਅਪਰ ਨਿਰਦੇਸ਼ਕ ਖੋਜ, ਪੀ.ਏ.ਯੂ. ਨੇ ਜਲਵਾਯੂ ਪਰਿਵਰਤਨ ਨਾਲ ਖੇਤੀਬਾੜੀ ਨੂੰ ਦਰਪੇਸ਼ ਸਮੱਸਿਆਵਾਂ ਨਾਲ ਨਜਿੱਠਣ ਲਈ ਯੂਨੀਵਰਸਿਟੀ ਵੱਲੋਂ ਮੌਜੂਦਾ ਸਮੇਂ ਵਿਕਸਤ ਕੀਤੀਆਂ ਫ਼ਸਲਾਂ ਦੀਆਂ 7 ਨਵੀਆਂ ਕਿਸਮਾਂ, 10 ਫ਼ਸਲ ਉਤਪਾਦਨ ਤਕਨੀਕਾਂ, 9 ਪੌਦ ਸੁਰੱਖਿਆ ਅਤੇ 4 ਪ੍ਰੋਸੈਸਿੰਗ ਤਕਨੀਕਾਂ ਦੀ ਜਾਣਕਾਰੀ ਦਿੰਦਿਆਂ ਦੱਸਿਆਂ ਕਿ ਖੇਤੀ ਮਾਹਿਰਾਂ ਵੱਲੋਂ ਹੁਣ ਤੱਕ ਫ਼ਸਲਾਂ ਦੀਆਂ 950 ਤੋਂ ਵੱਧ ਕਿਸਮਾਂ ਵਿਕਸਤ ਅਤੇ ਹਜ਼ਾਰਾਂ ਤਕਨੀਕਾਂ ਸਿਫ਼ਾਰਸ਼ ਕੀਤੀਆਂ ਜਾ ਚੁੱਕੀਆਂ ਹਨ। ਡਾ. ਮਾਂਗਟ ਨੇ ਖੇਤੀ ਮਾਹਿਰਾਂ ਵੱਲੋਂ ਝੋਨੇ ਦੀਆਂ ਘੱਟ ਸਮਾਂ ਲੈਣ ਅਤੇ ਵੱਧ ਝਾੜ ਦੇਣ ਵਾਲੀਆਂ ਵਿਕਸਿਤ ਕੀਤੀਆਂ ਕਿਸਮਾਂ ਬਾਰੇ ਜਾਣਕਾਰੀ ਦਿੰਦਿਆਂ ਬਾਸਮਤੀ ਦੀ ਨਵੀਂ ਕਿਸਮ ਪੂਸਾ ਬਾਸਮਤੀ-1847 ਦੇ ਇਲਾਵਾ ਚਾਰਾ ਮੱਕੀ ਜੇ-1008, ਬਾਜਰੇ ਦੀ ਦਾਣਿਆਂ ਵਾਲੀ ਕਿਸਮ ਪੀ.ਸੀ.ਬੀ-167 ਅਤੇ ਮੋਟੇ ਅਨਾਜਾਂ ਦੀ ਕਿਸਮ ਪੰਜਾਬ ਚੀਨਾ-1, ਬੈਂਗਣਾਂ ਦੀ ਹਾਈਬ੍ਰਿਡ, ਤਰਬੂਜ਼ ਦੀ ਨਵੀਂ ਕਿਸਮ ਪੰਜਾਬ ਮਿਠਾਸ-1, ਖ਼ਰਬੂਜ਼ੇ ਵਿੱਚ ਬੌਬੀ ਵੰਨਗੀ ਦੀ ਪੰਜਾਬ ਅੰਮ੍ਰਿਤ ਤੋਂ ਇਲਾਵਾ ਜਾਮਣਾਂ ਦੀਆਂ ਨਵੀਂਆਂ ਕਿਸਮਾਂ ਕੋਕਣ ਅਤੇ ਗੋਮਾ ਦਾ ਵੀ ਜ਼ਿਕਰ ਕੀਤਾ। ਜ਼ਮੀਨਾਂ ਪੱਧਰ ਕਰਕੇ ਮਲਚਿੰਗ ਵਿਧੀ ਰਾਹੀਂ ਕਣਕ ਬੀਜਣ ਦੀ ਸਿਫ਼ਾਰਸ਼ ਕਰਦਿਆਂ ਡਾ. ਮਾਂਗਟ ਨੇ ਛੱਪੜਾਂ ਦੇ ਪਾਣੀ ਦੀ ਸਿੰਚਾਈ ਲਈ ਵਰਤੋਂ ਅਤੇ ਮੋਟੇ ਅਨਾਜਾਂ ਤੋਂ ਵੱਖ-ਵੱਖ ਕਿਸਮ ਦੇ ਪਦਾਰਥ ਤਿਆਰ ਕਰਨ ਦੀਆਂ ਪ੍ਰੋਸੈਸਿੰਗ ਤਕਨੀਕਾਂ ਦੇ ਨਾਲ-ਨਾਲ ਡਰੋਨ ਅਤੇ ਮਸ਼ੀਨੀ ਬੌਧਿਕਤਾ ਰਾਹੀਂ ਖੇਤੀ ਕਰਨ ਦੀਆਂ ਤਕਨੀਕਾਂ ਵੀ ਸਾਂਝੀਆਂ ਕੀਤੀਆਂ। ਨਿਰਦੇਸ਼ਕ ਪਸਾਰ ਸਿੱਖਿਆ, ਪੀ.ਏ.ਯੂ. ਡਾ. ਮੱਖਣ ਸਿੰਘ ਭੁੱਲਰ ਨੇ ਕਿਸਾਨ ਮੇਲੇ ਵਿੱਚ ਸ਼ਿਰਕਤ ਕਰ ਰਹੇ ਪਤਵੰਤਿਆਂ, ਵਿਗਿਆਨੀਆਂ ਅਤੇ ਕਿਸਾਨਾਂ ਨੂੰ ਨਿੱਘਾ ਜੀ ਆਇਆਂ ਕਹਿੰਦਿਆਂ ਯੂਨੀਵਰਸਿਟੀ ਵੱਲੋਂ ਪ੍ਰਕਾਸ਼ਿਤ ਕੀਤੇ ਜਾਂਦੇ ਖੇਤੀ ਸਾਹਿਤ ਨੂੰ ਪੜ੍ਹ ਕੇ ਵਿਗਿਆਨਕ ਲੀਹਾਂ ਤੇ ਖੇਤੀ ਕਰਨ ਲਈ ਕਿਹਾ। ਪੀ.ਏ.ਯੂ. ਦੇ ਮਹੀਨਾਵਾਰ ਖੇਤੀ ਰਸਾਲੇ ਚੰਗੀ ਖੇਤੀ ਅਤੇ ਪ੍ਰੋਗਰੈਸਿਵ ਫਾਰਮਿੰਗ ਦੇ ਵੱਧ ਤੋਂ ਵੱਧ ਮੈਂਬਰ ਬਣਨ ਦੀ ਤਾਕੀਦ ਕਰਦਿਆਂ ਡਾ. ਭੁੱਲਰ ਨੇ ਖੇਤੀਬਾੜੀ ਦੀਆਂ ਸਮੱਸਿਆਵਾਂ ਦੇ ਹੱਲ ਲਈ ਮਾਹਿਰਾਂ ਨਾਲ ਲਗਾਤਾਰ ਰਾਬਤਾ ਕਾਇਮ ਰੱਖਣ ਅਤੇ ਹਾੜ੍ਹੀ/ਸਾਉਣੀ ਦੀਆਂ ਫ਼ਸਲਾਂ ਦੀਆਂ ਸਿਫ਼ਾਰਸ਼ਾਂ ਪੁਸਤਕਾਂ ਨੂੰ ਪੜ੍ਹਨ।

# ਸਿਹਤਨਾਮਾ





## ਕਈ ਗੰਭੀਰ ਬੀਮਾਰੀਆਂ ਤੋਂ ਬਚਾਅ ਕਰਦੇ ਹਨ ਕਾਲੇ ਅੰਗੂਰ

ਕਾਲੇ ਅੰਗੂਰਾਂ ਦਾ ਸੇਵਨ ਅੱਖਾਂ ਲਈ ਵੀ ਬਹੁਤ ਫ਼ਾਇਦੇਮੰਦ ਹੈ। ਇਨ੍ਹਾਂ ਦੇ ਸੇਵਨ ਨਾਲ ਨਜ਼ਰ ਦੀਆਂ ਸਮੱਸਿਆਵਾਂ ਘੱਟ ਹੋਣਗੀਆਂ।

ਕਾਲੇ ਅੰਗੂਰ ਹਰੇ ਅੰਗੂਰਾਂ ਨਾਲੋਂ ਵਧੇਰੇ ਚੰਗੇ ਹੁੰਦੇ ਹਨ। ਇਨ੍ਹਾਂ ਵਿਚ ਹਰੇ ਅੰਗੂਰਾਂ ਦੇ ਮੁਕਾਬਲੇ ਵੱਧ ਐਂਟੀਆਕਸੀਡੈਂਟ ਤੱਤ ਮੌਜੂਦ ਹੁੰਦੇ ਹਨ। ਕਾਲੇ ਅੰਗੂਰ ਸਾਡੀ ਸਮੁੱਚੀ ਸਿਹਤ ਉੱਤੇ ਚੰਗਾ ਪ੍ਰਭਾਵ ਪਾਉਂਦੇ ਹਨ। ਇਹ ਗੰਭੀਰ ਬਿਮਾਰੀਆਂ ਜਿਵੇਂ ਕਿ ਸ਼ੂਗਰ, ਕੈਂਸਰ ਤੇ ਦਿਲ ਦੀਆਂ ਸਮੱਸਿਆਵਾਂ ਦੇ ਖ਼ਤਰੇ ਨੂੰ ਘੱਟ ਕਰਦੇ ਹਨ। ਇਸ ਲਈ ਸਾਨੂੰ ਹਰੇ ਅੰਗੂਰਾਂ ਦੀ ਬਜਾਏ ਕਾਲੇ ਅੰਗੂਰਾਂ ਦਾ ਸੇਵਨ ਵਧੇਰੇ ਕਰਨਾ ਚਾਹੀਦਾ ਹੈ।

ਆਉ ਜਾਣਦੇ ਹਾਂ ਕਾਲੇ ਅੰਗੂਰ ਖਾਣ ਦੇ ਫ਼ਾਇਦਿਆਂ ਬਾਰੇ:

ਕਾਲੇ ਅੰਗੂਰਾਂ ਵਿਚ ਪਾਣੀ ਦੀ ਮਾਤਰਾ ਵਧੇਰੇ ਮਿਲ ਜਾਂਦੀ ਹੈ। ਇਨ੍ਹਾਂ ਵਿਚ ਲਗਭਗ 82 ਫ਼ੀ ਸਦੀ ਪਾਣੀ ਹੁੰਦਾ ਹੈ। ਕਾਲੇ ਅੰਗੂਰਾਂ ਵਿਚ ਪੋਟਾਸ਼ੀਅਮ, ਮੈਂਗਨੀਜ਼, ਵਿਟਾਮਿਨ ਸੀ, ਵਿਟਾਮਿਨ ਕੇ, ਕਾਪਰ, ਫ਼ਾਸਫ਼ੋਰਸ, ਮੈਗਨੀਸ਼ੀਅਮ, ਕਾਰਬੋਹਾਈਡਰੇਟ ਆਦਿ ਤੱਤ ਮੌਜੂਦ ਹੁੰਦੇ ਹਨ। ਇਸ ਨਾਲ ਹੀ ਇਨ੍ਹਾਂ ਵਿਚ ਕੈਲੋਰੀ ਦੀ ਮਾਤਰਾਂ ਵੀ ਬਹੁਤ ਘੱਟ ਹੁੰਦੀ ਹੈ। ਕਾਲੇ ਅੰਗੂਰਾਂ ਵਿਚ ਚੰਗੀ ਸਿਹਤ ਲਈ ਲੋੜੀਂਦੇ ਪੌਸ਼ਕ ਤੱਤਾਂ ਦੀ ਭਰਪੂਰ ਮਾਤਰਾਂ ਮਿਲ ਜਾਂਦੀ ਹੈ। ਇਹ ਸਰੀਰ ਦੀ ਇਮਿਊਨਿਟੀ ਨੂੰ ਮਜ਼ਬੂਤ ਕਰਦੇ ਹਨ। ਚੰਗੀ ਇਮਿਊਨਿਟੀ ਕਰ ਕੇ ਬਹੁਤ ਸਾਰੀਆਂ ਬਿਮਾਰੀਆਂ ਦਾ ਖ਼ਤਰਾ ਘੱਟ ਹੋ ਜਾਂਦਾ ਹੈ।

ਕਾਲੇ ਅੰਗੂਰਾਂ ਵਿਚ ਚੰਗੇ ਐਂਟੀਆਕਸੀਡੈਂਟ ਤੱਤ ਮਿਲ ਜਾਂਦੇ ਹਨ। ਇਹ ਤੱਤ ਦਿਲ ਲਈ ਬਹੁਤ ਫ਼ਾਇਦੇਮੰਦ ਹਨ। ਇਨ੍ਹਾਂ ਦੇ ਸੇਵਨ ਨਾਲ ਬਲੱਡ ਪ੍ਰੈਸ਼ਰ, ਕੋਲੈਸਟਰੋਲ ਦਾ ਪੱਧਰ ਕੰਟਰੋਲ ਰਹਿੰਦਾ ਹੈ ਅਤੇ ਦਿਲ ਦੀਆਂ ਬੀਮਾਰੀਆਂ ਦਾ ਖ਼ਤਰਾ ਘੱਟ ਹੁੰਦਾ ਹੈ। ਕਈ ਤਰ੍ਹਾਂ ਦੇ ਅਧਿਐਨਾਂ ਵਿਚ ਮਿਲਿਆ ਹੈ ਕਿ ਕਾਲੇ ਅੰਗੂਰ ਖਾਣ ਨਾਲ ਕੈਂਸਰ ਦਾ ਖ਼ਤਰਾ ਘੱਟ ਹੁੰਦਾ ਹੈ। ਇਸ ਨਾਲ ਹੀ ਇਹ ਸੈੱਲਾਂ ਨੂੰ ਮਜ਼ਬੂਤ ਕਰਦਾ ਹੈ ਅਤੇ ਕੈਂਸਰ ਨਾਲ ਲੜਨ ਲਈ ਸਮਰੱਥਾ ਪ੍ਰਦਾਨ ਕਰਦੇ ਹਨ। ਸ਼ੂਗਰ ਦੇ ਮਰੀਜ਼ਾਂ ਲਈ ਵੀ ਕਾਲੇ ਅੰਗੂਰਾਂ ਨੂੰ ਚੰਗਾ ਮੰਨਿਆ ਜਾਂਦਾ ਹੈ। ਇਨ੍ਹਾਂ ਵਿਚ ਐਂਟੀ-ਡਾਇਬੀਟਿਕ ਤੱਤ ਮੌਜੂਦ ਹੁੰਦੇ ਹਨ, ਜੋ ਕਿ ਖ਼ੂਨ ਵਿਚ ਸ਼ੂਗਰ ਦੇ ਪੱਧਰ ਨੂੰ ਨਿਯਮਿਤ ਰਖਦੇ ਹਨ ਅਤੇ ਇਹ ਸਰੀਰ ਵਿਚ ਇਨਸੁਲਿਨ ਦਾ ਪੱਧਰ ਵੀ ਨਹੀਂ ਵਧਣ ਦਿੰਦੇ।

ਕਾਲੇ ਅੰਗੂਰਾਂ ਦਾ ਸੇਵਨ ਅੱਖਾਂ ਲਈ ਵੀ ਬਹੁਤ ਫ਼ਇਦੇਮੰਦ ਹੈ। ਇਨ੍ਹਾਂ ਦੇ ਸੇਵਨ ਨਾਲ ਨਜ਼ਰ ਦੀਆਂ ਸਮੱਸਿਆਵਾਂ ਘੱਟ ਹੋਣਗੀਆਂ। ਕਮਜ਼ੋਰ ਨਜ਼ਰ ਦੀ ਸਮੱਸਿਆ ਦੂਰ ਹੋਵੇਗੀ ਅਤੇ ਅੱਖਾਂ ਦੀ ਰੌਸ਼ਨੀ ਵਿਚਸੁਧਾਰ ਆਵੇਗਾ।

## ਜੇਕਰ ਬੱਚਿਆਂ ਨੂੰ ਹੈ ਪਿੱਠਦਰਦ ਦੀ ਸਮੱਸਿਆ ਹੈ ਤਾਂ ਅਪਣਾਉ ਇਹ ਘਰੇਲੂ ਨੁਸਖ਼ੇ

ਜੇਕਰ ਤੁਹਾਡੇ ਬੱਚੇ ਨੂੰ ਵੀ ਇਸ ਤਰ੍ਹਾਂ ਦੀ ਸਮੱਸਿਆ ਹੈ ਤਾਂ ਤੁਸੀਂ ਪਿੱਠ ਦਰਦ ਦੇ ਕਾਰਨਾਂ ਅਤੇ ਲੱਛਣਾਂ ਨੂੰ ਸਮਝ ਕੇ ਬੱਚਿਆਂ ਨੂੰ ਇਸ ਦਰਦ ਤੋਂ ਛੁਟਕਾਰਾ ਦਵਾ ਸਕਦੇ ਹੋ।ਬਾਹਰੀ ਦੁਨੀਆਂ ਤੋਂ ਲਾਂਭੇ ਹੋ ਕੇ ਅਸੀਂ ਫ਼ੋਨ ਵਿਚ ਸਿਮਟਦੇ ਜਾ ਰਹੇ ਹਾਂ। ਇਸ ਨਾਲ ਹੀ ਕੋਰੋਨਾ ਦੌਰ ਨੇ ਬੱਚਿਆਂ ਦੀਆਂ ਸਰੀਰਕ ਗਤੀਵਿਧੀਆਂ ਨੂੰ ਹੋਰ ਵੀ ਘਟਾ ਦਿਤਾ ਹੈ ਜਿਸ ਕਾਰਨ ਜ਼ਿਆਦਾਤਰ ਬੱਚਿਆਂ ਵਿਚ ਪਿੱਠ ਦਰਦ ਦੀ ਸਮੱਸਿਆ ਦੇਖਣ ਨੂੰਮਿਲਰਹੀ ਹੈ।




ਜੇਕਰ ਤੁਹਾਡੇ ਬੱਚੇ ਨੂੰ ਵੀ ਇਸ ਤਰ੍ਹਾਂ ਦੀ ਸਮੱਸਿਆ ਹੈ ਤਾਂ ਤੁਸੀਂ ਪਿੱਠ ਦਰਦ ਦੇ ਕਾਰਨਾਂ ਅਤੇ ਲੱਛਣਾਂ ਨੂੰ ਸਮਝ ਕੇ ਬੱਚਿਆਂ ਨੂੰ ਇਸ ਦਰਦ ਤੋਂ ਛੁਟਕਾਰਾ ਦਵਾ ਸਕਦੇ ਹੋ।ਦਸਣਯੋਗ ਹੈ ਕਿ ਬੱਚਿਆਂ ਦੀ ਰੀੜ੍ਹ ਦੀ ਹੱਡੀ ਬਹੁਤ ਨਾਜ਼ੁਕ ਹੁੰਦੀ ਹੈ। ਅਜਿਹੀ ਸਥਿਤੀ ਵਿਚ, ਪਿੱਠ ਦਰਦ ਦੇ ਕਈ ਕਾਰਨ ਹੋ ਸਕਦੇ ਹਨ। ਕਈ ਘੰਟੇ ਫ਼ੋਨ, ਲੈਪਟਾਪ ਜਾਂ ਟੀਵੀ ਦੇ ਸਾਹਮਣੇ ਗ਼ਲਤ ਆਸਣ ਵਿਚ ਬੈਠਣ ਨਾਲ ਨਾ ਸਿਰਫ਼ਪਿੱਠ ਵਿਚ, ਬਲਕਿ ਗਰਦਨ, ਮੋਢਿਆਂ ਅਤੇ ਲੱਤਾਂ ਵਿਚ ਵੀ ਦਰਦ ਹੋਣ ਦੀ ਸੰਭਾਵਨਾ ਵੱਧ ਜਾਂਦੀ ਹੈ। ਇਸ ਤੋਂ ਇਲਾਵਾ ਸਕੂਲ ਬੈਗ ਚੁਕਣ ਕਾਰਨ ਕਈ ਵਾਰ ਪਿੱਠ ਅਤੇ ਮੋਢੇ ਵਿਚ ਦਰਦ ਸ਼ੁਰੂ ਹੋ ਜਾਂਦਾ ਹੈ।

ਕਈ ਵਾਰ ਮਾਪੇ ਬੱਚਿਆ ਦੇ ਪਿੱਠ ਦਰਦ ਨੂੰ ਆਮ ਸਮੱਸਿਆ ਸਮਝ ਕੇ ਨਜ਼ਰਅੰਦਾਜ਼ ਕਰ ਦਿੰਦੇ ਹਨ। ਹਾਲਾਂਕਿ ਇਹ ਸਮੱਸਿਆ ਕਈ ਹੋਰ ਸਮੱਸਿਆਵਾਂ ਦਾ ਕਾਰਨ ਵੀ ਬਣ ਸਕਦੀ ਹੈ। ਕੁੱਝ ਲੱਛਣਾਂ ਦੀ ਮਦਦ ਨਾਲ, ਤੁਸੀਂ ਬੱਚਿਆਂ ਵਿਚ ਪਿੱਠ ਦੇ ਦਰਦ ਦਾ ਆਸਾਨੀ ਨਾਲ ਪਤਾ ਲਗਾ ਸਕਦੇ ਹੋ। ਅਕਸਰ ਪਿੱਠ ਦਰਦ ਦੇ ਕਾਰਨ, ਸੋਜ, ਗਰਦਨ ਅਤੇ ਲੱਤਾਂ ਵਿਚ ਦਰਦ ਦੇ ਨਾਲ-ਨਾਲ ਬੁਖ਼ਾਰ ਅਤੇ ਇਨਫ਼ੈਕਸ਼ਨ ਵੀ ਦੇਖਣ ਨੂੰ ਮਿਲਦੀ ਹੈ। ਇਸ ਤੋਂ ਇਲਾਵਾ ਕਈ ਵਾਰ ਗ਼ਲਤ ਪੁਜ਼ੀਸ਼ਨ ਵਿਚ ਸੌਣ ਕਾਰਨ ਵੀ ਪਿੱਠ ਦਰਦ ਸ਼ੁਰੂ ਹੋ ਜਾਂਦਾ ਹੈ।



## ਆਸਾਨ ਤਰੀਕਿਆਂ ਨਾਲ ਪਾਓ ਅੱਖਾਂ ਦੇ ਹੇਠਾਂ ਝੁਰੜੀਆਂ ਤੋਂ ਛੁਟਕਾਰਾ

## ਚਿਹਰੇ ਦੀ ਸੁੰਦਰਤਾ ਰੱਖੋ ਬਰਕਰਾਰ

ਅੱਖਾਂ ਦੇ ਆਲੇ ਦੁਆਲੇ ਦੀ ਚਮੜੀ ਬਹੁਤ ਨਾਜ਼ੁਕ ਹੁੰਦੀ ਹੈ ਅਤੇ ਇੱਥੇ ਸਭ ਤੋਂ ਪਹਿਲਾਂ ਝੁਰੜੀਆਂ ਅਤੇ ਬਰੀਕ ਲਾਈਨਾਂ ਦਿਖਾਈ ਦਿੰਦੀ ਹੈ। ਇਹ ਬੁਢਾਪੇ, ਸੂਰਜ ਦੀ ਰੌਸ਼ਨੀ ਵਿੱਚ ਸੰਪਰਕ ਵਿੱਚ ਆਉਣਾ, ਚਮੜੀ ਦੀ ਦੇਖਭਾਲ ਦੇ ਗ਼ਲਤ ਉਤਪਾਦਾਂ ਦੀ ਵਰਤੋਂ ਅਤੇ ਵਿਗੜੀ ਜੀਵਨ ਸ਼ੈਲੀ ਦੀਆਂ ਆਦਤਾਂ ਦੇ ਕਾਰਨ ਹੋ ਸਕਦਾ ਹੈ। ਇਸ ਲਈ ਅੱਖਾਂ ਦੀ ਦੇਖਭਾਲ ਲਈ ਕੁਝ ਨੁਸਖੇ ਅਪਣਾਉਣੇ ਜ਼ਰੂਰੀ ਹਨ। ਅੱਖਾਂ ਦੀ ਦੇਖਭਾਲ ਲਈ ਸੁਝਾਅ: ਸੋਹਣਾ ਦਿਖਣਾ ਕੌਣ ਨਹੀਂ ਚਾਹੁੰਦਾ? ਚਿਹਰੇ ਦੀ ਸੁੰਦਰਤਾ ਨੂੰ ਵਧਾਉਣ ਲਈ ਹਰ ਕੋਈ ਮਹਿੰਗੇ ਉਤਪਾਦਾਂ ਦੀ ਵਰਤੋਂ ਕਰਦੇ ਹਾਂ ਜਾਂ ਪਾਰਲਰ ਵਿੱਚ ਮਹਿੰਗੇ ਇਲਾਜ ਕਰਵਾਉਂਦੇ ਹਾਂ। ਪਰ ਫਿਰ ਵੀ ਚਿਹਰੇ 'ਤੇ ਕੋਈ ਖਾਸ ਫ਼ਰਕ ਨਜ਼ਰ ਨਹੀਂ ਆਉਂਦਾ। ਇੰਨਾ ਹੀ ਨਹੀਂ, ਕਈ ਵਾਰ ਪਾਰਲਰਾਂ 'ਚ ਵਰਤੇ ਜਾਣ ਵਾਲੇ ਕੈਮੀਕਲ ਟਰੀਟਮੈਂਟ ਚਮੜੀ 'ਤੇ ਪ੍ਰਤੀਕਿਰਿਆ ਕਰਦੇ ਹਨ, ਜਿਸ ਕਾਰਨ ਜਿਸ ਚਮੜੀ ਉਹ ਹੋਰ ਵੀ ਖ਼ਰਾਬ ਹੋ ਜਾਂਦੀ ਹੈ।ਖ਼ਰਾਬ ਜੀਵਨ ਸ਼ੈਲੀ, ਗ਼ੈਰ-ਸਿਹਤਮੰਦ ਭੋਜਨ, ਪ੍ਰਦੂਸ਼ਣ, ਇਹ ਸਾਰੀਆਂ ਚੀਜ਼ਾਂ ਚੇਹਰੇ ਦੀ ਵਿਗੜੀ ਰੰਗਤ ਦੇ ਮੁੱਖ ਕਾਰਨ ਹਨ। ਜਾਣੇ-ਅਣਜਾਣੇ 'ਚ ਸਾਡੀਆਂ ਕੁਝ ਗਲਤੀਆਂ ਨਾ ਸਿਰਫ਼ ਚਿਹਰੇ ਨੂੰ ਖ਼ਰਾਬ ਕਰਦੀਆਂ ਹਨ ਸਗੋਂ ਅੱਖਾਂ ਦੇ ਆਲੇ-ਦੁਆਲੇ ਦੀ ਚਮੜੀ ਨੂੰ ਵੀ ਨੁਕਸਾਨ ਪਹੁੰਚਾਉਂਦੀਆਂ ਹਨ। ਅੱਖਾਂ ਦੇ ਆਲੇ-ਦੁਆਲੇ ਦੀ ਚਮੜੀ ਬਹੁਤ ਨਾਜ਼ੁਕ ਹੁੰਦੀ ਹੈ, ਜਿਸ ਕਾਰਨ ਅੱਖਾਂ ਦੇ ਆਲੇ-ਦੁਆਲੇ ਬਾਰੀਕ ਰੇਖਾਵਾਂ ਦਿਖਾਈ ਦੇਣ ਲੱਗਦੀਆਂ ਹਨ। ਅੱਜ ਇਸ ਲੇਖ ਦੇ ਜ਼ਰੀਏ ਅਸੀਂ ਤੁਹਾਨੂੰ ਕੁਝ ਆਸਾਨ ਨੁਸਖੇ ਦੱਸਣ ਜਾ ਰਹੇ ਹਾਂ ਜੋ ਅੱਖਾਂ ਦੀ ਦੇਖਭਾਲ ਕਰਨ 'ਚ ਮਦਦਗਾਰ ਸਾਬਤ ਹੋਣਗੇ, ਤਾਂ ਆਓ ਜਾਣਦੇ ਹਾਂ।

### ਅੱਖਾਂ ਦੀ ਦੇਖਭਾਲ ਲਈ ਇਨ੍ਹਾਂ ਨੁਸਖਿਆਂ ਦਾ ਪਾਲਣ ਕਰੋ

ਆਪਣੀ ਚਮੜੀ ਨੂੰ ਹਾਈਡਰੇਟ ਰੱਖੋ: ਤੁਹਾਡੀ ਚਮੜੀ ਨੂੰ ਹਾਈਡਰੇਟ ਰੱਖਣਾ ਫਾਈਨ ਲਾਈਨਾਂ ਨੂੰ ਘਟਾਉਣ ਦਾ ਸਭ ਤੋਂ ਵਧੀਆ ਤਰੀਕਾ ਹੈ। ਦਿਨ ਭਰ ਪਾਣੀ ਪੀਓ ਅਤੇ ਆਪਣੀ ਚਮੜੀ 'ਤੇ ਮਾਇਸਚਰਾਈਜ਼ਰ ਲਗਾਓ। ਸਰੀਰ 'ਚ ਪਾਣੀ ਦੀ ਕਮੀ ਹੋਣ 'ਤੇ ਡੀਹਾਈਡ੍ਰੇਸ਼ਨ ਹੋ ਜਾਂਦੀ ਹੈ, ਜਿਸ ਕਾਰਨ ਚਿਹਰੇ ਦੀ ਚਮੜੀ ਝੁਲਸਣ ਲੱਗਦੀ ਹੈ। ਅੱਖਾਂ ਦੇ ਆਲੇ-ਦੁਆਲੇ ਦੀ ਚਮੜੀ ਨਾਜ਼ੁਕ ਹੁੰਦੀ ਹੈ, ਇਸ ਲਈ ਅੱਖਾਂ ਦੇ ਆਲੇ-ਦੁਆਲੇ ਡੀਹਾਈਡ੍ਰੇਸ਼ਨ ਦਾ ਪ੍ਰਭਾਵ ਜ਼ਿਆਦਾ ਦਿਖਾਈ ਦਿੰਦਾ ਹੈ।

ਸੂਰਜ ਦੀ ਰੌਸ਼ਨੀ ਤੋਂ ਆਪਣੇ ਆਪ ਨੂੰ ਬਚਾਓ: ਸੂਰਜ ਦੀ ਰੌਸ਼ਨੀ ਦੇ ਸੰਪਰਕ ਵਿੱਚ ਆਉਣ ਨਾਲ ਚਮੜੀ ਦੀ ਉਮਰ ਵਧਣ ਦੀ ਪ੍ਰਕਿਰਿਆ ਤੇਜ਼ ਹੋ ਜਾਂਦੀ ਹੈ, ਜਿਸ ਨਾਲ ਝੁਰੜੀਆਂ ਅਤੇ ਬਰੀਕ ਲਾਈਨਾਂ ਦਿਖਾਈ ਦਿੰਦੀਆਂ ਹਨ। ਹਮੇਸ਼ਾ ਧੁੱਪ ਵਿੱਚ ਸਨਸਕ੍ਰੀਨ ਅਤੇ ਚਸ਼ਮੇ ਦੀ ਵਰਤੋਂ ਕਰੋ।



ਚੰਗੀ ਚਮੜੀ ਦੀ ਦੇਖਭਾਲ ਕਰਦੇ ਰਹੋ: ਆਪਣੀ ਚਮੜੀ ਨੂੰ ਸਾਫ਼ ਅਤੇ ਸਿਹਤਮੰਦ ਰੱਖਣ ਲਈ ਚੰਗੀ ਚਮੜੀ ਦੀ ਦੇਖਭਾਲ ਕਰਦੇ ਰਹੋ। ਦਿਨ ਵਿੱਚ ਦੋ ਵਾਰ ਆਪਣਾ ਚਿਹਰਾ ਧੋਵੋ ਅਤੇ ਕਲੀਨਜ਼ਰ ਦੀ ਵਰਤੋਂ ਕਰੋ।

ਅੱਖਾਂ ਦੇ ਹੇਠਾਂ ਦੀ ਕਰੀਮ ਦਾ ਇਸਤੇਮਾਲ ਕਰੋ: ਅੱਖਾਂ ਦੇ ਹੇਠਾਂ ਚਮੜੀ ਲਈ ਵਿਸ਼ੇਸ਼ ਤੌਰ 'ਤੇ ਬਣਾਈ ਗਈ ਕਰੀਮ ਦੀ ਵਰਤੋਂ ਕਰੋ। ਇਹ ਕਰੀਮ ਫਾਈਨ ਲਾਈਨਾਂ ਨੂੰ ਘਟਾਉਣ ਅਤੇ ਚਮੜੀ ਨੂੰ ਹਾਈਡਰੇਟ ਕਰਨ ਵਿੱਚ ਮਦਦ ਕਰਦੀ ਹੈ।

ਰੈਟੀਨਾਲ ਦੀ ਵਰਤੋਂ ਕਰੋ: ਰੈਟੀਨਾਲ ਇੱਕ ਕਿਸਮ ਦਾ 'ਵਿਟਾਮਿਨ ਏ' ਹੈ ਜੋ ਚਮੜੀ ਦੇ ਉਤਪਾਦਨ ਨੂੰ ਵਧਾਉਂਦਾ ਹੈ ਅਤੇ ਝੁਰੜੀਆਂ ਅਤੇ ਬਰੀਕ ਲਾਈਨਾਂ ਨੂੰ ਘਟਾਉਣ ਵਿੱਚ ਮਦਦ ਕਰਦਾ ਹੈ। ਨੀਂਦ ਪੂਰੀ ਕਰੋ: ਨੀਂਦ ਪੂਰੀ ਕਰਨ ਨਾਲ ਤੁਹਾਡੀ ਚਮੜੀ ਨੂੰ ਸਿਹਤਮੰਦ ਰੱਖਣ ਵਿਚ ਮਦਦ ਮਿਲਦੀ ਹੈ ਅਤੇ ਫਾਈਨ ਲਾਈਨਾਂ ਨੂੰ ਘਟਾਉਣ ਵਿਚ ਮਦਦ ਮਿਲਦੀ ਹੈ।

ਸਿਹਤਮੰਦ ਜੀਵਨ ਸ਼ੈਲੀ ਅਪਣਾਓ: ਇੱਕ ਸਿਹਤਮੰਦ ਜੀਵਨ ਸ਼ੈਲੀ ਅਪਣਾਉਣ ਨਾਲ ਤੁਹਾਡੀ ਚਮੜੀ ਨੂੰ ਸਿਹਤਮੰਦ ਰੱਖਣ ਵਿੱਚ ਮਦਦ ਮਿਲਦੀ ਹੈ ਅਤੇ ਫਾਈਨ ਲਾਈਨਾਂ ਨੂੰ ਘਟਾਉਣ ਵਿੱਚ ਮਦਦ ਮਿਲਦੀ ਹੈ। ਸਿਗਰਟਨੋਸ਼ੀ ਨਾ ਕਰੋ, ਸ਼ਰਾਬ ਦੀ ਖਪਤ ਘਟਾਓ ਅਤੇ ਸਿਹਤਮੰਦ ਭੋਜਨ ਖਾਓ।

ਯੋਗਾ ਅਤੇ ਧਿਆਨ ਕਰੋ: ਯੋਗਾ ਅਤੇ ਧਿਆਨ ਤਣਾਅ ਨੂੰ ਘੱਟ ਕਰਨ ਵਿੱਚ ਮਦਦ ਕਰਦੇ ਹਨ, ਜੋ ਕਿ ਫਾਈਨ ਲਾਈਨਾਂ ਨੂੰ ਘਟਾਉਣ ਵਿੱਚ ਮਦਦ ਕਰ ਸਕਦਾ ਹੈ। ਇਨ੍ਹਾਂ ਸੁਝਾਆਂ ਦਾ ਪਾਲਣ ਕਰਕੇ ਤੁਸੀਂ ਅੱਖਾਂ ਦੇ ਹੇਠਾਂ ਬਰੀਕ ਰੇਖਾਵਾਂ ਨੂੰ ਘਟਾਉਣ ਅਤੇ ਆਪਣੀ ਚਮੜੀ ਨੂੰ ਸਿਹਤਮੰਦ ਅਤੇ ਜਵਾਨ ਰੱਖਣ ਵਿੱਚ ਮਦਦ ਕਰ ਸਕਦੇ ਹੋ।

## ਟੀ.ਬੀ. ਲਾਇਲਾਜ਼ ਨਹੀਂ

ਨਰਿੰਦਰ ਪਾਲ ਸਿੰਘ



ਤਪਦਿਕ (ਟੀ.ਬੀ.) ਦੀ ਬਿਮਾਰੀ ਨੂੰ ਵੀ ਹੋਰਨਾਂ ਬਿਮਾਰੀਆਂ ਵਾਂਗ ਕੁਦਰਤੀ ਕਰੋਪੀ ਸਮਝਿਆ ਜਾਂਦਾ ਸੀ। ਇਲਾਜ ਅਤੇ ਜਾਗਰੂਕਤਾ ਦੀ ਕਮੀ ਕਾਰਨ ਅਨੇਕਾਂ ਕੀਮਤੀ ਜਾਨਾਂ ਮੌਤ ਦੇ ਮੂੰਹ ਜਾ ਪੈਂਦੀਆਂ ਸਨ। ਜਿਉਂ ਜਿਉਂ ਮਨੁੱਖ ਨੂੰ ਸੋਝੀ ਪ੍ਰਾਪਤ ਹੋਈ ਅਤੇ ਚਿਕਿਤਸਾ ਦੇ ਖ਼ੇਤਰ ਵਿੱਚ ਵਿਕਾਸ ਹੋਇਆ ਤਾਂ ਵੱਡੀ ਗਿਣਤੀ ਜਾਨਾਂ ਨੂੰ ਬਚਾਇਆ ਜਾ ਸਕਿਆ। ਕੁਝ ਖੋਜਾਂ ਅਨੁਸਾਰ ਤਪਦਿਕ ਦੀ ਬਿਮਾਰੀ ਕਰੀਬ 5 ਹਜ਼ਾਰ ਸਾਲ ਪਹਿਲਾਂ ਅਫ਼ਰੀਕਾ ਤੋਂ ਦੁਨੀਆ ਵਿੱਚ ਫੈਲੀ। 19ਵੀਂ ਸਦੀ ਵਿੱਚ ਇਹ ਬਿਮਾਰੀ ਜਵਾਨਾਂ ਅਤੇ ਅੱਧਖੜ ਉਮਰ ਦੇ ਵਿਅਕਤੀਆਂ ਵਿੱਚ ਜ਼ਿਆਦਾ ਦੇਖਣ ਨੂੰ ਮਿਲੀ, ਇਸ ਕਰਕੇ ਤਪਦਿਕ ਨੂੰ 'ਰੋਮਾਂਟਿਕ ਡਜ਼ੀਜ' ਦੇ ਨਾਂਅ ਨਾਲ ਵੀ ਜਾਣਿਆ ਜਾਣ ਲੱਗਾ। 24 ਮਾਰਚ 1882 ਵਿੱਚ ਰੋਬਰਟ ਕੋਚ ਨਾਂਅ ਦੇ ਵਿਗਿਆਨੀ ਨੇ ਤਪਦਿਕ ਦੇ ਮਰੀਜ਼ਾਂ ਦੀ ਬਲਗਮ ਉੱਤੇ ਪ੍ਰਯੋਗ ਕਰਨ 'ਤੇ ਬਿਮਾਰੀ ਫੈਲਾਉਣ ਵਾਲੇ ਬੈਕਟੀਰੀਆ ਦਾ ਪਤਾ ਲਗਾਇਆ ਅਤੇ ਉਸ ਨੂੰ 'ਮਾਈਕੋਬੈਕਟੀਰੀਅਮ ਟਿਊਬਰਕਲੋਸਿਸ ਬੈਕਟੀਰੀਆ' ਦਾ ਨਾਂਅ ਦਿੱਤਾ। 100 ਸਾਲਾਂ ਬਾਅਦ 24 ਮਾਰਚ 1982 ਨੂੰ ਵਿਸ਼ਵ ਸਿਹਤ ਸੰਸਥਾ ਨੇ ਹਰ ਸਾਲ ਇਸ ਦਿਨ ਨੂੰ ਵਿਸ਼ਵ ਤਪਦਿਕ ਦਿਵਸ ਦੇ ਤੌਰ 'ਤੇ ਮਨਾਉਣ ਦਾ ਫੈਸਲਾ ਕੀਤਾ। ਇਹ ਦਿਨ ਟੀ.ਬੀ. ਦੀ ਵਿਸ਼ਵਵਿਆਪੀ ਮਹਾਂਮਾਰੀ ਅਤੇ ਇਸ ਬਿਮਾਰੀ ਨੂੰ ਖ਼ਤਮ ਕਰਨ ਦੀਆਂ ਕੋਸ਼ਿਸ਼ਾਂ ਬਾਰੇ ਲੋਕਾਂ ਨੂੰ ਜਾਗਰੂਕ ਕਰਨ ਲਈ ਮਨਾਇਆ ਜਾਂਦਾ ਹੈ। 1993 ਵਿੱਚ ਵਿਸ਼ਵ ਸਿਹਤ ਸੰਸਥਾ ਨੇ ਤਪਦਿਕ ਨੂੰ ਵਿਸ਼ਵ ਵਿਆਪੀ ਸੰਕਟ ਘੋਸ਼ਿਤ ਕੀਤਾ ਅਤੇ ਖੋਜ ਕਾਰਜਾਂ ਵਿੱਚ ਹੋਰ ਤੇਜ਼ੀ ਲਿਆਂਦੀ। ਵਿਸ਼ਵ ਸਿਹਤ ਸੰਸਥਾ ਦੇ ਅੰਕੜਿਆਂ ਅਨੁਸਾਰ ਹਰ ਰੋਜ਼ ਕਰੀਬ 4000 ਵਿਅਕਤੀ ਟੀ.ਬੀ. ਕਾਰਨ ਆਪਣੀਆਂ ਜਾਨਾਂ ਗੁਆ ਦਿੰਦੇ ਹਨ ਅਤੇ ਕਰੀਬ 28000 ਵਿਅਕਤੀ ਇਸ ਦੀ ਲਪੇਟ ਵਿੱਚ ਆਉਂਦੇ ਹਨ। ਇੱਕ ਅੰਕੜੇ ਅਨੁਸਾਰ 2000 ਤੋਂ ਹੁਣ ਤੱਕ ਵਿਸ਼ਵ ਪੱਧਰ ਤੇ ਟੀ.ਬੀ. ਨੂੰ ਖ਼ਤਮ ਕਰਨ ਲਈ ਕੀਤੀ ਜਾ ਰਹੇ ਉਪਰਾਲਿਆਂ ਸਦਕਾ ਕਰੀਬ 6 ਕਰੋੜ 30 ਲੱਖ ਜ਼ਿੰਦਗੀਆਂ ਬਚਾਈਆਂ ਜਾ ਚੁੱਕੀਆਂ ਹਨ। ਵਿਸ਼ਵ ਤਪਦਿਕ ਦਿਵਸ ਵਿਸ਼ਵ ਸਿਹਤ ਸੰਗਠਨ (ਡਬਲਯੂ.ਐਚ.ਓ.) ਦੁਆਰਾ ਦਰਸਾਈਆਂ ਗਈਆਂ ਅੱਠ ਸਰਕਾਰੀ ਗਲੋਬਲ ਜਨਤਕ ਸਿਹਤ ਮੁਹਿੰਮਾਂ ਵਿਚੋਂ ਇਕ ਹੈ।

ਥੀਮ:

ਵਿਸ਼ਵ ਟੀਬੀ ਦਿਵਸ 2024 ਦਾ ਥੀਮ - 'ਹਾਂ! ਅਸੀਂ ਟੀ.ਬੀ. ਨੂੰ ਖ਼ਤਮ ਕਰ ਸਕਦੇ ਹਾਂ!' ਇਹ ਥੀਮ ਸੁਨੇਹਾ ਦਿੰਦਾ ਹੈ ਕਿ ਟੀ.ਬੀ. ਦੀ ਮਹਾਂਮਾਰੀ ਦੇ ਵਿਰੁੱਧ ਸਾਂਝੇ ਉੱਦਮ ਅਤੇ ਵਿਸ਼ਵ ਸਿਹਤ ਸੰਸਥਾ ਦੀਆਂ ਸਿਫ਼ਾਰਸ਼ਾਂ ਨੂੰ ਤੇਜ਼ੀ ਨਾਲ ਅਪਨਾਉਣ ਨਾਲ ਇਸ 'ਤੇ ਕਾਬੂ ਪਾਉਣਾ ਸੰਭਵ ਹੈ। ਟੀਬੀ ਨੂੰ ਖ਼ਤਮ ਕਰਨ ਲਈ ਪ੍ਰਗਤੀ ਨੂੰ ਤੇਜ਼ ਕਰਨ ਲਈ 2023 ਵਿੱਚ ਸੰਯੁਕਤ ਰਾਸ਼ਟਰ ਦੀ ਉੱਚ ਪੱਧਰੀ ਮੀਟਿੰਗ ਹੋਈ ਜਿਸ ਵਿੱਚ ਵੱਖ ਵੱਖ ਦੇਸ਼ਾਂ ਨੇ ਟੀ.ਬੀ. ਵਿਰੁੱਧ ਆਪਣੀ ਵਚਨਬੱਧਤਾ ਨੂੰ ਦੁਹਰਾਇਆ।

ਕਿਸਮਾਂ ਅਤੇ ਲੱਛਣ: ਤਪਦਿਕ(ਟੀ.ਬੀ.) ਮੁੱਖ ਰੂਪ ਵਿੱਚ 'ਚ 2 ਤਰ੍ਹਾਂ ਦੀ ਹੁੰਦੀ ਹੈ, ਇੱਕ ਫ਼ੇਫੜਿਆਂ ਦੀ ਅਤੇ ਦੂਜੀ ਸਰੀਰ ਦੇ ਬਾਕੀ ਹਿੱਸਿਆਂ ਦੀ। ਕਰੀਬ 90 ਫ਼ੀਸਦੀ ਤੋਂ ਵਧੇਰੇ ਲੋਕਾਂ ਵਿੱਚ ਫੇਫੜਿਆਂ ਦੀ ਟੀ.ਬੀ. ਦੇਖਣ ਨੂੰ ਮਿਲਦੀ ਹੈ। ਦੋਵਾਂ ਕਿਸਮ ਦੀ ਤਪਦਿਕ (ਟੀ ਬੀ) ਵਿੱਚ ਕੁਝ ਇੱਕ ਸਮਾਨ ਲੱਛਣ ਹਨ, ਜਿਵੇਂ ਕਿ ਬੁਖ਼ਾਰ ਹੋਣਾ, ਕਾਂਬਾ ਛਿੜਨਾ, ਭੁੱਖ ਘੱਟ ਲੱਗਣੀ, ਭਾਰ ਵਿੱਚ ਕਮੀ, ਥਕਾਵਟ ਰਹਿਣੀ ਅਤੇ ਰਾਤ ਸਮੇਂ ਪਸੀਨਾ ਆਉਣਾ ਆਦਿ। ਫੇਫੜਿਆਂ ਦੀ ਟੀ.ਬੀ. ਵਿੱਚ ਦੋ ਹਫ਼ਤਿਆਂ ਤੋਂ ਵੱਧ ਦੀ ਲਗਾਤਾਰ ਖੰਘ ਜਿਹੜੀ ਕਈ ਵਾਰ ਬਲਗਮ ਅਤੇ ਲਹੂ ਲਿਆਉਂਦੀ ਹੈ ਆਮ ਲੱਛਣ ਹੈ। ਛਾਤੀ ਵਿੱਚ ਦਰਦ ਰਹਿੰਦਾ ਹੈ। ਜਿਹੜੇ ਵਿਅਕਤੀਆਂ ਵਿੱਚ ਰੋਗਾਂ ਨਾਲ ਲੜਨ ਦੀ ਸ਼ਕਤੀ ਘੱਟ ਹੁੰਦੀ ਹੈ ਉਨ੍ਹਾਂ ਵਿੱਚ ਟੀ.ਬੀ. ਦਾ ਬੈਕਟੀਰੀਆ ਫੇਫੜਿਆਂ ਤੋਂ ਖੂਨ ਰਾਹੀਂ ਸਰੀਰ ਦੇ ਬਾਕੀ ਹਿੱਸਿਆਂ ਵਿੱਚ ਫੈਲ ਜਾਂਦਾ ਹੈ ਜਿਵੇਂ ਕਿ ਲਿੰਫ਼ ਨੋਡਜ਼, ਹੱਡੀਆਂ ਅਤੇ ਜੋੜ, ਪਾਚਨ ਪ੍ਰਣਾਲੀ, ਦਿਮਾਗੀ ਪ੍ਰਣਾਲੀ, ਬਲੈਡਰ ਅਤੇ ਪ੍ਰਜਨਨ ਪ੍ਰਣਾਲੀ। ਇਸ ਨੂੰ ਵਾਧੂ ਪਲਮਨਰੀ ਟੀ ਬੀ ਵਜੋਂ ਜਾਣਿਆ ਜਾਂਦਾ ਹੈ। ਵਾਧੂ ਪਲਮਨਰੀ ਟੀ ਬੀ ਦੇ ਲੱਛਣ ਪ੍ਰਭਾਵਿਤ ਅੰਗਾਂ ਜਾਂ ਪ੍ਰਣਾਲੀ ਦੇ ਅਨੁਸਾਰ ਵੱਖਰੇ ਹੁੰਦੇ ਹਨ। ਕਮਜ਼ੋਰ ਪ੍ਰਤੀਰੋਧੀ ਪ੍ਰਣਾਲੀ ਵਾਲੇ ਜਾਂ ਐੱਚ.ਆਈ.ਵੀ. ਪੀੜਤ ਲੋਕਾਂ ਨੂੰ ਟੀ.ਬੀ. ਹੋਣ ਦਾ ਖਦਸ਼ਾ ਵਧੇਰੇ ਹੁੰਦਾ ਹੈ।

ਕਾਰਨ : ਟੀ ਬੀ ਦਾ ਮੁੱਖ ਕਾਰਨ ਮਾਈਕੋਬੈਕਟੀਰੀਅਮ ਟੀ.ਬੀ., ਇੱਕ ਛੋਟਾ ਬੈਸੀਲਸ ਹੈ। ਟੀ. ਬੀ. ਇੱਕ ਵਿਅਕਤੀ ਤੋਂ ਦੂਜੇ ਵਿਅਕਤੀ ਤੱਕ ਉਦੋਂ ਫੈਲਦਾ ਹੈ ਜਦੋਂ ਕੋਈ ਵਿਅਕਤੀ ਖੰਘ ਜਾਂ ਛਿੱਕ ਮਾਰਦਾ ਹੈ ਅਤੇ ਖੰਘਣ, ਛਿੱਕਣ ਨਾਲ ਛੱਡੀਆਂ ਗਈਆਂ ਬੂੰਦਾਂ ਨੂੰ ਸਾਹ ਰਾਹੀਂ ਕੋਈ ਤੰਦਰੁਸਤ ਵਿਅਕਤੀ ਅੰਦਰ ਲੈਂਦਾ ਹੈ।ਇਸ ਤੋਂ ਇਲਾਵਾ ਟੀ.ਬੀ. ਦੀ ਬਿਮਾਰੀ ਹੋਣ ਦੇ ਕੁਝ ਹੋਰ ਸਹਿ ਕਾਰਕਾਂ ਵਿੱਚ ਤੰਬਾਕੂ ਦੀ ਵਰਤੋਂ, ਕੁਪੋਸ਼ਣ, ਸ਼ਰਾਬ ਦੀ ਵਰਤੋਂ ਵੀ ਸ਼ਾਮਲ ਹਨ।

ਬਚਾਅ ਲਈ ਕੀ ਕੀਤਾ ਜਾਵੇ: ਟੀ.ਬੀ. ਤੋਂ ਬਚਾਅ ਲਈ ਦੁਨੀਆ ਭਰ ਦੇ ਸਿਹਤ ਵਿਗਿਆਨੀਆਂ ਵੱਲੋਂ ਸਦੀਆਂ ਤੋਂ ਖੋਜ ਕਾਰਜ ਕੀਤਾ ਜਾ ਰਿਹਾ ਹੈ ਪਰ ਰੋਬਰਟ ਕੋਚ ਵੱਲੋਂ ਕੀਤੀ ਖੋਜ ਤੋਂ ਬਾਅਦ ਇਸ ਪ੍ਰਕਿਰਿਆ ਵਿੱਚ ਤੇਜ਼ੀ ਆਈ ਹੈ। ਫਰਾਂਸ ਦੇ ਦੋ ਵਿਗਿਆਨੀਆਂ ਐਲਬਰਟ ਕਾਲਮੇਟ ਅਤੇ ਕੈਮਿਲੀ ਗਿਊਰੀਨ ਨੇ 1906 ਵਿੱਚ ਟੀ.ਬੀ. ਦੀ ਬਿਮਾਰੀ ਲਈ ਟੀਕੇ ਦੀ ਖੋਜ ਕੀਤੀ, ਜਿਸ ਨੂੰ ਬੀ.ਸੀ.ਜੀ. ( ਬੈਸੀਲਸ ਕਾਲਮੇਟ ਗਿਊਰੀਨ ) ਨਾਂਅ ਦਿੱਤਾ ਗਿਆ। ਸਭ ਤੋਂ ਪਹਿਲਾਂ ਇਸ ਟੀਕੇ ਦੀ ਵਰਤੋਂ 1921 ਵਿੱਚ ਫਰਾਂਸ ਅੰਦਰ ਇੱਕ ਸਕੂਲੀ ਬੱਚੇ ਦੇ ਲਗਾ ਕੇ ਕੀਤੀ ਗਈ, ਜਿਸਦਾ ਸਕਾਰਾਤਮਕ ਨਤੀਜ਼ਾ ਸਾਹਮਣੇ ਆਇਆ। ਇਸਤੋਂ ਬਾਅਦ 1956 ਤੱਕ ਕਰੀਬ 6 ਲੱਖ ਬੱਚਿਆਂ ਨੂੰ ਇਹ ਵੈਕਸੀਨ ਲਗਾਈ ਗਈ। ਯੂਰਪ ਤੋਂ ਇਲਾਵਾ ਭਾਰਤ ਵਿੱਚ ਇਹ ਵੈਕਸੀਨ ਪਹਿਲੀ ਵਾਰ 1948 ਵਿੱਚ ਲਗਾਈ ਗਈ ਜੋ ਕਿ ਹੁਣ ਤੱਕ ਜਾਰੀ ਹੈ। ਇਹ ਵੈਕਸੀਨ ਬੱਚੇ ਨੂੰ ਭਵਿੱਖ ਵਿੱਚ ਟੀ.ਬੀ. ਦੀ ਬਿਮਾਰੀ ਤੋਂ ਸੁਰੱਖਿਆ ਪ੍ਰਦਾਨ ਕਰਦੀ ਹੈ। ਇਸ ਤੋਂ ਇਲਾਵਾ ਟੀ.ਬੀ. ਤੋਂ ਬਚਣ ਲਈ ਸਭ ਤੋਂ ਜ਼ਰੂਰੀ ਹੈ ਕਿ ਆਪਣੀ ਰੋਗਾਂ ਨਾਲ ਲੜਨ ਦੀ ਸ਼ਕਤੀ ਨੂੰ ਵਧਾਇਆ ਜਾਵੇ ਜਿਸ ਨਾਲ ਬੈਕਟੀਰੀਆ ਹਾਵੀ ਨਾ ਹੋ ਸਕੇ। ਇਸ ਲਈ ਰੋਜ਼ਾਨਾ ਪੌਸ਼ਟਿਕ ਅਤੇ ਸਾਫ਼ ਸੁਥਰੇ ਭੋਜਨ ਦਾ ਸੇਵਨ ਕੀਤਾ ਜਾਵੇ, ਰੋਜ਼ਾਨਾ ਵਰਜ਼ਿਸ਼, ਖੁੱਲ੍ਹੀ ਹਵਾ 'ਚ ਸੈਰ ਵੀ ਬਹੁਤ ਜ਼ਰੂਰੀ ਹੈ। ਦੋ ਹਫਤਿਆਂ ਤੋਂ ਵੱਧ ਸਮੇਂ ਤੋਂ ਖਾਂਸੀ, ਭਾਰ ਘਟਾਉਣਾ, ਭੁੱਖ ਘੱਟ ਹੋਣਾ, ਬੁਖ਼ਾਰ ਅਤੇ ਰਾਤ ਪਸੀਨਾ ਆਉਣਾ, ਥਕਾਵਟ ਟੀ ਵੀ ਦੇ ਆਮ ਲੱਛਣ ਹਨ। ਜੇ ਕਿਸੇ ਨੂੰ ਇਹ ਲੱਛਣ ਹੁੰਦੇ ਹਨ, ਤਾਂ ਕਿਸੇ ਨੂੰ ਇਹ ਜਾਂਚ ਕਰਨ ਲਈ ਡਾਕਟਰੀ ਸਲਾਹ ਲੈਣੀ ਚਾਹੀਦੀ ਹੈ। ਇਸਦੀ ਜਾਂਚ ਅਤੇ ਇਲਾਜ ਸਰਕਾਰੀ ਸਿਹਤ ਕੇਂਦਰਾਂ 'ਤੇ ਮੁਫ਼ਤ ਉਪਲਬਧ ਹੈ। ਟੀ.ਬੀ. ਵਿਰੁੱਧ ਭਾਰਤ ਸਰਕਾਰ ਵੱਲੋਂ 1997 ਵਿੱਚ ਆਰ.ਐੱਨ.ਟੀ.ਸੀ.ਪੀ. ( ਰਿਵਾਈਜ਼ਡ ਨੈਸ਼ਨਲ ਟਿਊਬਰਕਲੋਜ਼ਿਜ਼ ਕੰਟਰੋਲ ਪ੍ਰੋਗਰਾਮ) ਸ਼ੁਰੂ ਕੀਤਾ ਗਿਆ ਹੈ, ਜਿਸ ਤਹਿਤ ਟੀ.ਬੀ. ਦੇ ਮਰੀਜ਼ ਨੂੰ ਨਿਗਰਾਨੀ ਹੇਠ ਨਿਰਧਾਰਤ ਸਮੇਂ ਲਈ ਦਵਾਈ ਖਵਾਈ ਜਾਂਦੀ ਹੈ, ਇਸ ਨੂੰ ਡਾਟਸ ( ਡਾਇਰੈਕਟਲੀ ਆਬਜ਼ਰਬਡ ਟ੍ਰੀਟਮੈਂਟ ਸ਼ਾਰਟ ਕੋਰਸ) ਕਿਹਾ ਜਾਂਦਾ ਹੈ। ਇਸ ਪ੍ਰਣਾਲੀ ਰਾਹੀਂ ਮਰੀਜ਼ ਨੂੰ ਦਵਾਈ ਹੋਰ ਵਧੇਰੇ ਚੰਗੇ ਤਰੀਕੇ ਨਾਲ, ਬਿਨਾਂ ਦਵਾਈ ਵਿੱਚ ਖੜੋਤ ਤੋਂ ਪੂਰੇ ਨਿਰਧਾਰਤ ਸਮੇਂ ਲਈ ਦਿੱਤੀ ਜਾ ਸਕਦੀ ਹੈ ਅਤੇ ਬਿਮਾਰੀ ਨੂੰ ਖ਼ਤਮ ਕੀਤਾ ਜਾ ਸਕਦਾ ਹੈ। ਟੀ.ਬੀ. ਨੂੰ ਫੈਲਣ ਤੋਂ ਕਿਵੇਂ ਰੋਕਿਆ ਜਾਵੇ ਟੀ.ਬੀ. ਪ੍ਰਭਾਵਿਤ ਮਰੀਜ਼ ਦੀ ਵੱਡੀ ਜ਼ਿੰਮੇਵਾਰੀ ਹੈ ਕਿ ਉਹ ਇਸ ਨੂੰ ਅੱਗੇ ਫੈਲਣ ਤੋਂ ਰੋਕਣ ਲਈ ਆਪਣਾ ਭਰਪੂਰ ਯੋਗਦਾਨ ਪਾਵੇ। ਖੰਘਣ ਜਾਂ ਛਿੱਕਣ ਮੌਕੇ ਰੁਮਾਲ ਦੀ ਵਰਤੋਂ ਕੀਤੀ ਜਾਵੇ ਅਤੇ ਖੁੱਲ੍ਹੇ ਵਿਚ ਨਾ ਥੁੱਕਿਆ ਜਾਵੇ। ਉਸਦੇ ਰਹਿਣ ਵਾਲੀ ਥਾਂ ਕਾਫ਼ੀ ਹਵਾਦਾਰ ਹੋਣੇ ਚਾਹੀਦੇ ਹਨ। ਟੀ.ਬੀ. ਦੀ ਪੁਸ਼ਟੀ ਹੋਣ ਤੇ ਦਵਾਈ ਦਾ ਕੋਰਸ ਪੂਰਾ ਕੀਤਾ ਜਾਵੇ। ਡਾਕਟਰ ਦੀ ਜਾਂਚ ਅਤੇ ਪੂਰੀ ਤਰ੍ਹਾਂ ਟੀ.ਬੀ. ਠੀਕ ਹੋਣ ਤੇ ਹੀ ਇਲਾਜ ਬੰਦ ਕੀਤਾ ਜਾਵੇ। ਬੱਚਿਆਂ ਨੂੰ ਬੀ.ਸੀ.ਜੀ. ਦਾ ਟੀਕਾ ਸਮੇਂ ਸਿਰ ਲਗਵਾਇਆ ਜਾਵੇ। ਟੀ.ਬੀ. ਕਦੇ ਠੀਕ ਨਹੀਂ ਹੁੰਦੀ ਇਹ ਧਾਰਨਾ ਬਿਲਕੁਲ ਗਲਤ ਹੈ। ਸਹੀ ਢੰਗ ਨਾਲ ਇਲਾਜ ਕਰਵਾਉਣ ਅਤੇ ਡਾਕਟਰੀ ਹਦਾਇਤਾਂ ਦੀ ਪਾਲਣਾ ਕਰਨ ਨਾਲ ਇਹ ਬਿਲਕੁਲ ਠੀਕ ਹੋ ਸਕਦੀ ਹੈ।ਸਰਕਾਰ ਵੱਲੋਂ ਇਸਦਾ ਇਲਾਜ ਬਿਲਕੁੱਲ ਮੁਫ਼ਤ ਕੀਤਾ ਜਾਂਦਾ ਹੈ।

ਬਲਾਕ ਐਜੂਕੇਟਰ, ਸਿਹਤ ਵਿਭਾਗ, 9876805158

ਸਭ ਤੋਂ ਪਹਿਲਾਂ ਇਸ ਟੀਕੇ ਦੀ ਵਰਤੋਂ 1921 ਵਿੱਚ ਫਰਾਂਸ ਅੰਦਰ ਇੱਕ ਸਕੂਲੀ ਬੱਚੇ ਦੇ ਲਗਾ ਕੇ ਕੀਤੀ ਗਈ, ਜਿਸਦਾ ਸਕਾਰਾਤਮਕ ਨਤੀਜ਼ਾ ਸਾਹਮਣੇ ਆਇਆ। ਇਸਤੋਂ ਬਾਅਦ 1956 ਤੱਕ ਕਰੀਬ 6 ਲੱਖ ਬੱਚਿਆਂ ਨੂੰ ਇਹ ਵੈਕਸੀਨ ਲਗਾਈ ਗਈ। ਯੂਰਪ ਤੋਂ ਇਲਾਵਾ ਭਾਰਤ ਵਿੱਚ ਇਹ ਵੈਕਸੀਨ ਪਹਿਲੀ ਵਾਰ 1948 ਵਿੱਚ ਲਗਾਈ ਗਈ ਜੋ ਕਿ ਹੁਣ ਤੱਕ ਜਾਰੀ ਹੈ। ਇਹ ਵੈਕਸੀਨ ਬੱਚੇ ਨੂੰ ਭਵਿੱਖ ਵਿੱਚ ਟੀ.ਬੀ. ਦੀ ਬਿਮਾਰੀ ਤੋਂ ਸੁਰੱਖਿਆ ਪ੍ਰਦਾਨ ਕਰਦੀ ਹੈ। ਇਸ ਤੋਂ ਇਲਾਵਾ ਟੀ.ਬੀ. ਤੋਂ ਬਚਣ ਲਈ ਸਭ ਤੋਂ ਜ਼ਰੂਰੀ ਹੈ ਕਿ ਆਪਣੀ ਰੋਗਾਂ ਨਾਲ ਲੜਨ ਦੀ ਸ਼ਕਤੀ ਨੂੰ ਵਧਾਇਆ ਜਾਵੇ ਜਿਸ ਨਾਲ ਬੈਕਟੀਰੀਆ ਹਾਵੀ ਨਾ ਹੋ ਸਕੇ।

## ਜੇਕਰ ਬੱਚੇ ਦੇ ਢਿੱਡ 'ਚ ਕੀੜਿਆਂ ਨੂੰ ਕਰਨਾ ਹੈ ਖ਼ਤਮ ਤਾਂ ਅਪਣਾਉ ਇਹ ਘਰੇਲੂ ਨੁਸਖ਼ੇ

ਢਿੱਡ ਦੇ ਕੀੜਿਆਂ ਦੀ ਸਮੱਸਿਆ ਬੱਚਿਆਂ 'ਚ ਅਕਸਰ ਦੇਖਣ ਨੂੰ ਮਿਲਦੀ ਹੈ। ਇਸੇ ਕਾਰਨ ਕਈ ਵਾਰ ਬੱਚਿਆਂ ਨੂੰ ਉਲਟੀਆਂ ਆਉਣ ਲੱਗ ਜਾਂਦੀਆਂ ਹਨ ਜਾਂ ਢਿੱਡ 'ਚ ਦਰਦ ਹੋਣ ਲੱਗ ਜਾਂਦਾ ਹੈ। ਅਜਿਹੇ 'ਚ ਜੇਕਰ ਤੁਸੀਂ ਰਸੋਈ 'ਚ ਰੱਖੇ ਕੁੱਝ ਘਰੇਲੂ ਨੁਸਖ਼ਿਆਂ ਨੂੰ ਅਪਣਾਉਂਦੇ ਹੋ ਤਾਂ ਕੁੱਝ ਹੀ ਹਫ਼ਤਿਆਂ 'ਚ ਤੁਹਾਨੂੰ ਫ਼ਰਕ ਸਾਫ਼ ਨਜ਼ਰ ਆਉਣ ਲੱਗ ਜਾਵੇਗਾ। ਢਿੱਡ 'ਚ ਕੀੜੇ ਹੋਣ ਕਾਰਨ ਕਈ ਵਾਰ ਬੱਚਿਆਂ ਨੂੰ ਭੁੱਖ ਨਹੀਂ ਲਗਦੀ ਅਤੇ ਖਾਣਾ ਠੀਕ ਤਰ੍ਹਾਂ ਨਹੀਂ ਖਾ ਪਾਉਂਦੇ।

ਅਜਿਹੇ 'ਚ ਇਹ ਘਰੇਲੂ ਨੁਸਖ਼ੇ ਇਸ ਸਮੱਸਿਆ 'ਚ ਕਾਰਗਰ ਸਾਬਤ ਹੁੰਦੇ ਹਨ। ਸੱਭ ਤੋਂ ਪਹਿਲਾਂ ਢਿੱਡ ਦੇ ਕੀੜਿਆਂ ਦਾ ਮੁੱਖ ਕਾਰਨ ਜਾਣਨਾ ਚਾਹੀਦਾ ਹੈ। ਅਕਸਰ ਦੇਖਿਆ ਜਾਂਦਾ ਹੈ ਕਿ ਬੱਚੇ ਬਹੁਤ ਜ਼ਿਆਦਾ ਮਿਠਾਈਆਂ, ਚਾਕਲੇਟ ਜਾਂ ਚੀਨੀ ਖਾਂਦੇ ਹਨ, ਇਸ ਕਾਰਨ ਢਿੱਡ 'ਚ ਕੀੜੇ ਹੋ ਸਕਦੇ ਹਨ। ਇਸ ਤੋਂ ਇਲਾਵਾ ਜਿਹੜੇ ਬੱਚੇ ਬਾਹਰ ਖੇਡਦੇ ਹਨ ਤੇ ਘਰ ਆ ਕੇ ਬਿਨਾਂ ਹੱਥ ਧੋਏ ਸਿੱਧਾ ਖਾਣਾ ਖਾਣ ਲਗਦੇ ਹਨ, ਇਸ ਨਾਲ ਗੰਦਗੀ ਢਿੱਡ 'ਚ ਜਾ ਕੇ ਇਨਫ਼ੈਕਸ਼ਨ ਦਾ ਕਾਰਨ ਬਣਦੀ ਹੈ ਅਤੇ ਢਿੱਡ 'ਚ ਕੀੜੇ ਬਣਦੇ ਹਨ।

ਆਉ ਜਾਣਦੇ ਹਾਂ ਬੱਚਿਆਂ ਦੇ ਢਿੱਡ 'ਚ ਕੀੜਿਆਂ ਨੂੰ ਖ਼ਤਮ ਕਰਨ ਦੇ ਘਰੇਲੂ ਨੁਸਖ਼ਿਆਂ ਬਾਰੇ:

ਢਿੱਡ ਦੇ ਕੀੜੇ ਹੋਣ ਦੀ ਸੂਰਤ 'ਚ ਸੱਭ ਤੋਂ ਪਹਿਲਾਂ ਹਰ ਦੋ ਦਿਨਾਂ ਬਾਅਦ ਬੱਚਿਆਂ ਨੂੰ ਅਜਵਾਇਨ ਦਾ ਪਾਣੀ ਦੇਣਾ ਸ਼ੁਰੂ ਕਰੋ। ਅਜਵਾਇਨ 'ਚ ਐਂਟੀਆਕਸੀਡੈਂਟ ਅਤੇ ਐਂਟੀ-ਬੈਕਟੀਰੀਅਲ ਗੁਣ ਹੁੰਦੇ ਹਨ, ਜਿਹੜੇ ਢਿੱਡ ਦੇ ਕੀੜਿਆਂ ਨੂੰ ਮਾਰਨ ਦਾ ਕੰਮ ਕਰਦੇ ਹਨ। ਤੁਸੀਂ ਹਰ ਚਾਰ ਦਿਨ ਬਾਅਦ ਬੱਚਿਆਂ ਨੂੰ ਜੀਰੇ ਦਾ ਪਾਣੀ ਦੇ ਸਕਦੇ ਹੋ ਕਿਉਂਕਿ ਜੀਰੇ ਦਾ ਪਾਣੀ ਬਹੁਤ ਠੰਢੀ ਤਸੀਰ ਵਾਲਾ ਹੁੰਦਾ ਹੈ। ਇਸ ਲਈ ਬੱਚਿਆਂ ਨੂੰ ਹਰ ਰੋਜ਼ ਇਸ ਦਾ ਸੇਵਨ ਨਹੀਂ ਕਰਨਾ ਚਾਹੀਦਾ। ਜੀਰਾ ਐਂਟੀਬੈਕਟੀਰੀਅਲ ਅਤੇ ਐਂਟੀਫੰਗਲ ਵੀ ਹੈ।

ਬੱਚਿਆਂ ਨੂੰ ਤ੍ਰਿਫਲਾ ਪਾਊਡਰ ਇਕ ਗਲਾਸ ਪਾਣੀ 'ਚ ਘੋਲ ਕੇ ਦਿਤਾ ਜਾ ਸਕਦਾ ਹੈ। ਇਹ ਰਾਮਬਾਣ ਦਾ ਕੰਮ ਕਰਦਾ ਹੈ। ਤ੍ਰਿਫਲਾ ਪਾਊਡਰ ਵਿਚ ਕਈ ਐਂਟੀਬੈਕਟੀਰੀਅਲ ਗੁਣ ਮਿਲ ਜਾਂਦੇ ਹਨ ਜਿਸ ਨਾਲ ਢਿੱਡ ਦੀਆਂ ਸਮੱਸਿਆਵਾਂ ਤੋਂ ਰਾਹਤ ਮਿਲਦੀ ਹੈ। ਸਵੇਰੇ ਉੱਠ ਕੇ ਬੱਚਿਆਂ ਨੂੰ ਇਕ ਗਲਾਸ ਕੋਸੇ ਪਾਣੀ 'ਚ ਕਾਲਾ ਨਮਕ ਅਤੇ ਥੋੜ੍ਹਾ ਜਿਹਾ ਕਾਲੀ ਮਿਰਚ ਪਾਊਡਰ ਮਿਲਾ ਕੇ ਪਿਆਉ। ਕਾਲਾ ਨਮਕ ਢਿੱਡ ਦੇ ਕੀੜਿਆਂ ਨੂੰ ਮਾਰਨ ਦਾ ਵੀ ਕੰਮ ਕਰਦਾ ਹੈ। ਇਹ ਕੀੜਿਆਂ ਲਈ ਜ਼ਹਿਰ ਤੋਂ ਘੱਟ ਨਹੀਂ ਹੈ। ਇਸ ਨਾਲ ਹੀ ਬੱਚਿਆਂ ਨੂੰ ਹਰ 6 ਮਹੀਨਿਆਂ 'ਚ ਇਕ ਵਾਰ ਡੀ-ਵਾਰਮਿੰਗ ਦਵਾਈ ਜ਼ਰੂਰ ਲੈਣੀ ਚਾਹੀਦੀ ਹੈ। ਇਸ ਤੋਂ ਇਲਾਵਾ ਬੱਚਿਆਂ ਨੂੰ ਹਮੇਸ਼ਾ ਸਾਫ਼ ਹੱਥਾਂ ਨਾਲ ਖਾਣਾ ਖਾਣ ਦੀ ਆਦਤ ਪਾਉ ਅਤੇ ਬਾਥਰੂਮ 'ਚ ਚੱਪਲਾਂ ਪਾਉਣ ਦੀ ਆਦਤ ਪਾਉ। ਜਿਥੋਂ ਤਕ ਹੋ ਸਕੇ ਮਠਿਆਈਆਂ ਅਤੇ ਚੀਨੀ ਤੋਂ ਪਰਹੇਜ਼ ਕਰੋ। ਜੇਕਰ ਤੁਸੀਂ ਇਨ੍ਹਾਂ ਗੱਲਾਂ ਦਾ ਧਿਆਨ ਰੱਖੋਗੇ ਤਾਂ ਇਸ ਦਾ ਅਸਰ ਇਕ ਹਫ਼ਤੇ ਵਿਚ ਨਜ਼ਰ ਆਉਣ ਲਗੇਗਾ।

ਬੱਚਿਆਂ ਦੀ ਡਾਈਟ 'ਚ ਟਮਾਟਰ ਨੂੰ ਜ਼ਰੂਰ ਸ਼ਾਮਲ ਕਰੋ। ਟਮਾਟਰ ਨੂੰ ਕੱਟ ਕੇ ਉਸ 'ਚ ਨਮਕ ਅਤੇ ਕਾਲੀ ਮਿਰਚ ਦਾ ਚੂਰਨ ਮਿਲਾ ਕੇ ਸੇਵਨ ਕਰਾਉ। ਇਸ ਨਾਲ ਢਿੱਡ ਦੇ ਕੀੜੇ ਖ਼ਤਮ ਹੋਣਗੇ। ਬੱਚਿਆਂ ਨੂੰ ਅਨਾਰ ਦਾ ਜੂਸ ਰੋਜ਼ਾਨਾ ਪਿਆਉ। ਛੋਟਾ ਬੱਚਾ ਹੈ ਤਾਂ ਉਸ ਨੂੰ ਦੋ ਤਿੰਨ ਚਮਚ, ਵੱਡਾ ਬੱਚਾ ਹੈ ਤਾਂ ਮਾਤਰਾ ਜ਼ਿਆਦਾ ਕਰ ਦਿਉ। ਇਸ ਜੂਸ ਦੇ ਸੇਵਨ ਨਾਲ ਬੱਚੇ 'ਚ ਖ਼ੂਨ ਦੀ ਕਮੀ ਵੀ ਦੂਰ ਹੁੰਦੀ ਹੈ। ਛੋਟੇ ਬੱਚੇ ਖਾਣ 'ਚ ਬਹੁਤ ਆਨਾਕਾਨੀ ਕਰਦੇ ਹਨ। ਅਜਿਹੇ 'ਚ ਤੁਸੀਂ ਆਸਾਨ ਉਪਾਅ ਬੱਚੇ ਨੂੰ ਸਵੇਰੇ ਸ਼ਾਮ ਦਹੀਂ 'ਚ ਸ਼ਹਿਦ ਮਿਲਾ ਕੇ ਖਵਾਉ। ਇਸ ਦੀ ਵਰਤੋਂ ਨਾਲ ਢਿੱਡ ਦੇ ਕੀੜੇ ਅਪਣੇ ਆਪ ਹੀ ਖ਼ਤਮ ਹੋ ਜਾਣਗੇ।

ਬੱਚਿਆਂ ਦੀ ਡਾਈਟ 'ਚ ਟਮਾਟਰ ਨੂੰ ਜ਼ਰੂਰ ਸ਼ਾਮਲ ਕਰੋ। ਟਮਾਟਰ ਨੂੰ ਕੱਟ ਕੇ ਉਸ 'ਚ ਨਮਕ ਅਤੇ ਕਾਲੀ ਮਿਰਚ ਦਾ ਚੂਰਨ ਮਿਲਾ ਕੇ ਸੇਵਨ ਕਰਾਉ। ਇਸ ਨਾਲ ਢਿੱਡ ਦੇ ਕੀੜੇ ਖ਼ਤਮ ਹੋਣਗੇ। ਬੱਚਿਆਂ ਨੂੰ ਅਨਾਰ ਦਾ ਜੂਸ ਰੋਜ਼ਾਨਾ ਪਿਆਉ।



# ਮੁੱਖ ਮੰਤਰੀ ਭਗਵੰਤ ਮਾਨ ਦੇ ਘਰ ਧੀ ਨੇ ਜਨਮ ਲਿਆ

ਮੁਹਾਲੀ, 29 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਪਤਨੀ ਡਾ. ਗੁਰਪ੍ਰੀਤ ਕੌਰ ਨੇ ਅੱਜ ਮੁਹਾਲੀ ਦੇ ਸੁਪਰ ਸਪੈਸ਼ਲਿਸਟ ਹਸਪਤਾਲ ਵਿੱਚ ਧੀ ਨੂੰ ਜਨਮ ਦਿੱਤਾ ਹੈ। ਡਾਕਟਰ ਗੁਰਪ੍ਰੀਤ ਕੌਰ ਨੂੰ ਬੀਤੇ ਦਿਨੀਂ ਫੋਰਟਿਸ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ ਸੀ। ਸ੍ਰੀ ਮਾਨ ਵੀ ਸਾਰੀ ਰਾਤ ਹਸਪਤਾਲ ਵਿੱਚ ਪਤਨੀ ਕੋਲ ਰਹੇ।

ਮੁੱਖ ਮੰਤਰੀ ਨੇ ਅੱਜ ਖ਼ੁਦ ਸੋਸ਼ਲ ਮੀਡੀਆ 'ਤੇ ਪੋਸਟ ਅਪਲੋਡ ਕਰਕੇ ਇਹ ਜਾਣਕਾਰੀ ਜਨਤਕ ਕੀਤੀ। ਉਨ੍ਹਾਂ ਲਿਖਿਆ,'ਵਾਹਿਗੁਰੂ ਜੀ ਨੇ ਬੇਟੀ ਦੀ ਦਾਤ ਬਖ਼ਸ਼ੀ ਹੈ,ਜ਼ੱਚਾ-ਬੱਚਾ ਦੋਵੇਂ ਤੰਦਰੁਸਤ ਨੇ।' ਅੱਜ ਪਰਿਵਾਰ ਦੇ



ਬਾਕੀ ਜੀਆਂ ਅਤੇ ਕੁੱਝ ਨਜ਼ਦੀਕੀ ਰਿਸ਼ਤੇਦਾਰਾਂ ਨੇ ਵੀ ਹਸਪਤਾਲ ਵਿੱਚ ਪਹੁੰਚ ਕੇ ਮੁੱਖ ਮੰਤਰੀ ਨੂੰ ਵਧਾਈ ਦਿੱਤੀ। ਇਸ ਸਾਲ 26 ਜਨਵਰੀ ਨੂੰ ਲੁਧਿਆਣਾ ਵਿਖੇ ਤਿਰੰਗਾ ਲਹਿਰਾਉਣ ਸਮੇਂ ਮੁੱਖ ਮੰਤਰੀ ਭਗਵੰਤ ਮਾਨ ਨੇ ਖ਼ੁਦ ਆਪਣੇ ਸੰਬੋਧਨ ਵਿੱਚ ਡਾਕਟਰ ਗੁਰਪ੍ਰੀਤ ਕੌਰ ਦੇ ਗਰਭਵਤੀ ਹੋਣ ਬਾਰੇ ਜਨਤਕ ਤੌਰ 'ਤੇ ਜਾਣਕਾਰੀ ਸਾਂਝੀ ਕੀਤੀ ਸੀ ਅਤੇ ਆਮ ਲੋਕਾਂ ਨੂੰ ਇਹ ਅਪੀਲ ਕੀਤੀ ਸੀ ਕਿ ਧੀਆਂ ਨੂੰ ਕੁੱਖ 'ਚ ਨਹੀਂ ਮਾਰਨਾ ਚਾਹੀਦਾ।

ਉਧਰ ਕਈ ਅਲੋਚਕਾਂ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਧੀ ਜੰਮਣ ਦੀ ਵਧਾਈ ਦਿੰਦੇ ਹੋਏ ਨਵਜੰਮੀ ਬੱਚੀ ਦੀ ਸਿਹਤਯਾਬੀ ਅਤੇ ਲੰਮੀ ਉਮਰ ਦੀ ਕਾਮਨਾ ਕੀਤੀ ਪਰ ਨਾਲ ਹੀ ਤਾਹਨੇ ਮਿਹਣੇ ਵੀ ਦਿੱਤੇ ਕਿ ਡਿਲਿਵਰੀ ਲਈ ਮੁਹਾਲੀ ਦੇ ਫੋਰਟਿਸ ਹਸਪਤਾਲ ਨੂੰ ਹੀ ਕਿਉਂ ਚੁਣਿਆ ਗਿਆ ?

# ਵਕੀਲਾਂ ਨੇ ਨਿਆਂਪਾਲਿਕਾ 'ਤੇ 'ਦਬਾਅ ਪਾਉਣ ਵਾਲਿਆਂ' ਖ਼ਿਲਾਫ਼ ਚੀਫ ਜਸਟਿਸ ਨੂੰ ਪੱਤਰ ਭੇਜਿਆ

ਨਵੀਂ ਦਿੱਲੀ, 29 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਸੀਨੀਅਰ ਵਕੀਲ ਹਰੀਸ਼ ਸਾਲਵੇ ਅਤੇ ਬਾਰ ਕੌਂਸਲ ਆਫ਼ ਇੰਡੀਆ ਦੇ ਪ੍ਰਧਾਨ ਮਨਨ ਕੁਮਾਰ ਮਿਸ਼ਰਾ ਸਮੇਤ ਕਈ ਵਕੀਲਾਂ ਨੇ ਚੀਫ ਜਸਟਿਸ ਨੂੰ ਪੱਤਰ ਲਿਖ ਕੇ ਦੋਸ਼ ਲਾਇਆ ਹੈ ਕਿ ਸਵਾਰਥੀ ਹਿੱਤਾਂ ਵਾਲਾ ਗਰੁੱਪ 'ਬੇਕਾਰ ਦਲੀਲਾਂ ਅਤੇ ਫਾਲਤੂ ਸਿਆਸੀ ਏਜੰਡੇ' ਦੇ ਆਧਾਰ 'ਤੇ ਨਿਆਂਪਾਲਿਕਾ 'ਤੇ ਦਬਾਅ ਬਣਾਉਣ ਅਤੇ ਅਦਾਲਤਾਂ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਚੀਫ਼ ਜਸਟਿਸ ਡੀਵਾਈ ਚੰਦਰਚੂੜ ਨੂੰ 26 ਮਾਰਚ ਨੂੰ ਲਿਖੇ ਪੱਤਰ ਵਿੱਚ ਕਿਹਾ ਗਿਆ ਹੈ, 'ਉਨ੍ਹਾਂ ਦੀ ਦਬਾਅ ਦੀ ਰਣਨੀਤੀ ਸਿਆਸੀ ਮਾਮਲਿਆਂ, ਖਾਸ ਤੌਰ 'ਤੇ ਉਨ੍ਹਾਂ ਮਾਮਲਿਆਂ 'ਚ ਸਭ ਤੋਂ ਵੱਧ ਸਪਸ਼ਟ ਹੁੰਦੀਆਂ ਹਨ, ਜਿਨ੍ਹਾਂ 'ਚ ਭ੍ਰਿਸ਼ਟਾਚਾਰ ਦੇ ਮੁਲਜ਼ਮ ਸਿਆਸੀ ਸ਼ਖ਼ਸੀਅਤਾਂ ਹੁੰਦੀਆਂ ਹਨ। ਇਹ ਚਾਲਾਂ ਸਾਡੀਆਂ ਅਦਾਲਤਾਂ ਲਈ ਨੁਕਸਾਨਦੇਹ ਹਨ ਅਤੇ ਸਾਡੇ ਲੋਕਤੰਤਰੀ ਤਾਣੇ-ਬਾਣੇ



ਨੂੰ ਖ਼ਤਰਾ ਹਨ।' ਅਧਿਕਾਰਤ ਸੂਤਰਾਂ ਵੱਲੋਂ ਸਾਂਝੇ ਕੀਤੇ ਪੱਤਰ ਵਿੱਚ ਵਕੀਲਾਂ ਦੇ ਇੱਕ ਹਿੱਸੇ ਨੂੰ ਨਾਮ ਲਏ ਬਗੈਰ ਨਿਸ਼ਾਨਾ ਬਣਾਇਆ ਗਿਆ ਹੈ ਅਤੇ ਦੋਸ਼ ਲਾਇਆ ਗਿਆ ਹੈ ਕਿ ਉਹ ਦਿਨ ਵੇਲੇ ਸਿਆਸਤਦਾਨਾਂ ਦਾ ਬਚਾਅ ਕਰਦੇ ਹਨ ਅਤੇ ਫਿਰ ਰਾਤ ਨੂੰ ਮੀਡੀਆ ਰਾਹੀਂ ਜੱਜਾਂ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕਰਦੇ ਹਨ।

# ਕੇਜਰੀਵਾਲ ਨੂੰ CM ਦੇ ਅਹੁਦੇ ਤੋਂ ਹਟਾਉਣ ਸਬੰਧੀ ਪਟੀਸ਼ਨ ਹਾਈ ਕੋਰਟ ਨੇ ਕੀਤੀ ਖਾਰਜ

ਨਵੀਂ ਦਿੱਲੀ, 29 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਦਿੱਲੀ ਹਾਈ ਕੋਰਟ ਨੇ ਆਮ ਆਦਮੀ ਪਾਰਟੀ ਦੇ ਨੇਤਾ ਅਰਵਿੰਦ ਕੇਜਰੀਵਾਲ ਨੂੰ ਆਬਕਾਰੀ ਨੀਤੀ ਨਾਲ ਜੁੜੇ ਮਨੀ ਲਾਂਡਰਿੰਗ ਮਾਮਲੇ ਵਿਚ ਗ੍ਰਿਫ਼ਤਾਰ ਕੀਤੇ ਜਾਣ ਮਗਰੋਂ ਮੁੱਖ ਮੰਤਰੀ ਦੇ ਅਹੁਦੇ ਤੋਂ ਹਟਾਉਣ ਵਾਲੀ ਜਨਹਿੱਤ ਪਟੀਸ਼ਨ ਅੱਜ ਖਾਰਜ ਕਰ ਦਿੱਤੀ ਹੈ। ਹਾਈ ਕੋਰਟ ਨੇ ਕਿਹਾ ਕਿ ਇਹ ਸਿਆਸੀ ਮਾਮਲਾ ਹੈ ਅਤੇ ਇਸ ਮਾਮਲੇ ਵਿਚ ਨਿਆਂਇਕ ਦਖ਼ਲ ਦੀ ਲੋੜ ਨਹੀਂ ਹੈ। ਚੀਫ਼ ਜਸਟਿਸ ਮਨਮੋਹਨ ਅਤੇ ਜਸਟਿਸ ਮਨਮੀਤ ਪ੍ਰੀਤਮ ਸਿੰਘ ਅਰੋੜਾ ਦੀ ਬੈਂਚ ਨੇ ਮਾਮਲੇ ਦੀ ਸੁਣਵਾਈ ਕੀਤੀ। ਬੈਂਚ ਨੇ ਕਿਹਾ ਕਿ ਜੇਕਰ ਸੰਵਿਧਾਨਕ ਸੰਕਟ ਹੈ ਤਾਂ ਰਾਸ਼ਟਰਪਤੀ ਜਾਂ ਲੈਫਟੀਨੈਂਟ ਜਨਰਲ (LG) ਇਸ 'ਤੇ ਕੰਮ ਕਰਨਗੇ। ਇਸ ਵਿਚ ਸਮਾਂ ਲੱਗ ਸਕਦਾ ਹੈ ਪਰ ਸਾਨੂੰ ਭਰੋਸਾ ਹੈ ਕਿ ਉਹ ਇਸ 'ਤੇ ਫ਼ੈਸਲਾ ਕਰਨਗੇ। ਦਰਅਸਲ ਦਿੱਲੀ ਦੇ LG ਵੀ. ਕੇ. ਸਕਸੈਨਾ ਨੇ ਸਾਫ਼ ਤੌਰ 'ਤੇ ਆਖ



ਦਿੱਤਾ ਹੈ ਕਿ ਜੇਲ੍ਹ ਤੋਂ ਦਿੱਲੀ ਦੀ ਸਰਕਾਰ ਨਹੀਂ ਚੱਲੇਗੀ। ਕੇਜਰੀਵਾਲ ਨੂੰ ਮੁੱਖ ਮੰਤਰੀ ਦੇ ਅਹੁਦੇ ਤੋਂ ਹਟਾਉਣ ਦੀ ਪਟੀਸ਼ਨ ਦਿੱਲੀ ਦੇ ਰਹਿਣ ਵਾਲੇ ਸੁਰਜੀਤ ਸਿੰਘ ਯਾਦਵ ਨੇ ਦਿੱਤੀ ਹੈ, ਜੋ ਇਕ ਸਮਾਜ ਸੇਵਕ ਹਨ। ਸੁਰਜੀਤ ਸਿੰਘ ਯਾਦਵ ਦਾ ਕਹਿਣਾ ਹੈ ਕਿ ਵਿੱਤੀ ਘਪਲੇ ਦੇ ਦੋਸ਼ੀ ਮੁੱਖ ਮੰਤਰੀ ਨੂੰ ਜਨਤਕ ਅਹੁਦਾ ਸੰਭਾਲਣ ਦੀ ਇਜਾਜ਼ਤ ਨਹੀਂ ਦਿੱਤੀ ਜਾਣੀ ਚਾਹੀਦੀ। ਪਟੀਸ਼ਨਰ ਸੁਰਜੀਤ ਨੇ ਆਪਣੀ ਪਟੀਸ਼ਨ ਵਿਚ ਕਿਹਾ ਹੈ ਕਿ ਕੇਜਰੀਵਾਲ ਦੇ ਅਹੁਦੇ 'ਤੇ ਬਣੇ ਰਹਿਣ ਨਾਲ ਨਾ ਸਿਰਫ਼ ਕਾਨੂੰਨ ਦੀ ਬਣਦੀ ਪ੍ਰਕਿਰਿਆ ਵਿਚ ਮੁਸ਼ਕਲਾਂ ਪੈਦਾ ਹੋਣਗੀਆਂ, ਸਗੋਂ ਨਿਆਂ ਪ੍ਰਕਿਰਿਆ 'ਚ ਵੀ ਵਿਘਨ ਪਵੇਗਾ ਅਤੇ ਸੂਬੇ 'ਚ ਸੰਵਿਧਾਨਕ ਪ੍ਰਣਾਲੀ ਵੀ ਢਹਿ-ਢੇਰੀ ਹੋ ਜਾਵੇਗੀ।

## ਭਾਜਪਾ ਨੇ ਪੰਜਾਬ 'ਚ ਅਪਰੇਸ਼ਨ ਲੋਟਸ ਸ਼ੁਰੂ ਕੀਤਾ: ਭਾਰਦਵਾਜ




ਨਵੀਂ ਦਿੱਲੀ, 29 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਲੋਕ ਸਭਾ ਮੈਂਬਰ ਸੁਸ਼ੀਲ ਕੁਮਾਰ ਰਿੰਕੂ ਦੇ ਭਾਜਪਾ 'ਚ ਸ਼ਾਮਲ ਹੋਣ ਤੋਂ ਇਕ ਦਿਨ ਬਾਅਦ ਅੱਜ ਆਪ ਦੇ ਸੀਨੀਅਰ ਆਗੂ ਸੌਰਭ ਭਾਰਦਵਾਜ ਨੇ ਦੋਸ਼ ਲਾਇਆ ਕਿ ਪੰਜਾਬ 'ਚ ਅਪਰੇਸ਼ਨ ਲੋਟਸ ਸ਼ੁਰੂ ਹੋ ਗਿਆ ਹੈ। ਇੱਥੇ ਪ੍ਰੈੱਸ ਕਾਨਫਰੰਸ 'ਚ ਸ੍ਰੀ ਭਾਰਦਵਾਜ ਨੇ ਕਿਹਾ ਕਿ ਪੰਜਾਬ ਵਿੱਚ 'ਆਪ' ਵਿਧਾਇਕਾਂ ਨੇ ਬੁੱਧਵਾਰ ਨੂੰ ਕਿਹਾ ਸੀ ਕਿ ਉਨ੍ਹਾਂ ਵਿੱਚੋਂ ਬਹੁਗਿਣਤੀ ਨੂੰ ਫੋਨ ਆ ਰਹੇ ਹਨ ਅਤੇ ਉਨ੍ਹਾਂ ਨੂੰ ਭਾਜਪਾ ਵਿੱਚ ਸ਼ਾਮਲ ਹੋਣ ਲਈ ਪੈਸੇ, ਵਾਈ ਸ਼੍ਰੇਣੀ ਦੀ ਸੁਰੱਖਿਆ ਅਤੇ ਆਗਾਮੀ ਲੋਕ ਸਭਾ ਚੋਣਾਂ ਲਈ ਟਿਕਟਾਂ ਦੀ ਪੇਸ਼ਕਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ, 'ਭਾਜਪਾ ਅਪਰੇਸ਼ਨ ਲੋਟਸ' ਚਲਾ ਰਹੀ ਹੈ।

## ਕੇਜਰੀਵਾਲ ਦਾ ਈਡੀ ਰਿਮਾਂਡ ਪਹਿਲੀ ਅਪਰੈਲ ਤੱਕ ਵਧਾਇਆ

ਨਵੀਂ ਦਿੱਲੀ, 29 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਦਿੱਲੀ ਆਬਕਾਰੀ ਨੀਤੀ ਮਾਮਲੇ 'ਚ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਅੱਜ ਵਿਸ਼ੇਸ਼ ਜੱਜ ਕਾਵੇਰੀ ਬਵੇਜਾ ਦੇ ਸਾਹਮਣੇ ਪੇਸ਼ ਕੀਤਾ ਗਿਆ। ਅਦਾਲਤ ਨੇ ਕੇਜਰੀਵਾਲ ਦਾ ਈਡੀ ਰਿਮਾਂਡ ਪਹਿਲੀ ਅਪਰੈਲ ਤੱਕ ਵਧਾ ਦਿੱਤਾ। ਈਡੀ ਨੇ ਕੇਜਰੀਵਾਲ ਦੇ ਰਿਮਾਂਡ ਦੀ ਮੰਗ ਕਰਦਿਆਂ ਕਿਹਾ ਸੀ ਕਿ ਉਨ੍ਹਾਂ ਤੋਂ ਹੋਰ ਪੁੱਛ ਪੜਤਾਲ ਕਰਨ ਦੀ ਲੋੜ ਹੈ। ਇਸ ਤੋਂ ਪਹਿਲਾਂ ਅਦਾਲਤ 'ਚ ਜਾਣ ਵੇਲੇ ਮੁੱਖ ਮੰਤਰੀ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਸਿਆਸੀ ਸਾਜ਼ਿਸ਼ ਤਹਿਤ ਫਸਾਇਆ ਗਿਆ ਹੈ ਤੇ ਲੋਕ ਇਸ ਦਾ ਜੁਆਬ ਦੇਣਗੇ।

# ਗੁਰਮੀਤ ਸਿੰਘ ਖੁੱਡੀਆਂ ਨੂੰ ਈਟੀਟੀ 2364 ਜਥੇਬੰਦੀ ਵਲੋਂ ਦਿੱਤਾ ਗਿਆ ਮੰਗ ਪੱਤਰ



ਬਠਿੰਡਾ, 28 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਅੱਜ ਈਟੀਟੀ ਜਥੇਬੰਦੀ ਵਲੋ ਆਮ ਆਦਮੀ ਪਾਰਟੀ ਦੇ ਬਠਿੰਡਾ ਸੀਟ ਤੋਂ ਲੋਕ ਸਭਾ ਦੇ ਉਮੀਦਵਾਰ ਗੁਰਮੀਤ ਸਿੰਘ ਖੁੱਡੀਆਂ ਨੂੰ ਮੰਗ ਪੱਤਰ ਸੌਂਪਿਆ ਗਿਆ ਤੇ ਆਪਣੀਆਂ ਮੰਗਾ ਦੇ ਬਾਰੇ ਜਾਣੂ ਕਰਵਾਇਆ ਗਿਆ

ਉਨ੍ਹਾ ਨੂੰ ਦਸਿਆ ਗਿਆ ਕਿ ਈਟੀਟੀ 2364 ਭਰਤੀ 6.03.2020 ਨੂੰ ਕਾਗਰਸ ਸਰਕਾਰ ਵੱਲੋ ਆਈ ਸੀ। ਕਾਗਰਸ ਸਰਕਾਰ ਦੀ ਨਾਕਾਮੀ ਕਰਕੇ ਇਹ ਭਰਤੀ ਕੋਰਟ ਵਿੱਚ ਚਲੀ ਗਈ ਸੀ। ਪੰਜਾਬ ਐਂਡ ਹਰਿਆਣਾ ਹਾਈਕੋਰਟ ਵੱਲੋਂ ਲਗਾਤਾਰ ਦੋ ਵਾਰ ਇਸ ਭਰਤੀ ਨੂੰ ਰੱਦ ਕਰ ਦਿੱਤਾ ਗਿਆ ਸੀ । ਪਰ ਈਟੀਟੀ 2364 ਜਥੇਬੰਦੀ, ਅਤੇ ਪੰਜਾਬ ਸਰਕਾਰ ਵੱਲੋਂ ਮਾਨਯੋਗ ਡਬਲ ਬੈਂਚ ਉੱਪਰ 30.11.2023 ਨੂੰ ਇਸ ਭਰਤੀ ਨੂੰ ਬਹਾਲ ਕਰਵਾਉਣ ਲਈ ਐਪਲੀਕੇਸ਼ਨ ਲਗਾਈ। ਜਿਸ ਦੇ ਸਿੱਟੇ ਵਜੋਂ ਮਾਨਯੋਗ ਚੀਫ ਜਸਟਿਸ ਰਿਤੂ ਬਾਹਰੀ ਜੀ ਵੱਲੋਂ 19.12.2023 ਨੂੰ ਈਟੀਟੀ 2364 ਭਰਤੀ ਨੂੰ ਬਹਾਲ ਕਰ ਦਿੱਤਾ ਸੀ। ਅਤੇ ਨਾਲ ਹੀ 8 ਹਫਤਿਆਂ ਬਾਅਦ ਈਟੀਟੀ 2364 ਸਲੈਕਟਡ ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਦੇਣ ਦੇ ਨਿਰਦੇਸ਼ ਦਿੱਤੇ ਸਨ।

ਇਸ ਸਮੇਂ ਦੌਰਾਨ ਭਰਤੀ ਪ੍ਰਕਿਰਿਆ ਸ਼ੁਰੂ ਕਰਨ ਦੀ ਬਜਾਏ ਭਰਤੀ ਡਾਇਰੈਕਟੋਰੇਟ ਵੱਲੋਂ ਕਲੈਰੀਫਿਕੇਸ਼ਨ ਦੇ ਨਾਮ ਤੇ ਅਤੇ ਸਮਾਂ ਵਧਾਉਣ ਦੀ ਮੰਗ ਨੂੰ ਲੈ ਕੇ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ 14/02/24 ਨੂੰ 2 ਅਰਜੀਆਂ ਦਾਖਲ ਕੀਤੀਆਂ ਗਈਆਂ। ਜਿਨਾਂ ਨੂੰ 15/03/2024 ਨੂੰ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ (ਸਪੈਸ਼ਲ ਡਬਲ ਬੈਂਚ) ਵੱਲੋਂ ਖਾਰਜ ਕਰਦਿਆਂ ਵਿਭਾਗ ਨੂੰ ਫਿਰ ਤੋਂ 19/12/2023 ਵਾਲੇ ਆਦੇਸ਼ਾਂ ਰਾਹੀ ਨੋਟੀਫਿਕੇਸ਼ਨ ਅਨੁਸਾਰ ਭਰਤੀ ਪ੍ਰਕਿਰਿਆ ਪੂਰੀ ਕਰਨ ਦੇ ਆਦੇਸ਼ ਦਿੱਤੇ।

ਪ੍ਰੰਤੂ ਅੱਜ ਤੱਕ ਵੀ ਵਿਭਾਗ ਵੱਲੋਂ ਭਰਤੀ ਪ੍ਰੀਕਿਰਿਆ ਸ਼ੁਰੂ ਨਹੀ ਕੀਤੀ ਗਈ, ਜੋ ਕਿ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਹੁਕਮਾਂ ਦੀ ਉਲੰਘਣਾ ਬਣਦੀ ਹੈ। ਜਦੋ ਵੀ ਸਿੱਖਿਆ ਮੰਤਰੀ ਹਰਜੋਤ ਬੈਂਸ ਜੀ ਨਾਲ ਮੀਟਿੰਗ ਕੀਤੀ ਜਾਦੀ ਹੈ ਤਾਂ ਸਾਨੂੰ ਲਾਰੇ ਤੋਂ ਸਿਵਾ ਕੁਝ ਵੀ ਨਹੀ ਮਿਲਿਆ। ਇਥੋਂ ਤੱਕ ਕਿ ਵਿਭਾਗ ਵੱਲੋਂ ਕੋਈ ਵੀ ਯੋਗ ਕਾਰਨ ਨਹੀਂ ਦੱਸਿਆ ਜਾ ਰਿਹਾ ਸਕਰੂਟਨੀ ਕਰਵਾ ਚੁੱਕੇ ਉਮੀਦਵਾਰ ਪਹਿਲਾਂ ਹੀ 3 ਸਾਲਾਂ ਤੋਂ ਮਾਨਸਿਕ ਪ੍ਰੇਸ਼ਾਨੀ ਦਾ

## ਮਾਲ ਰਿਕਾਰਡ ਵਿੱਚ ਸੋਧ ਕਰਨ ਬਦਲੇ 500 ਰੁਪਏ ਰਿਸ਼ਵਤ ਲੈਂਦਾ ਪਟਵਾਰੀ ਵਿਜੀਲੈਂਸ ਬਿਊਰੋ ਵੱਲੋਂ ਕਾਬੂ



ਚੰਡੀਗੜ੍ਹ, 29 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਵਿੱਢੀ ਮੁਹਿੰਮ ਦੌਰਾਨ ਅੱਜ ਮਾਲ ਹਲਕਾ ਪਿੰਡ ਬੁਰਜ ਰਾਠੀ, ਜ਼ਿਲ੍ਹਾ ਮਾਨਸਾ ਵਿਖੇ ਤਾਇਨਾਤ ਇੱਕ ਮਾਲ ਪਟਵਾਰੀ ਧਨੀ ਚੰਦ ਨੂੰ ਰਿਸ਼ਵਤ ਦੀ ਮੰਗ ਕਰਨ ਅਤੇ 500 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਇਸ ਮੁਲਾਜ਼ਮ ਨੂੰ ਮਾਨਸਾ ਜ਼ਿਲ੍ਹੇ ਦੇ ਪਿੰਡ ਭਾਈ ਦੇਸਾ ਦੇ ਵਸਨੀਕ ਨਿਸ਼ਾਨ ਸਿੰਘ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ। ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੋਸ਼ ਲਾਇਆ ਹੈ ਕਿ ਉਕਤ ਮੁਲਜ਼ਮ ਨੇ ਉਸ ਦੀ ਜ਼ਮੀਨ ਦੇ ਮਾਲ ਰਿਕਾਰਡ ਵਿੱਚ ਸੋਧ ਕਰਨ ਬਦਲੇ ਰਿਸ਼ਵਤ ਵਜੋਂ 1500 ਰੁਪਏ ਦੀ ਮੰਗ ਕੀਤੀ ਸੀ ਅਤੇ ਮੌਕੇ 'ਤੇ ਹੀ 1000 ਰੁਪਏ ਲੈ ਲਏ ਸਨ ਅਤੇ ਹੁਣ ਰਿਸ਼ਵਤ ਦੀ ਬਾਕੀ ਰਹਿੰਦੀ ਰਕਮ ਮੰਗ ਰਿਹਾ ਹੈ।

ਉਨ੍ਹਾਂ ਅੱਗੇ ਦੱਸਿਆ ਕਿ ਇਸ ਸ਼ਿਕਾਇਤ ਦੀ ਮੁੱਢਲੀ ਜਾਂਚ ਤੋਂ ਬਾਅਦ ਵਿਜੀਲੈਂਸ ਬਿਊਰੋ ਦੀ ਟੀਮ ਨੇ ਜਾਲ ਵਿਛਾਇਆ ਅਤੇ ਮੁਲਜ਼ਮ ਪਟਵਾਰੀ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ ਰਿਸ਼ਵਤ ਦੀ ਦੂਜੀ ਕਿਸ਼ਤ ਵਜੋਂ 500 ਰੁਪਏ ਲੈਂਦੇ ਹੋਏ ਗ੍ਰਿਫ਼ਤਾਰ ਕਰ ਲਿਆ। ਇਸ ਸਬੰਧੀ ਉਕਤ ਮੁਲਜ਼ਮ ਖ਼ਿਲਾਫ਼ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਵਿਜੀਲੈਂਸ ਬਿਊਰੋ ਥਾਣਾ ਬਠਿੰਡਾ ਰੇਂਜ ਵਿਖੇ ਮੁਕੱਦਮਾ ਦਰਜ ਕਰ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਉਸ ਨੂੰ ਭਲਕੇ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ ਅਤੇ ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

# ਮੋਹਾਲੀ ਪ੍ਰੈਸ ਕਲੱਬ ਦੀ ਚੋਣ 'ਚ ਸੁਖਦੇਵ ਪਟਵਾਰੀ ਪ੍ਰਧਾਨ ਅਤੇ ਗੁਰਮੀਤ ਸ਼ਾਹੀ ਜਨਰਲ ਸਕੱਤਰ ਚੁਣੇ ਗਏ




ਮੁਹਾਲੀ, 28 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਪੱਤਰਕਾਰਾਂ ਦੀ ਸਿਰਮੌਰ ਸੰਸਥਾ 'ਮੋਹਾਲੀ ਪ੍ਰੈਸ ਕਲੱਬ' ਦੀ ਸਾਲ 2024-25 ਲਈ ਗਵਰਨਿੰਗ ਬਾਡੀ ਦੀ ਹੋਈ ਚੋਣ ਵਿਚ ਪਟਵਾਰੀ-ਸ਼ਾਹੀ ਗਰੁੱਪ ਜੇਤੂ ਰਿਹਾ। ਦੱਸਣਯੋਗ ਹੈ ਕਿ ਇਸ ਚੋਣ ਵਿਚ ਪਟਵਾਰੀ-ਗੁਰਮੀਤ ਸ਼ਾਹੀ ਪੈਨਲ ਵੱਲੋਂ ਹੀ ਕਾਗਜ਼ ਦਾਖਿਲ ਕੀਤੇ ਗਏ ਜਦਕਿ ਕਿਸੇ ਹੋਰ ਉਮੀਦਵਾਰ ਜਾਂ ਪੈਨਲ ਵੱਲੋਂ ਨਾਮਜ਼ਦਗੀ ਕਾਗਜ਼ ਦਾਖਿਲ ਨਹੀਂ ਕੀਤੇ ਗਏ, ਜਿਸ ਦੌਰਾਨ ਚੋਣ ਕਮਿਸ਼ਨ ਵੱਲੋਂ ਸੁਖਦੇਵ ਸਿੰਘ ਪਟਵਾਰੀ ਨੂੰ ਪ੍ਰਧਾਨ ਐਲਾਨ ਦਿੱਤਾ ਗਿਆ। ਮੋਹਾਲੀ ਪ੍ਰੈਸ ਕਲੱਬ ਦੀ ਸਲਾਨਾ ਚੋਣ ਲਈ ਤਿੰਨ ਮੈਂਬਰੀ ਚੋਣ ਕਮਿਸ਼ਨ ਵੱਲੋਂ ਐਲਾਨੇ ਗਏ ਪ੍ਰੋਗਰਾਮ ਮੁਤਾਬਕ ਅੱਜ ਸ਼ਾਮੀ 3.00 ਵਜੇ ਫਾਰਮ ਵਾਪਸ ਲੈਣ ਦੇ ਆਖਰੀ ਸਮੇਂ ਤੋਂ ਬਾਅਦ ਬਿਨਾਂ ਮੁਕਾਬਲਾ ਪਟਵਾਰੀ-ਸ਼ਾਹੀ ਗਰੁੱਪ ਜੇਤੂ ਕਰਾਰ ਦੇ ਦਿੱਤਾ ਗਿਆ।

ਮੁੱਖ ਚੋਣ ਕਮਿਸ਼ਨਰ ਹਰਿੰਦਰ ਪਾਲ ਸਿੰਘ ਹੈਰੀ, ਚੋਣ ਕਮਿਸ਼ਨਰ ਧਰਮਪਾਲ ਉਪਾਸ਼ਕ ਅਤੇ ਕੁਲਵਿੰਦਰ ਸਿੰਘ ਬਾਵਾ ਨੇ ਦੱਸਿਆ ਕਿ ਇਨ੍ਹਾਂ ਚੋਣਾਂ ਵਿਚ ਸੁਖਦੇਵ ਸਿੰਘ ਪਟਵਾਰੀ ਪ੍ਰਧਾਨ, ਜਨਰਲ ਸਕੱਤਰ ਗੁਰਮੀਤ ਸਿੰਘ ਸ਼ਾਹੀ, ਸੀ. ਮੀਤ ਪ੍ਰਧਾਨ ਸੁਸ਼ੀਲ ਗਰਚਾ, ਮੀਤ ਪ੍ਰਧਾਨ ਰਾਜੀਵ ਤਨੇਜਾ ਤੇ ਧਰਮ ਸਿੰਘ, ਜਥੇਬੰਦਕ ਸਕੱਤਰ ਮੈਡਮ ਨੀਲਮ ਠਾਕੁਰ, ਜੁਆਇੰਟ ਸਕੱਤਰ ਵਿਜੇ ਕੁਮਾਰ ਤੇ ਮਾਇਆ ਰਾਮ ਅਤੇ ਵਿੱਤ ਸਕੱਤਰ ਮਨਜੀਤ ਸਿੰਘ ਚਾਨਾ ਨੂੰ ਜੇਤੂ ਕਰਾਰ ਦਿੱਤਾ ਗਿਆ ਹੈ। ਚੋਣ ਕਮਿਸ਼ਨ ਵੱਲੋਂ ਕਲੱਬ ਦੀ ਚੋਣ ਵਿੱਚ ਸਹਿਯੋਗ ਦੇਣ ਲਈ ਸਮੂਹ ਮੈਂਬਰਾਂ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਪ੍ਰਧਾਨ ਸੁਖਦੇਵ ਸਿੰਘ ਪਟਵਾਰੀ ਨੇ ਚੋਣ ਕਮਿਸ਼ਨ ਦਾ ਵਿਸ਼ੇਸ਼ ਧੰਨਵਾਦ ਕਰਦੇ ਹੋਏ ਕਿਹਾ ਕਿ ਕਮਿਸ਼ਨ ਨੇ ਬੜੇ ਹੀ ਸ਼ਾਂਤੀਪੂਰਵਕ ਮਾਹੌਲ ਅਤੇ ਤਨਦੇਹੀ ਨਾਲ ਸੌਂਪੀ ਜ਼ਿੰਮੇਵਾਰੀ ਨੂੰ ਨੇਪਰੇ ਚੜ੍ਹਾਇਆ।

ਉਹਨਾਂ ਅੱਗੇ ਕਿਹਾ ਕਿ ਮੋਹਾਲੀ ਪ੍ਰੈਸ ਕਲੱਬ ਸਾਹਮਣੇ ਸਭ ਤੋਂ ਵੱਡਾ ਕਾਰਜ ਪ੍ਰੈਸ ਕਲੱਬ ਲਈ ਸਰਕਾਰ ਪਾਸੋਂ ਥਾਂ ਲੈਣ ਦਾ ਹੈ, ਜਿਸ ਵਾਸਤੇ ਮੋਹਾਲੀ ਪ੍ਰੈਸ ਕਲੱਬ ਅਤੇ ਸਮੂਹ ਪੱਤਰਕਾਰ ਭਾਈਚਾਰੇ ਨੂੰ ਨਾਲ ਲੈ ਕੇ ਹਰ ਸੰਭਵ ਉਪਰਾਲੇ ਕੀਤੇ ਜਾਣਗੇ। ਇਸ ਦੌਰਾਨ ਕਲੱਬ ਦੇ ਵੱਖ ਵੱਖ ਮੈਂਬਰਾਂ ਵਲੋਂ ਨਵੀਂ ਚੁਣੀ ਟੀਮ ਨੂੰ ਵਧਾਈ ਦਿੰਦਿਆਂ ਫੁੱਲਾਂ ਦੇ ਹਾਰ ਪਾ ਕੇ ਸਵਾਗਤ ਕੀਤਾ ਅਤੇ ਖ਼ੁਸ਼ੀ ਵਿੱਚ ਲੱਡੂ ਵੰਡੇ ਗਏ।

## ਰਿੰਕੂ ਤੇ ਅੰਗੁਰਾਲ ਵਿਰੁੱਧ ਪ੍ਰਦਰਸ਼ਨ ਕਰਨ ਵਾਲੇ 'ਆਪ' ਆਗੂਆਂ ਵਿਰੁੱਧ ਮਾਮਲਾ ਦਰਜ




ਜਲੰਧਰ, 29 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਆਮ ਆਦਮੀ ਪਾਰਟੀ ਦੇ ਸੰਸਦ ਮੈਂਬਰ ਸੁਸ਼ੀਲ ਕੁਮਾਰ ਰਿੰਕੂ ਅਤੇ ਵਿਧਾਇਕ ਸ਼ੀਤਲ ਅੰਗੁਰਾਲ ਕੱਲ੍ਹ ਭਾਜਪਾ ਵਿੱਚ ਸ਼ਾਮਲ ਹੋ ਗਏ ਸਨ। 'ਆਪ' ਦੇ ਵਰਕਰਾਂ ਅਤੇ ਆਗੂਆਂ ਨੇ ਦੋਹਾਂ ਵਿਰੁੱਧ ਗੁੱਸੇ ਦਾ ਇਜ਼ਹਾਰ ਕਰਦਿਆਂ ਪ੍ਰਦਰਸ਼ਨ ਕੀਤਾ ਸੀ।

ਇਸ ਪ੍ਰਦਰਸ਼ਨ ਦੌਰਾਨ ਜਲੰਧਰ ਪੱਛਮੀ ਵਿਧਾਨ ਸਭਾ ਹਲਕੇ ਵਿੱਚ ਕੁਝ ਲੋਕਾਂ ਨੇ ਸਰਕਾਰੀ ਬੋਰਡ ਫਾੜ ਦਿੱਤੇ, ਜਿਸ ਤੋਂ ਬਾਅਦ ਪੁਲੀਸ ਨੇ ਵੀਡੀਓਗ੍ਰਾਫੀ ਕਰਵਾ ਕੇ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਹੈ। ਪੁਲੀਸ ਵੀਡੀਓਗ੍ਰਾਫੀ ਰਾਹੀਂ ਸ਼ਰਾਰਤੀਆਂ ਦੀ ਪਛਾਣ ਕਰ ਰਹੀ ਹੈ।

## ਪੀ.ਐਸ.ਪੀ.ਸੀ.ਐਲ. ਦਾ ਸਹਾਇਕ ਲਾਈਨ ਮੈਨ 15,000 ਰੁਪਏ ਰਿਸ਼ਵਤ ਲੈਂਦਾ ਵਿਜੀਲੈਂਸ ਬਿਊਰੋ ਵੱਲੋਂ ਕਾਬੂ

ਪਟਿਆਲਾ, 29 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚੱਲ ਰਹੀ ਮੁਹਿੰਮ ਦੌਰਾਨ ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਅੱਜ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ (ਪੀ.ਐਸ.ਪੀ.ਸੀ.ਐਲ.) ਦਫ਼ਤਰ ਬਲਬੇੜਾ, ਜ਼ਿਲ੍ਹਾ ਪਟਿਆਲਾ ਵਿਖੇ ਤਕਨੀਕੀ ਸਹਾਇਕ ਲਾਈਨ ਮੈਨ (ਏਐਲਐਮ) ਵਜੋਂ ਤਾਇਨਾਤ ਚਰਨਜੀਤ ਸਿੰਘ, ਜੋ ਬਤੌਰ ਖ਼ਪਤਕਾਰ ਕਲਰਕ ਵਜੋਂ ਕੰਮ ਕਰ ਰਿਹਾ ਹੈ, ਨੂੰ 15,000 ਰੁਪਏ ਰਿਸ਼ਵਤ ਲੈਂਦਿਆਂ ਕਾਬੂ ਕੀਤਾ ਗਿਆ ਹੈ। ਉਕਤ ਮੁਲਜ਼ਮ ਬਿਲਾਸਪੁਰ ਡੇਰੇ, ਬਾਜ਼ੀਗਰ ਬਸਤੀ, ਪਟਿਆਲਾ ਵਿਖੇ ਰਹਿ ਰਿਹਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਮੁਲਜ਼ਮ ਨੂੰ ਹਰਿੰਦਰ ਸਿੰਘ ਵਾਸੀ ਪਿੰਡ ਦੁਲਬਾ, ਜ਼ਿਲ੍ਹਾ ਪਟਿਆਲਾ ਦੀ ਸ਼ਿਕਾਇਤ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੋਸ਼ ਲਾਇਆ ਕਿ ਉਸਦੇ ਦਾਦੇ ਦੀ ਮਲਕੀਅਤ ਵਾਲਾ ਟਿਊਬਵੈੱਲ ਬਿਜਲੀ ਕੁਨੈਕਸ਼ਨ ਉਸਦੇ ਨਾਮ 'ਤੇ ਤਬਦੀਲ ਕਰਨ ਬਦਲੇ ਉਕਤ ਮੁਲਜ਼ਮ ਨੇ ਉਸ ਕੋਲੋਂ 15,000 ਰੁਪਏ ਰਿਸ਼ਵਤ ਦੀ ਮੰਗ ਕੀਤੀ ਹੈ।

ਬੁਲਾਰੇ ਨੇ ਅੱਗੇ ਦੱਸਿਆ ਕਿ ਮੁੱਢਲੀ ਜਾਂਚ ਉਪਰੰਤ ਵਿਜੀਲੈਂਸ ਬਿਊਰੋ ਦੀ ਟੀਮ ਨੇ ਜਾਲ ਵਿਛਾ ਕਿ ਉਕਤ ਮੁਲਾਜ਼ਮ ਨੂੰ ਦੋ ਸਰਕਾਰੀ ਗਵਾਹਾਂ ਦੀ ਮੌਜੂਦਗੀ ਵਿੱਚ ਸ਼ਿਕਾਇਤਕਰਤਾ ਤੋਂ 15,000 ਰੁਪਏ ਰਿਸ਼ਵਤ ਲੈਂਦਿਆਂ ਕਾਬੂ ਕਰ ਲਿਆ।

## ਕੇਂਦਰੀ ਜੇਲ੍ਹ ਪਟਿਆਲਾ, ਨਵੀਂ ਜੇਲ੍ਹ ਨਾਭਾ ਅਤੇ ਖੁੱਲੀ ਖੇਤੀਬਾੜੀ ਜੇਲ੍ਹ ਨਾਭਾ ਦੀ ਪਟਿਆਲਾ ਪੁਲਿਸ ਨੇ ਕੀਤੀ ਸਰਚ

ਪਟਿਆਲਾ, 28 ਮਾਰਚ
-ਪਰਮਿੰਦਰ/ ਗਰੇਵਾਲ-
-ਕੌਮੀ ਪੱਤ੍ਰਿਕਾ ਬਿਊਰੋ-

ਵਾਰੁਣ ਸ਼ਰਮਾ ਆਈ ਪੀ ਐਸ ਸੀਨੀਅਰ ਪੁਲਿਸ ਕਪਤਾਨ ਪਟਿਆਲਾ ਨੇ ਪ੍ਰੈਸ ਨੋਟ ਰਾਹੀਂ ਦੱਸਿਆ ਕਿ ਮਾਨਯੋਗ ਸਪੈਸ਼ਲ ਡਾਇਰੈਕਟਰ ਜਨਰਲ ਆਫ ਪੁਲਿਸ, ਕਾਨੂੰਨ ਅਤੇ ਵਿਵਸਥਾ, ਪੰਜਾਬ ਦੇ ਹੁਕਮਾ ਅਨੁਸਾਰ ਅੱਜ ਮਿਤੀ 28/3/2024 ਨੂੰ ਕੇਂਦਰੀ ਜੇਲ੍ਹ ਪਟਿਆਲਾ, ਨਵੀਂ ਜੇਲ ਨਾਭਾ, ਅਤੇ ਖੁੱਲੀ ਖੇਤੀਬਾੜੀ ਜੇਲ ਨਾਭਾ ਵਿਖੇ ਜੇਲ ਅਧਿਕਾਰੀਆ ਨਾਲ ਤਾਲਮੇਲ ਕਰਕੇ ਜੇਲਾਂ ਵਿੱਚ ਸਰਪ੍ਰਾਈਜ਼ ਤਲਾਸ਼ੀ/ ਅਪਰੇਸ਼ਨ ਚਲਾਇਆ ਗਿਆ, ਜਿਨ੍ਹਾਂ ਨੇ ਅੱਗੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮਹੁੰਮਦ ਸਰਫ਼ਰਾਜ਼ ਆਲਮ ਆਈ ਪੀ



ਐਸ ਕਪਤਾਨ ਪੁਲਿਸ ਸਿਟੀ ਪਟਿਆਲਾ ਦੀ ਨਿਗਰਾਨੀ ਹੇਠ ਕੇਂਦਰੀ ਜੇਲ੍ਹ ਪਟਿਆਲਾ,ਮਿਸ ਹਰਵੰਤ ਕੌਰ ਪੀ ਪੀ ਐਸ ਕਪਤਾਨ ਪੁਲਿਸ ਸਥਾਨਕ ਪਟਿਆਲਾ, ਦੀ ਨਿਗਰਾਨੀ ਹੇਠ ਨਵੀਂ ਜੇਲ ਨਾਭਾ ਅਤੇ ਖੁੱਲੀ ਖੇਤੀਬਾੜੀ ਜੇਲ ਨਾਭਾ ਵਿਖੇ ਸਮੇਤ ਪੁਲਿਸ ਫੋਰਸ ਸਰਪ੍ਰਾਈਜ਼ ਤਲਾਸ਼ੀ/ ਅਪਰੇਸ਼ਨ ਚਲਾਇਆ ਗਿਆ।

ਸਰਚ ਦੌਰਾਨ ਜੋ ਵੀ ਗੈਰ ਕਾਨੂੰਨੀ ਬ੍ਰਾਮਦਗੀ ਹੋਈ ਉਸ ਸਬੰਧੀ ਵੱਖ ਵੱਖ ਮੁਕਦਮੇ ਦਰਜ ਕਰਕੇ ਅਗਲੀ ਤਫਸੀਸ ਅਮਲ ਵਿੱਚ ਲਿਆਂਦੀ ਜਾ ਰਹੀ ਹੈ।

# ਹਰੀਸ਼ ਸਿੰਗਲਾ ਨੇ ਕੀਤੀ ਭਵਿੱਖਬਾਣੀ, ਪੰਜਾਬ 'ਚ ਜਲਦ ਹੀ ਡਿੱਗਣ ਜਾ ਰਹੀ 'ਆਪ' ਸਰਕਾਰ, ਭਾਜਪਾ ਤੇ ਸ਼ਿਵ ਸੈਨਾ ਮਿਲ ਕੇ ਬਣਾਉਣਗੇ ਸਰਕਾਰ

ਪਟਿਆਲਾ, 29 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਅੱਜ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਸ਼ਿਵ ਸੈਨਾ ਬਾਲ ਠਾਕਰੇ ਪੰਜਾਬ ਦੇ ਪ੍ਰਧਾਨ ਹਰੀਸ਼ ਸਿੰਗਲਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੇ ਪੰਜਾਬ ਕਨਵੀਨਰ ਅਰਵਿੰਦ ਕੇਜਰੀਵਾਲ ਨੂੰ ਸ਼ਰਾਬ ਘੁਟਾਲੇ ਵਿੱਚ ਈ.ਡੀ ਨੇ ਗ੍ਰਿਫਤਾਰ ਕਰ ਲਿਆ ਹੈ, ਵੱਡੇ ਲੈਵਲ ਵਿੱਚ ਭ੍ਰਿਸ਼ਟਾਚਾਰ ਦੇ ਦੋਸ਼ ਲੱਗੇ ਹਨ ਪਰ ਸਾਡੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਹਨ। ਅਜੇ ਵੀ ਇਹ ਮੰਨਣ ਲਈ ਤਿਆਰ ਨਹੀਂ।

ਮੁੱਖ ਮੰਤਰੀ ਮਾਨ ਦਾ ਕਹਿਣਾ ਹੈ ਕਿ ਅਰਵਿੰਦ ਕੇਜਰੀਵਾਲ ਨੇ ਭ੍ਰਿਸ਼ਟਾਚਾਰ ਕੀਤਾ ਹੈ ਜਦਕਿ 54 ਵੱਲੋਂ 9 ਵਾਰ ਸੰਮਨ ਭੇਜਣ ਤੋਂ ਬਾਅਦ ਵੀ ਅਰਵਿੰਦ ਕੇਜਰੀਵਾਲ 54 ਸਾਹਮਣੇ ਪੇਸ਼ ਨਹੀਂ ਹੋਏ, ਉਦੋਂ ਹੀ 5 ਮਹੀਨੇ ਬਾਅਦ ਕੇਜਰੀਵਾਲ ਨੂੰ 54 ਨੇ ਗ੍ਰਿਫਤਾਰ ਕਰ ਲਿਆ ਪਰ ਸਾਡੇ ਪੰਜਾਬ ਦੇ ਮੁੱਖ ਮੰਤਰੀ




ਭਗਵੰਤ ਮਾਨ ਬਹੁਤ ਹੀ ਬੇਕਸੂਰ ਹਨ। ਜਾਂ ਚਲਾਕ ਵਿਅਕਤੀ ਜੋ ਅਜੇ ਵੀ ਪੰਜਾਬ ਦੇ ਲੋਕਾਂ ਨੂੰ ਗੁੰਮਰਾਹ ਕਰ ਰਿਹਾ ਹੈ।

ਹਰੀਸ਼ ਸਿੰਗਲਾ ਨੇ ਕਿਹਾ ਕਿ ਜੋ ਸ਼ਰਾਬ ਨੀਤੀ ਦਿੱਲੀ ਵਿੱਚ ਲਾਗੂ ਕੀਤੀ ਗਈ ਸੀ, ਉਹੀ ਸ਼ਰਾਬ ਨੀਤੀ ਪੰਜਾਬ ਵਿੱਚ ਵੀ ਲਾਗੂ ਕਰ ਦਿੱਤੀ ਗਈ ਹੈ, ਦਿੱਲੀ ਤੋਂ ਬਾਅਦ ਹੁਣ ਪੰਜਾਬ ਦੇ ਮੁੱਖ ਮੰਤਰੀ, ਮੰਤਰੀਆਂ ਅਤੇ ਆਬਕਾਰੀ ਅਧਿਕਾਰੀਆਂ ਦੀ ਵੀ ਵਾਰੀ ਆ ਗਈ ਹੈ।

ਸਿੰਗਲਾ ਨੇ ਕਿਹਾ ਕਿ ਸਿੱਖ ਫਾਰ ਜਸਟਿਸ ਦੇ ਕਨਵੀਨਰ ਗੁਰਪਤਵੰਤ ਸਿੰਘ ਪੰਨੂ ਸ਼ੋਸ਼ਲ ਮੀਡੀਆ 'ਤੇ ਪੋਸਟ ਪਾ ਕੇ ਸ਼ਰੇਆਮ ਦੋਸ਼ ਲਗਾ ਰਹੇ ਹਨ ਕਿ ਸਿੱਖ ਫਾਰ ਜਸਟਿਸ ਨੇ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ 'ਤੇ ਅਰਵਿੰਦ ਕੇਜਰੀਵਾਲ ਅਤੇ ਉਨ੍ਹਾਂ ਦੀ ਪਾਰਟੀ ਨੂੰ 133 ਕਰੋੜ ਰੁਪਏ ਦਾ ਪਾਰਟੀ ਫੰਡ ਦਿੱਤਾ ਸੀ, ਜਿਸ ਤੋਂ ਬਾਅਦ ਦਵਿੰਦਰ ਸਿੰਘ ਭੁੱਲਰ ਅਤੇ ਅੱਤਵਾਦ ਫੈਲਾਉਣ ਦੇ ਦੋਸ਼ 'ਚ ਸਜ਼ਾ ਕੱਟ ਰਹੇ ਵਿਅਕਤੀਆਂ ਨੂੰ 5 ਘੰਟਿਆਂ 'ਚ ਜੇਲ ਚੋਂ ਰਿਹਾਅ ਕਰ ਦਿੱਤਾ ਜਾਵੇਗਾ।

ਸਿੰਗਲਾ ਨੇ ਕਿਹਾ ਕਿ ਸਾਡੇ ਪੰਜਾਬ ਦੇ ਮੁੱਖ ਮੰਤਰੀ ਗੁਰਪਤਵੰਤ ਸਿੰਘ ਪੰਨੂ ਵੱਲੋਂ ਦਿੱਤੇ ਬਿਆਨਾਂ 'ਤੇ ਚੁੱਪ ਕਿਉਂ ਹਨ, ਉਹ ਸਪੱਸ਼ਟੀਕਰਨ ਕਿਉਂ ਨਹੀਂ ਦੇ ਰਹੇ ਕਿ ਖਾਲਿਸਤਾਨੀਆਂ ਨੇ 133 ਕਰੋੜ ਰੁਪਏ ਕਿਨ੍ਹਾਂ ਸ਼ਰਤਾਂ 'ਤੇ ਆਮ ਆਦਮੀ ਪਾਰਟੀ ਨੂੰ ਦਿੱਤੇ, ਕਿਸਨੇ ਲਏ ਅਤੇ ਕਿੱਥੇ ਖਰਚ ਕੀਤੇ। ਸ਼ਿਵ ਸੈਨਾ 54, 329 ਅਤੇ ਕੇਂਦਰ ਸਰਕਾਰ ਤੋਂ ਮੰਗ ਕਰਦੀ ਹੈ ਕਿ ਖਾਲਿਸਤਾਨੀ ਪੰਨੂ ਵੱਲੋਂ ਆਮ ਆਦਮੀ ਪਾਰਟੀ 'ਤੇ ਲਗਾਏ ਗਏ ਦੋਸ਼ਾਂ ਦੀ ਵੀ ਜਾਂਚ ਕਰਵਾਈ ਜਾਵੇ ਤਾਂ ਜੋ ਪੰਜਾਬ ਅਤੇ ਦੇਸ਼ ਦੇ ਲੋਕਾਂ ਦੇ ਸਾਹਮਣੇ ਸੱਚਾਈ ਸਾਹਮਣੇ ਆ ਸਕੇ ਕਿ 133 ਕਰੋੜ ਰੁਪਏ ਕਿੱਥੋਂ ਆਏ ਅਤੇ ਕਿੱਥੇ ਗਏ। ਖਰਚ ਕੀਤਾ ਦੇਸ਼ ਧ੍ਰੋਹੀਆਂ ਤੋਂ ਪੈਸੇ ਲੈ ਕੇ ਸਾਡੇ ਦੇਸ਼ ਵਿੱਚ ਰਾਜਨੀਤੀ ਕਰਨ ਵਾਲੇ ਕਿਸੇ ਵੀ ਵਿਅਕਤੀ ਨੂੰ ਭਾਰਤੀ ਕਦੇ ਵੀ ਬਰਦਾਸ਼ਤ ਨਹੀਂ ਕਰ ਸਕਦੇ, ਇਹ ਭਾਰਤ ਨਾਲ ਸਿੱਧਾ ਧੋਖਾ ਹੈ ਅਤੇ ਇਸਦੀ ਵੀ ਜਾਂਚ ਹੋਣੀ ਚਾਹੀਦੀ ਹੈ।

ਹਰੀਸ਼ ਸਿੰਗਲਾ ਨੇ ਇੱਕ ਵਾਰ ਫਿਰ ਕਿਹਾ ਕਿ ਆਮ ਆਦਮੀ ਪਾਰਟੀ ਦੇ ਆਗੂਆਂ ਨੂੰ ਆਪਣਾ ਗੁਨਾਹ ਕਬੂਲ ਕਰਨਾ ਚਾਹੀਦਾ ਹੈ ਅਤੇ ਪੰਜਾਬ ਦੇ ਲੋਕਾਂ ਨੂੰ ਮੂਰਖ ਬਣਾਉਣਾ ਬੰਦ ਕਰ ਦੇਣਾ ਚਾਹੀਦਾ ਹੈ ਜੋ ਤੁਸੀਂ ਕਰ ਰਹੇ ਹੋ ਤੁਹਾਡੀ ਸਰਕਾਰ ਪੰਜਾਬ ਵਿੱਚ ਬਹੁਤੀ ਦੇਰ ਚੱਲਣ ਵਾਲੀ ਨਹੀਂ ਹੈ ਤੁਹਾਡੀ ਸਰਕਾਰ ਵੀ ਜਲਦੀ ਡਿੱਗ ਜਾਵੇਗੀ ਕਿਉਂਕਿ ਨਾ ਹੀ ਪੰਜਾਬ ਦੇ ਲੋਕ ਤੁਹਾਡੇ ਤੋਂ ਖੁਸ਼ ਹਨ ਅਤੇ ਨਾ ਹੀ ਤੁਹਾਡੀ ਪਾਰਟੀ ਦੇ ਇਮਾਨਦਾਰ ਆਗੂ ਤੁਹਾਡੇ ਤੋਂ ਖੁਸ਼ ਹਨ। ਇਸ ਮੌਕੇ ਸ਼ਿਵ ਸੈਨਾ ਆਗੂ ਭਰਤਦੀਪ ਠਾਕੁਰ, ਮਹਿੰਦਰ ਸਿੰਘ ਤਿਵਾੜੀ ਹਾਜ਼ਰ ਸਨ।

# ਉੱਤਰਾਖੰਡ 'ਚ ਨਾਨਕਮੱਤਾ ਗੁਰਦੁਆਰਾ ਕਾਰ ਸੇਵਾ ਪ੍ਰਧਾਨ ਬਾਬਾ ਤਰਸੇਮ ਸਿੰਘ ਦੀ ਗੋਲੀ ਮਾਰ ਕੇ ਹੱਤਿਆ

## ਪੁਲਿਸ ਨੇ ਟਾਸਕ ਫੋਰਸ ਤੇ ਸਿਟ ਬਣਾਈ

ਊਧਮ ਸਿੰਘ ਨਗਰ, 28 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਅੱਜ ਸਵੇਰੇ ਮੋਟਰਸਾਈਕਲ ਸਵਾਰ ਦੋ ਵਿਅਕਤੀਆਂ ਨੇ ਗੋਲੀ ਮਾਰ ਕੇ ਨਾਨਕਮੱਤਾ ਗੁਰਦੁਆਰਾ ਕਾਰ ਸੇਵਾ ਪ੍ਰਧਾਨ ਬਾਬਾ ਤਰਸੇਮ ਸਿੰਘ ਦੀ ਹੱਤਿਆ ਕਰ ਦਿੱਤੀ। ਇਸ ਤੋਂ ਬਾਅਦ ਉੱਤਰਾਖੰਡ ਪੁਲੀਸ ਹੈੱਡਕੁਆਰਟਰ ਨੇ ਵਿਸ਼ੇਸ਼ ਟਾਸਕ ਫੋਰਸ ਅਤੇ ਸਥਾਨਕ ਪੁਲੀਸ ਦੇ ਅਧਿਕਾਰੀਆਂ ਦੀ ਵਿਸ਼ੇਸ਼ ਜਾਂਚ ਟੀਮ (ਐੱਸਆਈਟੀ) ਬਣਾਈ ਹੈ।

ਸ਼ਾਂਤੀ ਬਣਾਈ ਰੱਖਣ ਲਈ ਊਧਮ ਸਿੰਘ ਨਗਰ ਜ਼ਿਲ੍ਹੇ ਦੇ ਨਾਨਕਮੱਤਾ ਇਲਾਕੇ ਵਿੱਚ ਵੀ ਵਾਧੂ ਪੁਲੀਸ ਫੋਰਸ ਤਾਇਨਾਤ ਕੀਤੀ ਗਈ ਹੈ ਅਤੇ ਪੁਲੀਸ ਨੇ ਸਿੱਖਾਂ ਨੂੰ ਸ਼ਾਂਤੀ ਦੀ ਅਪੀਲ ਕੀਤੀ ਹੈ। ਪੁਲੀਸ ਅਨੁਸਾਰ ਬਾਬਾ ਤਰਸੇਮ



ਸਿੰਘ ਨੂੰ ਗੋਲੀ ਲੱਗਣ ਤੋਂ ਬਾਅਦ ਖਟੀਮਾ ਦੇ ਹਸਪਤਾਲ ਲਿਜਾਇਆ ਗਿਆ ਪਰ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ।

ਦੋਸ਼ੀਆਂ ਨੂੰ ਫੜਨ ਲਈ ਵੱਡੇ ਪੱਧਰ 'ਤੇ ਤਲਾਸ਼ੀ ਮੁਹਿੰਮ ਚਲਾਈ ਜਾ ਰਹੀ ਹੈ। ਉੱਤਰਾਖੰਡ ਪੁਲੀਸ ਦੇ ਮੁਖੀ ਅਭਿਨਵ ਕੁਮਾਰ ਨੇ ਦੱਸਿਆ, 'ਸਾਨੂੰ ਅੱਜ ਸਵੇਰੇ 7 ਵਜੇ ਦੇ ਕਰੀਬ ਸੂਚਨਾ ਮਿਲੀ ਕਿ ਸਵੇਰੇ 6.15-6.30 ਦਰਮਿਆਨ ਦੋ ਨਕਾਬਪੋਸ਼ ਹਮਲਾਵਰ ਨਾਨਕਮੱਤਾ ਗੁਰਦੁਆਰੇ ਵਿੱਚ ਦਾਖ਼ਲ ਹੋਏ ਅਤੇ ਕਾਰ ਸੇਵਾ ਮੁਖੀ ਬਾਬਾ ਤਰਸੇਮ ਸਿੰਘ ਨੂੰ ਗੋਲੀ ਮਾਰ ਦਿੱਤੀ।' ਸੂਤਰਾਂ ਅਨੁਸਾਰ ਬਾਬਾ ਤਰਸੇਮ ਸਿੰਘ ਉਪਰ ਗੋਲੀਆਂ ਚਲਾਉਣ ਵਾਲਿਆਂ ਦਾ ਸਬੰਧ ਪੰਜਾਬ ਨਾਲ ਹੈ। ਇਹ ਕਤਲ ਕਾਰ ਸੇਵਾ ਜਾਂ ਧਾਰਮਿਕ ਸਥਾਨਾਂ ਨਾਲ ਜੁੜੇ ਵਿਵਾਦਾਂ ਕਾਰਨ ਕੀਤੇ ਜਾਣ ਦਾ ਸ਼ੱਕ ਹੈ।

# ਜ਼ਿਲ੍ਹਾ ਪਠਾਨਕੋਟ ਦੇ ਸਮੂਹ ਸਕੂਲਾਂ ਵੱਲੋਂ ਮਾਪੇ ਅਧਿਆਪਕ ਮਿਲਣੀ ਆਯੋਜਿਤ ਕਰ ਨਾਨ ਬੋਰਡ ਜਮਾਤਾਂ ਦਾ ਐਲਾਨੀਆਂ ਗਿਆ ਨਤੀਜਾ

ਪਠਾਨਕੋਟ, 29 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਸਕੂਲ ਸਿੱਖਿਆ ਵਿਭਾਗ ਪੰਜਾਬ ਅਤੇ ਐੱਸਸੀਆਰਟੀ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਜ਼ਿਲ੍ਹਾ ਪਠਾਨਕੋਟ ਦੇ ਸਮੂਹ ਪ੍ਰਾਇਮਰੀ ਸਕੂਲਾਂ ਵਿੱਚ ਮਾਪੇ ਅਧਿਆਪਕ ਮਿਲਣੀ ਆਯੋਜਿਤ ਕਰ ਨਾਨ ਬੋਰਡ ਜਮਾਤਾਂ ਐਲਕੇਜੀ ਤੋਂ ਚੌਥੀ ਤੱਕ ਨਤੀਜਾ ਘੋਸ਼ਿਤ ਕੀਤਾ ਗਿਆ। ਇਨ੍ਹਾਂ ਮਾਪੇ ਅਧਿਆਪਕ ਮਿਲਣੀਆਂ ਵਿੱਚ ਮਾਪਿਆਂ ਵੱਲੋਂ ਵੱਡੇ ਪੱਧਰ ਤੇ ਸ਼ਮੂਲੀਅਤ ਕਰ ਆਪਣੇ ਬੱਚਿਆਂ ਦੀ ਕਾਰਗੁਜ਼ਾਰੀ ਨੂੰ ਜਾਣਿਆ ਗਿਆ। ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸ੍ਰੀ ਹਰਭਗਵੰਤ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸ੍ਰੀ ਡੀਜੀ ਸਿੰਘ ਵੱਲੋਂ ਪ੍ਰਾਇਮਰੀ ਸਕੂਲ ਭੂਰ ਅਤੇ ਪ੍ਰਾਇਮਰੀ ਸਕੂਲ ਭਦਰੋਆ ਵਿਖੇ ਆਯੋਜਿਤ ਮਾਪੇ ਅਧਿਆਪਕ ਮਿਲਣੀਆਂ ਵਿੱਚ ਸ਼ਿਰਕਤ ਕਰ ਜਿਥੇ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਬੱਚਿਆਂ ਦੇ ਬਿਹਤਰ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ ਉੱਥੇ ਹੀ ਸਕੂਲਾਂ ਵਿੱਚ ਨਵੇਂ ਦਾਖਲਿਆਂ ਲਈ ਅਪੀਲ ਵੀ ਕੀਤੀ। ਇਸ ਮੌਕੇ ਸਕੂਲਾਂ ਵੱਲੋਂ ਸੱਭਿਆਚਾਰਕ ਪ੍ਰੋਗਰਾਮ ਵੀ ਕਰਵਾਏ ਗਏ ਅਤੇ ਬੱਚਿਆਂ ਨੂੰ ਵਧੀਆ ਕਾਰਗੁਜ਼ਾਰੀ ਲਈ ਸਰਟੀਫਿਕੇਟ ਅਤੇ ਸਨਮਾਨ ਚਿੰਨ੍ਹ ਨਾਲ ਸਨਮਾਨਿਤ ਕੀਤਾ ਗਿਆ। ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸ੍ਰੀ ਡੀਜੀ ਸਿੰਘ ਨੇ ਦੱਸਿਆ ਕਿ ਇਸ ਦੌਰਾਨ ਦਿਲਚਸਪ ਗੱਲ ਇਹ ਰਹੀ ਕਿ ਪ੍ਰਾਇਮਰੀ ਸਕੂਲ ਭੂਰ ਵਿਖੇ ਮਾਪਿਆਂ ਨੇ ਬੱਚਿਆਂ ਦੀ ਸ਼ਖ਼ਸੀਅਤ ਵਿੱਚ ਆ ਰਹੀਆਂ ਸਾਕਾਰਾਤਮਕ ਤਬਦੀਲੀਆਂ, ਸਕੂਲਾਂ ਦੀ ਪ੍ਰਭਾਵਸ਼ਾਲੀ ਕਾਰਗੁਜ਼ਾਰੀ ਅਤੇ ਅਧਿਆਪਕਾਂ ਵੱਲੋਂ ਪਾਏ ਜਾ ਰਹੇ ਬੱਚਿਆਂ ਦੇ ਸਰਵਪੱਖੀ ਵਿਕਾਸ ਵਿੱਚ ਯੋਗਦਾਨ ਦੀ ਭਰਪੂਰ ਸ਼ਲਾਘਾ ਕੀਤੀ। ਡੀਜੀ ਸਿੰਘ ਨੇ ਕਿਹਾ ਕਿ ਸਕੂਲਾਂ ਵਿੱਚ ਮਿਲ ਰਹੀਆਂ ਅਧੁਨਿਕ ਸਹੂਲਤਾਂ ਨਾਲ ਵਿਦਿਆਰਥੀ ਹੁਣ ਸਮੇਂ ਦੇ ਹਾਣੀ ਬਣਨਗੇ ਅਤੇ ਵਿਦੇਸ਼ਾਂ ਵਿੱਚ ਜਾਣ ਦੀ ਥਾਂ ਉਹ ਆਪਣੇ ਸੂਬੇ ਅੰਦਰ ਹੀ ਨੌਕਰੀਆਂ ਦੇ ਕਾਬਲ ਬਣ ਸਕਣਗੇ। ਸਕੂਲਾਂ ਵਿੱਚ ਦਾਖਲਿਆਂ ਲਈ ਟੋਲ ਫਰੀ ਨੰਬਰ 1800-180-2139 ਵੀ ਜਾਰੀ ਕੀਤਾ ਗਿਆ ਹੈ। ਉਨ੍ਹਾਂ ਵਿਭਾਗ ਵੱਲੋਂ ਚਲਾਏ ਜਾ ਰਹੇ ਸਕੂਲ ਆਫ਼ ਐਮੀਨੈਂਸ ਬਾਰੇ ਵਿਸਥਾਰ ਨਾਲ ਦੱਸਿਆ। ਉਨ੍ਹਾਂ ਕਿਹਾ ਕਿ ਵਿਭਾਗ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਲਗਾਤਾਰ ਕਾਰਜਸ਼ੀਲ ਹੈ। ਵਿਦਿਆਰਥੀਆਂ ਨੂੰ ਬਿਹਤਰ ਸਿੱਖਿਆ, ਮੁਫ਼ਤ ਭੋਜਨ, ਵਰਦੀ ਅਤੇ ਕਿਤਾਬਾਂ ਦਿੱਤੀਆਂ ਜਾ ਰਹੀਆਂ ਹਨ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਵੱਧ ਤੋਂ ਵੱਧ ਬੱਚਿਆਂ ਨੂੰ ਸਕੂਲਾਂ ਵਿੱਚ ਦਾਖ਼ਲ ਕਰਵਾ ਕੇ ਵਿਭਾਗ ਵੱਲੋਂ ਮਿਲਣ ਵਾਲੀਆਂ ਸਹੂਲਤਾਂ ਹਾਸਲ ਕਰਨ। ਉਨ੍ਹਾਂ ਕਿਹਾ ਕਿ ਅੱਜ ਹਰ ਸਕੂਲ ਵਿੱਚ ਵਿਕਾਸ ਦੇ ਕੰਮ ਚੱਲ ਰਹੇ ਹਨ ਤੇ ਕਲਾਸਰੂਮ ਬਣਾਏ ਜਾ ਰਹੇ ਹਨ, ਪਖਾਨੇ, ਵਾਈ-ਫਾਈ, ਲੈਬ ਵਰਗੀਆਂ ਸਹੂਲਤਾਂ ਉਪਲੱਬਧ ਹੋ ਗਈਆਂ ਹਨ। ਹਰ ਸੀਨੀਅਰ ਸੈਕੰਡਰੀ ਸਕੂਲ ਵਿੱਚ ਵਿਦਿਆਰਥੀਆਂ ਦੀ ਸੁਰੱਖਿਆ ਵਾਸਤੇ 2-2 ਸਿਕਿਉਰਟੀ ਗਾਰਡ ਅਤੇ ਕੈਂਪਸ ਮੈਨੇਜਰ ਨਿਯੁਕਤ ਕੀਤੇ ਗਏ ਹਨ। ਵਿਭਾਗ ਵੱਲੋਂ ਸਕੂਲਾਂ ਵਿੱਚ ਬੱਚਿਆਂ ਦੇ ਸਰਵਪੱਖੀ ਵਿਕਾਸ ਵਿੱਚ ਕਿਸੇ ਵੀ ਤਰ੍ਹਾਂ ਦੀ ਕੋਈ ਕਮੀਂ ਨਹੀਂ ਛੱਡੀ ਜਾ ਰਹੀ ਹੈ।

## ਜਨਤਕ ਖੇਤਰ ਦੇ ਬੈਂਕ ਕਰਨਗੇ 15,000 ਕਰੋੜ ਰੁਪਏ ਤੋਂ ਵੱਧ ਲਾਭ ਅੰਸ਼ ਭੁਗਤਾਨ !

ਨਵੀਂ ਦਿੱਲੀ 29 ਮਾਰਚ। ਜਨਤਕ ਖੇਤਰ ਦੇ ਬੈਂਕ (ਪੀ. ਐੱਸ. ਬੀ.) ਪ੍ਰੋਫਟੇਬਿਲਟੀ 'ਚ ਸੁਧਾਰ ਦੇ ਦਰਮਿਆਨ ਚਾਲੂ ਵਿੱਤੀ ਸਾਲ 'ਚ 15000 ਕਰੋੜ ਰੁਪਏ ਤੋਂ ਵੱਧ ਦਾ ਲਾਭ ਅੰਸ਼ ਭੁਗਤਾਨ ਕਰ ਸਕਦੇ ਹਨ। ਚਾਲੂ ਵਿੱਤੀ ਸਾਲ ਦੀਆਂ ਪਹਿਲੀਆਂ 3 ਤਿਮਾਹੀਆਂ 'ਚ ਸਾਰੇ 12 ਪੀ. ਐੱਸ. ਬੀ. ਨੇ ਕੁਲ 98000 ਕਰੋੜ ਰੁਪਏ ਦਾ ਮੁਨਾਫਾ ਕਮਾਇਆ। ਇਹ ਰਕਮ ਵਿੱਤੀ ਸਾਲ 2022-23 ਦੇ ਮੁਕਾਬਲੇ ਸਿਰਫ 7000 ਕਰੋੜ ਰੁਪਏ ਘੱਟ ਹੈ। ਪੀ. ਐੱਸ. ਬੀ. ਨੇ ਵਿੱਤੀ ਸਾਲ




2022-23 'ਚ 1.05 ਲੱਖ ਕਰੋੜ ਰੁਪਏ ਦਾ ਹੁਣ ਤੱਕ ਦਾ ਸਭ ਤੋਂ ਵੱਧ ਕੁੱਲ ਸ਼ੁੱਧ ਲਾਭ ਦਰਜ ਕੀਤਾ ਸੀ। ਵਿੱਤੀ ਸਾਲ 2021-22 'ਚ ਇਹ ਅੰਕੜਾ 66,539.98 ਕਰੋੜ ਰੁਪਏ ਸੀ। ਬੀਤੇ ਵਿੱਤੀ ਸਾਲ 'ਚ ਸਰਕਾਰ ਨੂੰ 13,804 ਕਰੋੜ ਰੁਪਏ ਦਾ ਲਾਭ ਅੰਸ਼ ਮਿਲਿਆ, ਜੋ ਇਸ ਤੋਂ ਪਿਛਲੇ ਵਿੱਤੀ ਸਾਲ ਦੇ 8,718 ਕਰੋੜ ਰੁਪਏ ਤੋਂ 58 ਫੀਸਦੀ ਵੱਧ ਸੀ। ਸੂਤਰਾਂ ਨੇ ਕਿਹਾ ਕਿ ਕਿਉਂਕਿ ਚਾਲੂ ਵਿੱਤੀ ਸਾਲ 'ਚ ਮੁਨਾਫਾ ਪਿਛਲੇ ਸਾਲ ਦੀ ਤੁਲਨਾ 'ਚ ਕਾਫੀ ਵੱਧ ਹੋਵੇਗਾ, ਇਸ ਲਈ ਸਰਕਾਰ ਨੂੰ ਲਾਭ ਅੰਸ਼ ਦਾ ਭੁਗਤਾਨ ਵੀ ਵੱਧ ਹੋਵੇਗਾ। ਉਨ੍ਹਾਂ ਕਿਹਾ ਕਿ ਪਿਛਲੇ ਰਿਕਾਰਡ ਨੂੰ ਦੇਖਦੇ ਹੋਏ ਵਿੱਤੀ ਸਾਲ 2023-24 ਲਈ ਲਾਭ ਅੰਸ਼ ਭੁਗਤਾਨ 15,000 ਕਰੋੜ ਰੁਪਏ ਤੋਂ ਵੱਧ ਹੋਣਾ ਚਾਹੀਦਾ ਹੈ।

## ਸ਼ੀਤਲ ਅੰਗੂਰਾਲ ਨੇ ਆਮ ਆਦਮੀ ਪਾਰਟੀ ਤੋਂ ਦਿੱਤਾ ਅਸਤੀਫਾ

ਜਲੰਧਰ 29 ਮਾਰਚ। ਪੰਜਾਬ ਦੀ ਸਿਆਸਤ ਨਾਲ ਜੁੜੀ ਵੱਡੀ ਖਬਰ ਸਾਹਮਣੇ ਆਈ ਹੈ। ਦਰਅਸਲ ਜਲੰਧਰ ਵੈਸਟ ਹਲਕੇ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਸ਼ੀਤਲ ਅੰਗੂਰਾਲ ਨੇ ਆਮ ਆਦਮੀ ਪਾਰਟੀ ਦੀਆਂ ਸਾਰੀਆਂ



ਜਿ਼ੰਮੇਵਾਰੀਆਂ ਤੋਂ ਅਸਤੀਫਾ ਦੇ ਦਿੱਤਾ ਹੈ। ਇਸ ਦੀ ਜਾਣਕਾਰੀ ਸ਼ੀਤਲ ਨੇ ਆਪਣੀ ਫੇਸਬੁੱਕ 'ਤੇ ਇਕ ਪੋਸਟ ਪਾ ਕੇ ਦਿੱਤਾ ਹੈ। ਉਨ੍ਹਾਂ ਲਿਖਿਆ ਕਿ ਮੈਂ ਆਮ ਆਦਮੀ ਪਾਰਟੀ ਦੀਆਂ ਸਾਰੀ ਜਿ਼ੰਮੇਵਾਰੀਆਂ ਤੋਂ ਅਸਤੀਫਾ ਦਿੰਦਾ ਹਾਂ। ਜਿ਼ਕਰਯੋਗ ਹੈ ਕਿ ਲੋਕ ਸਭਾ ਚੋਣਾਂ ਤੋਂ ਪਹਿਲਾਂ ਪੰਜਾਬ ਦੀ ਸਿਆਸਤ ਵਿਚ ਇਕ ਹੋਰ ਵੱਡਾ ਧਮਾਕਾ ਹੋਣ ਸਕਦਾ ਹੈ। ਸੂਤਰਾਂ ਮੁਤਾਬਕ ਆਮ ਆਦਮੀ ਪਾਰਟੀ ਦੇ ਦੋ ਵੱਡੇ ਆਗੂ ਅੱਜ ਭਾਜਪਾ 'ਚ ਸ਼ਾਮਲ ਹੋਣ ਜਾ ਰੇਹ ਹਨ। ਇਸ ਨੂੰ ਲੈ ਕੇ ਸੋਸ਼ਲ ਮੀਡੀਆ 'ਤੇ ਵੀ ਚਰਚਾਵਾਂ ਦਾ ਦੌਰ ਲਗਾਤਾਰ ਜਾਰੀ ਹੈ ਕਿ ਅੱਜ ਚਾਰ ਵਜੇ ਤੱਕ ਆਮ ਆਦਮੀ ਪਾਰਟੀ ਦਾ ਆਗੂ ਭਾਜਪਾ ਵਿਚ ਸ਼ਾਮਲ ਹੋਣ ਜਾ ਰਿਹਾ ਹੈ। ਸੂਤਰ ਆਖਦੇ ਹਨ ਕਿ ਜਲੰਧਰ ਤੋਂ ਆਮ ਆਦਮੀ ਪਾਰਟੀ ਦੇ ਮੌਜੂਦਾ ਐੱਮ. ਪੀ. ਸੁਸ਼ੀਲ ਕੁਮਾਰ ਰਿੰਕੂ ਭਾਜਪਾ ਦਾ ਪੱਲਾ ਫੜਨ ਜਾ ਰਹੇ ਹਨ। ਇਸ ਤੋਂ ਇਲਾਵਾ ਵਿਧਾਇਕ ਸ਼ੀਤਲ ਅੰਗੂਰਾਲ ਦੇ ਵੀ ਭਾਜਪਾ ਵਿਚ ਸ਼ਾਮਲ ਹੋਣ ਦੀਆਂ ਚਰਚਾਵਾਂ ਹਨ।

## ਵਿਰਾਸਤ-ਏ-ਖਾਲਸਾ ਸੈਲਾਨੀਆਂ ਲਈ ਬਣਿਆ ਖਿੱਚ ਦਾ ਕੇਂਦਰ

ਸ੍ਰੀ ਅਨੰਦਪੁਰ ਸਾਹਿਬ 29 ਮਾਰਚ। ਵਿਸ਼ਵ ਪ੍ਰਸਿੱਧ ਵਿਰਾਸਤ-ਏ-ਖਾਲਸਾ ਇਸ ਵਾਰ ਵੀ ਹੋਲਾ-ਮਹੱਲਾ ਮੌਕੇ ਸੈਲਾਨੀਆਂ ਦੀ ਵਿਸ਼ੇਸ਼ ਖਿੱਚ ਦਾ ਕੇਂਦਰ ਬਣਿਆ ਰਿਹਾ। ਸੈਰ ਸਪਾਟਾ ਵਿਭਾਗ ਵੱਲੋਂ ਇਸ ਵਾਰ ਐਡਵੈਂਚਰ ਸਪੋਰਟਸ ਦਾ ਨਿਵੇਕਲਾ ਉਪਰਾਲਾ ਕੀਤਾ ਗਿਆ, ਜਿਸ ਵਿੱਚ ਹੋਟ ਏਅਰ



ਵੈਲੂਨ ਅਤੇ ਵਾਟਰ ਵੋਟਿੰਗ ਦਾ ਉਚੇਚਾ ਪ੍ਰਬੰਧ ਕੀਤਾ ਹੋਇਆ ਸੀ, ਜਿਸ ਦਾ ਸੈਲਾਨੀਆਂ ਨੇ ਭਰਪੂਰ ਅਨੰਦ ਮਾਣਿਆ। ਵਿਰਾਸਤ-ਏ-ਖਾਲਸਾ ਨੂੰ ਵੇਖਣ ਲਈ ਇਸ ਵਾਰ ਆਮ ਦਿਨਾ ਤੋਂ ਚਾਰ ਗੁਣਾ ਵਧੇਰੇ ਸੈਲਾਨੀਆਂ ਦੀ ਆਮਦ ਹੋਈ ਹੈ। ਇਸ ਦੇ ਰੱਖ ਰਖਾਓ ਦੀ ਸੈਲਾਨੀਆਂ ਵੱਲੋ ਭਰਪੂਰ ਸ਼ਲਾਘਾ ਕੀਤੀ ਜਾ ਰਹੀ ਹੈ, ਸੈਲਾਨੀਆਂ ਦੀ ਭਾਰੀ ਆਮਦ ਨੂੰ ਵੇਖਦੇ ਹੋਏ ਪ੍ਰਬੰਧਕਾਂ ਨੇ ਵਿਰਾਸਤ-ਏ-ਖਾਲਸਾ ਦੇ ਖੋਲ੍ਹਣ ਦੇ ਸਮੇਂ ਵਿਚ ਵੀ ਵਾਧਾ ਕੀਤਾ ਹੋਇਆ ਹੈ। ਸੈਲਾਨੀ ਹੋਟ ਏਅਰ ਵੈਲੂਨ ਅਤੇ ਵਾਟਰ ਵੋਟਿੰਗ ਦਾ ਵੀ ਅਨੰਦ ਮਾਣ ਰਹੇ ਹਨ। ਸੁਰੱਖਿਆ ਪ੍ਰਬੰਧਾਂ ਨੂੰ ਵੀ ਪੂਰੀ ਤਰਾਂ ਦਰੁੱਸਤ ਕੀਤਾ ਹੋਇਆ ਹੈ। ਵਿਰਾਸਤ-ਏ-ਖਾਲਸਾ ਵਿੱਚ ਸਵੀਪ ਗਤੀਵਿਧੀਆਂ ਬਾਰੇ ਜਾਣਕਾਰੀ ਦੇਣ ਲਈ ਵਿਸ਼ੇਸ਼ ਕਾਊਂਟਰ ਸਥਾਪਤ ਕੀਤਾ ਹੋਇਆ ਹੈ, ਜਿੱਥੇ ਸੈਲਾਨੀ ਵੋਟ ਦੇ ਮਹੱਤਵ, ਵੋਟ ਦੇ ਅਧਿਕਾਰੀ ਅਤੇ ਵੋਟ ਦੀ ਲਾਜ਼ਮੀ ਵਰਤੋਂ ਬਾਰੇ ਜਾਣਕਾਰੀ ਪ੍ਰਾਪਤ ਕਰ ਰਹੇ ਹਨ।

# ਲੋਕ ਸਭਾ ਚੋਣਾਂ 2024 : ਪੰਜਾਬ 'ਚ ਪਹਿਲੀ ਵਾਰ ਹੋਵੇਗਾ ਚਹੁਕੋਣਾ ਮੁਕਾਬਲਾ

ਕਿਸ਼ਨ ਪਾਲ

ਲੁਧਿਆਣਾ 29 ਮਾਰਚ। ਲੋਕ ਸਭਾ ਚੋਣਾਂ ਦੌਰਾਨ ਕਾਂਗਰਸ ਅਤੇ ਆਮ ਆਦਮੀ ਪਾਰਟੀ ਪਹਿਲਾਂ ਹੀ ਵੱਖ-ਵੱਖ ਤੌਰ 'ਤੇ ਲੜਨ ਦਾ ਫੈਸਲਾ ਲੈ ਚੁੱਕੇ ਹਨ, ਜਦੋਂਕਿ ਹੁਣ ਅਕਾਲੀ ਦਲ ਅਤੇ ਭਾਜਪਾ 'ਚ ਗੱਠਜੋੜ ਹੋਣ ਦੀ ਸੰਭਾਵਨਾ ਵੀ ਖਤਮ ਹੋ ਗਈ ਹੈ, ਜਿਸ ਤੋਂ ਬਾਅਦ ਪੰਜਾਬ 'ਚ ਜੋ ਸਿਆਸੀ ਤਸਵੀਰ ਸਾਹਮਣੇ ਆਈ ਹੈ, ਉਸ 'ਚ ਲੋਕ ਸਭਾ ਚੋਣਾਂ ਦੌਰਾਨ ਪਹਿਲੀ ਵਾਰ ਚਹੁਕੋਣਾ ਮੁਕਾਬਲਾ ਹੋਣ ਜਾ ਰਿਹਾ ਹੈ। ਕਿਉਂਕਿ ਪੰਜਾਬ 'ਚ ਪਿਛਲੇ ਲੰਮੇਂ ਸਮੇਂ ਤੋਂ ਕਾਂਗਰਸ ਅਤੇ ਅਕਾਲੀ ਦਲ 'ਚ ਹੀ ਮੁੱਖ ਰੂਪ ਨਾਲ ਚੋਣ ਮੁਕਾਬਲਾ ਹੁੰਦਾ ਹੈ ਅਤੇ ਜ਼ਿਆਦਾਤਰ ਚੋਣਾਂ ਵਿਚ ਭਾਜਪਾ ਦੀ ਅਕਾਲੀ ਦਲ ਦੇ ਨਾਲ ਸਮਝੌਤੇ ਵਿਚ ਰਹੀ ਹੈ ਪਰ 2017 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਆਮ ਆਦਮੀ ਪਾਰਟੀ ਦੀ ਐਂਟਰੀ ਤੋਂ ਬਾਅਦ ਤ੍ਰਿਕੋਣਾ ਮੁਕਾਬਲਾ ਹੋਣ ਲੱਗਾ, ਜੋ ਮਾਹੌਲ 2019 ਦੀਆਂ ਲੋਕ ਸਭਾ ਚੋਣਾਂ 'ਚ ਵੀ ਦੇਖਣ ਨੂੰ ਮਿਲਿਆ ਪਰ ਅਕਾਲੀ ਦਲ ਵੱਲੋਂ ਭਾਜਪਾ ਦਾ ਸਾਥ ਛੱਡਣ ਤੋਂ ਬਾਅਦ 2022 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਚਹੁਕੋਣੇ ਮੁਕਾਬਲੇ ਦੀ ਤਸਵੀਰ ਦੇਖਣ ਨੂੰ ਮਿਲੀ। ਹਾਲਾਂਕਿ ਅਕਾਲੀ ਦਲ ਅਤੇ ਭਾਜਪਾ ਦਾ ਮੁੜ ਸਮਝੌਤਾ ਹੋਣ ਸਬੰਧੀ ਹਾਲਾਤ ਬਦਲਣ ਦੀ ਉਮੀਦ ਲਗਾਈ ਜਾ ਰਹੀ ਹੈ ਪਰ ਅਕਾਲੀ ਦਲ ਦੀਆਂ ਸ਼ਰਤਾਂ ਦੇ ਮੱਦੇਨਜ਼ਰ ਭਾਜਪਾ ਨੇ ਇਕੱਲੇ ਚੋਣ ਲੜਨ ਦਾ ਐਲਾਨ ਕਰ ਦਿੱਤਾ ਹੈ, ਜਿਸ ਕਾਰਨ 2022 ਦੀਆਂ ਵਿਧਾਨ ਸਭਾ ਚੋਣਾਂ ਤੋਂ ਬਾਅਦ ਲੋਕ ਸਭਾ ਚੋਣਾਂ ਦੌਰਾਨ ਪੰਜਾਬ 'ਚ ਪਹਿਲੀ ਵਾਰ ਚਹੁਕੋਣਾ ਮੁਕਾਬਲਾ ਹੋਣ ਜਾ ਰਿਹਾ ਹੈ। ਅਕਾਲੀ ਦਲ ਵੱਲੋਂ ਬਾਦਲ ਪਰਿਵਾਰ ਦੇ ਕਿੰਨੇ ਮੈਂਬਰ ਲੜਲਗੇ ਲੋਕ ਸਭਾ ਚੋਣ ਭਾਜਪਾ ਵੱਲੋਂ ਪੰਜਾਬ 'ਚ ਇਕੱਲੇ ਲੋਕ ਸਭਾ ਚੋਣਾਂ ਲੜਨ ਦਾ ਫੈਸਲਾ ਲੈਣ ਤੋਂ ਬਾਅਦ ਅਕਾਲੀ ਦਲ ਦੇ ਸਾਹਮਣੇ ਸਾਰੀਆਂ ਸੀਟਾਂ 'ਤੇ ਉਮੀਦਵਾਰਾਂ ਦੇ ਨਾਂ ਫਾਈਨਲ ਕਰਨ ਦੀ ਚੁਣੌਤੀ ਆ ਗਈ ਹੈ। ਇਸ ਦੌਰਾਨ




ਵੱਡਾ ਸਵਾਲ ਇਹ ਸਾਹਮਣੇ ਆਇਆ ਹੈ ਕਿ ਬਾਦਲ ਪਰਿਵਾਰ ਦੇ ਕਿੰਨੇ ਮੈਂਬਰ ਲੋਕ ਸਭਾ ਚੋਣਾਂ ਲੜਨਗੇ ਕਿਉਂਕਿ ਮੌਜੂਦਾ ਸਮੇਂ ਦੌਰਾਨ ਸੁਖਬੀਰ ਬਾਦਲ ਅਤੇ ਹਰਸਿਮਰਤ ਬਾਦਲ ਦੋਵੇਂ ਹੀ ਐੱਮ. ਪੀ. ਹਨ। ਜੇਕਰ ਉਹ ਦੋਵੇਂ ਇਕ ਵਾਰ ਫਿਰ ਵਿਧਾਨ ਸਭਾ ਚੋਣਾਂ ਲੜਦੇ ਹਨ ਤਾਂ ਵਿਧਾਨ ਸਭਾ ਚੋਣ ਹਾਰਨ ਵਾਲੇ ਉਨ੍ਹਾਂ ਦੇ ਪਰਿਵਾਰ ਦੇ ਬਾਕੀ ਮੈਂਬਰਾਂ ਦੀ ਚਰਚਾ ਹੋਣਾ ਲਾਜਮੀ ਹੈ। ਇਨ੍ਹਾਂ 'ਚ ਆਦੇਸ਼ ਪ੍ਰਤਾਪ ਸਿੰਘ ਕੈਰੋਂ, ਬਿਕਰਮ ਸਿੰਘ ਮਜੀਠੀਆ ਦੇ ਨਾਂ ਮੁੱਖ ਤੌਰ 'ਤੇ ਸ਼ਾਮਲ ਹਨ, ਜਿਸ ਸਬੰਧੀ ਕਿਆਸ ਲਗਾਏ ਜਾ ਰਹੇ ਹਨ ਕਿ ਕੈਰੋਂ ਜਾਂ ਉਨ੍ਹਾਂ ਦੀ ਪਤਨੀ ਖੰਡੂਰ ਸਾਹਿਬ ਅਤੇ ਮਜੀਠੀਆ ਅੰਮ੍ਰਿਤਸਰ ਤੋਂ ਅਕਾਲੀ ਦਲ ਦੇ ਉਮੀਦਵਾਰ ਹੋ ਸਕਦੇ ਹਨ। ਓਧਰ, ਬਾਦਲ ਪਰਿਵਾਰ ਦੇ ਇਕ ਹੋਰ ਮੈਂਬਰ ਮਨਪ੍ਰੀਤ ਬਾਦਲ ਭਾਜਪਾ 'ਚ ਸ਼ਾਮਲ ਹੋ ਚੁੱਕੇ ਹਨ, ਜੋ ਇਕ ਵਾਰ ਹਰਸਿਮਰਤ ਦੇ ਮੁਕਾਬਲੇ ਬਠਿੰਡਾ ਤੋਂ ਕਾਂਗਰਸ ਦੀ ਟਿਕਟ 'ਤੇ ਚੋਣ ਲੜ ਚੁੱਕੇ ਹਨ। ਹੁਣ ਉਹ ਵਿਧਾਨ ਸਭਾ ਚੋਣ ਹਾਰ ਚੁੱਕੇ ਹਨ ਅਤੇ ਉਨ੍ਹਾਂ ਦੇ ਲੋਕ ਸਭਾ ਚੋਣ ਲੜਨ ਸਬੰਧੀ ਦੁਚਿੱਤੀ ਦੀ ਸਥਿਤੀ ਬਣੀ ਹੋਈ ਹੈ।

## ਪ੍ਰਤਾਪ ਬਾਜਵਾ ਦਾ 'ਆਪ' 'ਤੇ ਤੰਜ, ਜਿਹੜਾ ਟੋਆ ਸਾਡੇ ਰਾਹ 'ਚ ਪੁੱਟਿਆ, ਹੁਣ ਉਸੇ 'ਚ ਡਿੱਗੇ

ਚੰਡੀਗੜ੍ਹ 29 ਮਾਰਚ। ਜਲੰਧਰ ਤੋਂ ਐੱਮ. ਪੀ. ਸੁਸ਼ੀਲ ਕੁਮਾਰ ਰਿੰਕੂ ਅਤੇ ਵਿਧਾਇਕ ਸ਼ੀਤਲ ਅੰਗੂਰਾਲ ਦੇ ਭਾਜਪਾ ਵਿਚ ਸ਼ਾਮਲ ਹੋਣ 'ਤੇ ਪ੍ਰਤਾਪ ਸਿੰਘ ਬਾਜਵਾ ਨੇ ਤੰਜ ਕੱਸਿਆ ਹੈ। ਆਪਣੇ ਐੱਕਸ ਖਾਤੇ 'ਤੇ ਬਾਜਵਾ ਨੇ ਲਿਖਿਆ ਕਿ ਉਹ ਸਾਡਾ ਇਕ



ਲੈ ਕੇ ਗਏ ਤੇ ਉਹ ਉਨ੍ਹਾਂ ਦੇ ਦੋ ਲੈ ਗਏ। ਭਗਵੰਤ ਮਾਨ ਜੀ ਤੁਸੀ ਸਾਡੇ ਰਾਹ ਵਿਚ ਜਿਹੜਾ ਟੋਆ ਪੁੱਟਿਆ ਸੀ, ਹੁਣ ਤੁਸੀ ਖੁਦ ਉਸ ਖੂਹ ਵਿਚ ਮੂਧੇ-ਮੂੰਹ ਜਾ ਡਿੱਗੇ ਹੋ। ਇਸ ਦੇ ਨਾਲ ਹੀ ਬਾਜਵਾ ਨੇ ਉਹ ਤਸਵੀਰ ਵੀ ਸਾਂਝੀ ਕੀਤੀ ਹੈ ਜਿਸ ਵਿਚ ਸਾਬਕਾ ਕਾਂਗਰਸੀ ਵਿਧਾਇਕ ਰਾਜ ਕੁਮਾਰ ਚੱਬੇਵਾਲ ਕਾਂਗਰਸ ਵਿਚ ਸ਼ਾਮਲ ਹੁੰਦੇ ਹਨ ਅਤੇ ਉਹ ਤਸਵੀਰਾਂ ਵੀ ਹਨ ਜਿਸ ਵਿਚ ਆਮ ਆਦਮੀ ਪਾਰਟੀ ਦੇ ਦੋ ਵੱਡੇ ਆਗੂ ਸੁਸ਼ੀਲ ਰਿੰਕੂ ਅਤੇ ਸ਼ੀਤਲ ਅੰਗੂਰਾਲ ਭਾਜਪਾ ਵਿਚ ਸ਼ਮੂਲੀਅਤ ਕਰ ਰਹੇ ਹਨ।

## ਦੋਵੇਂ ਭਰਾ ਮੇਰੇ ਨਾਲ ਆ ਗਏ, ਹੁਣ ਮਿਲ ਕੇ ਕੰਮ ਕਰਾਂਗੇ : ਸੁਨੀਲ ਜਾਖੜ

ਏਜੰਸੀਆਂ

ਚੰਡੀਗੜ੍ਹ 29 ਮਾਰਚ। ਜਲੰਧਰ ਤੋਂ ਆਮ ਆਦਮੀ ਪਾਰਟੀ ਦੇ ਮੌਜੂਦਾ ਪਾਰਲੀਮੈਂਟ ਮੈਂਬਰ ਸੁਸ਼ੀਲ ਕੁਮਾਰ ਰਿੰਕੂ ਅਤੇ ਜਲੰਧਰ ਵੈਸਟ ਹਲਕੇ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਸ਼ੀਤਲ ਅੰਗੂਰਾਲ ਅੱਜ ਭਾਜਪਾ 'ਚ ਸ਼ਾਮਲ ਹੋ ਗਏ ਹਨ। ਦੋਵਾਂ ਆਗੂ ਦਿੱਲੀ ਵਿਖੇ ਭਾਜਪਾ ਹੈੱਡ ਕੁਆਰਟਰ 'ਚ ਪਾਰਟੀ ਵਿਚ ਸ਼ਾਮਲ ਹੋਏ। ਇਸ ਮੌਕੇ ਭਾਜਪਾ ਪੰਜਾਬ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਕਿ ਮੇਰਾ ਅਤੇ ਸੁਸ਼ੀਲ ਰਿੰਕੂ ਦਾ ਦਿਲ ਬਹੁਤ ਸਮਾਂ ਪਹਿਲਾਂ ਮਿਲ ਗਿਆ ਸੀ, ਕਿਉਂਕਿ ਉਹ ਦੋਵੇਂ ਕਾਫੀ ਸਮਾਂ ਕਾਂਗਰਸ ਪਾਰਟੀ ਵਿਚ ਰਹਿ ਚੁੱਕੇ ਹਨ। ਭਾਜਪਾ ਵਿਚ ਸ਼ਾਮਲ ਹੋਣ 'ਤੇ ਇੰਨਾ ਨੇ ਜਿ਼ਆਦਾ ਸਮਾਂ ਲੱਗਾ ਦਿੱਤਾ ਹੈ। ਸੁਨੀਲ ਜਾਖੜ ਨੇ ਕਿਹਾ ਕਿ ਮੈਨੂੰ ਇਸ ਗੱਲ ਦੀ ਬਹੁਤ ਖੁਸ਼ੀ ਹੈ ਕਿ ਅੱਜ ਮੇਰੇ ਦੋਵੇਂ ਭਰਾ ਮੁੜ ਤੋਂ ਇੱਕਠੇ ਹੋ ਗਏ ਹਨ। ਅਸੀਂ ਹੁਣ ਮਿਲ ਕੇ ਕੰਮ ਕਰਾਂਗੇ। ਵਿਕਾਸ ਦੇ ਪੱਖ ਤੋਂ ਜਿਹੜਾ ਪੰਜਾਬ ਪਿੱਛੇ ਰਹਿ ਗਿਆ ਹੈ, ਇਸ ਨੂੰ ਅਸੀਂ ਸਾਰੇ ਇੱਕਠੇ ਹੋ ਕੇ ਹੁਣ ਵਿਕਸਿਤ ਕਰਾਂਗੇ। ਕਿਉਂਕਿ ਜਲੰਧਰ ਦਾ ਹਾਲ ਬਹੁਤ ਬੁਰਾ ਹੋਇਆ ਪਿਆ ਹੈ। ਜਲੰਧਰ ਵਿਚ ਤੁਹਾਨੂੰ ਸੜਕਾਂ ਨਹੀਂ ਸਗੋਂ ਟੋਏ ਜਿ਼ਆਦਾ ਵਿਖਾਈ ਦੇਣਗੇ। ਆਮ ਆਦਮੀ ਪਾਰਟੀ 'ਤੇ ਨਿਸ਼ਾਨਾ ਕੱਸਦੇ ਹੋਏ ਸੁਨੀਲ ਜਾਖੜ ਨੇ ਕਿਹਾ ਕਿ ਉਹਨਾਂ ਨੇ ਸਾਡੀ ਅਰਥਵਿਵਸਥਾ ਨੂੰ ਚਕਰਾਚੂਰ ਕਰਕੇ ਰੱਖ ਦਿੱਤਾ ਹੈ। ਦਿੱਲੀ ਦੇ ਮੁੱਖ ਮੰਤਰੀ ਕੇਜਰੀਵਾਲ ਨੂੰ ਲੈ ਕੇ ਉਹਨਾਂ ਨੇ ਕਿਹਾ ਕਿ ਕੇਜਰੀਵਾਲ 'ਤੇ ਅਜੇ ਸਿਰਫ 100 ਕਰੋੜ ਰੁਪਏ ਦਾ ਇਲਜਾਮ ਲੱਗਾ ਹੈ ਪਰ ਜਦੋਂ ਪੰਜਾਬ ਵਿਚ ਕੀਤੇ ਗਏ ਉਹਨਾਂ ਦੇ ਘੁਟਾਲੇ ਸਾਹਮਣੇ ਆਏ



ਤਾਂ ਫਿਰ ਕੀ ਹੋਵੇਗਾ। ਸੁਨੀਲ ਜਾਖੜ ਨੇ ਕਿਹਾ ਕਿ ਕੇਜਰੀਵਾਲ ਇਨਕਮ ਟੈਕਸ ਦੇ ਅਧਿਕਾਰੀ ਹਨ, ਜਿਸ ਕਰਕੇ ਉਹਨਾਂ ਨੂੰ ਇਸ ਗੱਲ ਦੀ ਪੂਰੀ ਜਾਣਕਾਰੀ ਹੈ ਕਿ ਪੈਸਾ ਕਿਥੋ ਅਤੇ ਕਿਹੜੇ ਤਰੀਕਿਆਂ ਨਾਲ ਕੱਢਿਆ ਜਾ ਸਕਦਾ ਹੈ। ਆਮ ਆਦਮੀ ਪਾਰਟੀ ਦੀ ਸਰਕਾਰ ਨੇ ਪੰਜਾਬ ਨਾਲ ਜੋ ਠੱਗੀ ਮਾਰੀ ਹੈ, ਉਸ ਦਾ ਖਮਿਆਜਾ ਇਨ੍ਹਾਂ ਨੂੰ ਆਉਣ ਵਾਲੇ ਸਮੇਂ ਵਿਚ ਭੁਗਤਣਾ ਪਵੇਗਾ। ਇਨ੍ਹਾਂ ਦਾ ਅਸਲੀ ਚਿਹਰਾ ਜਲਦੀ ਲੋਕਾਂ ਦੇ ਸਾਹਮਣੇ ਆਉਣ ਵਾਲਾ ਹੈ।

## ਭਾਜਪਾ ਵੱਲੋਂ ਇਕੱਲਿਆਂ ਚੋਣ ਲੜਣ ਦੇ ਐਲਾਨ 'ਤੇ ਰਾਜਾ ਵੜਿੰਗ ਦਾ ਵੱਡਾ ਬਿਆਨ

ਏਜੰਸੀਆਂ

ਚੰਡੀਗੜ੍ਹ 29 ਮਾਰਚ। ਭਾਜਪਾ ਵੱਲੋਂ ਸ਼੍ਰੋਮਣੀ ਅਕਾਲੀ ਦਲ ਨਾਲ ਗੱਠਜੋੜ ਦੀ ਬਜਾਇ ਇਕੱਲਿਆਂ ਚੋਣ ਲੜਨ ਦੇ ਫੈਸਲੇ ਨੂੰ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਮਹਿਜ ਡਰਾਮਾ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਰਸਮੀ ਸਮਝੌਤੇ ਦੀ ਅਣਹੋਂਦ ਦੇ ਬਾਵਜੂਦ ਦੋਵੇਂ ਧਿਰਾਂ ਬੰਦ ਦਰਵਾਜਿ਼ਆਂ ਪਿੱਛੇ ਸਹਿਯੋਗ ਕਰਦੀਆਂ ਰਹੀਆਂ ਹਨ। ਉਨ੍ਹਾਂ ਕਿਹਾ ਕਿ ਸੁਨੀਲ ਜਾਖੜ, ਸੁਖਬੀਰ ਸਿੰਘ ਬਾਦਲ ਅਤੇ ਕੈਪਟਨ ਅਮਰਿੰਦਰ ਸਿੰਘ ਦੇ ਠੋਸ ਯਤਨਾਂ ਦੇ ਬਾਵਜੂਦ ਭਾਜਪਾ ਅਤੇ ਅਕਾਲੀ ਦਲ ਪੰਜਾਬ 'ਚ ਆਪਣੀ ਮੌਜੂਦਗੀ ਕਾਇਮ ਕਰਨ 'ਚ ਅਸਫਲ ਰਹੇ ਹਨ। ਉਨ੍ਹਾਂ ਦੀਆਂ ਲਗਾਤਾਰ ਕੋਸਿ਼ਸ਼ਾਂ ਤੋਂ ਸਪੱਸਟ ਹੁੰਦਾ ਹੈ ਕਿ ਇਹ ਪਾਰਟੀਆਂ ਇਕਜੁੱਟ ਹੋ ਕੇ ਆਉਣ ਵਾਲੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਭਰੋਸੇਯੋਗਤਾ ਹਾਸਲ ਕਰਨ ਲਈ ਕੰਮ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਭਾਵੇਂ ਭਾਜਪਾ ਤੇ ਅਕਾਲੀ ਦਲ ਵੱਲੋਂ ਗੱਠਜੋੜ ਦੀ ਗੱਲਬਾਤ ਨੂੰ ਜਨਤਕ ਤੌਰ 'ਤੇ ਖਤਮ ਕਰਨ ਦਾ ਐਲਾਨ ਕੀਤਾ ਗਿਆ ਹੈ ਪਰ ਮੈਨੂੰ ਭਰੋਸਾ ਹੈ ਕਿ ਦੋਵੇਂ ਸੰਸਥਾਵਾਂ ਜਨਤਕ ਤੌਰ 'ਤੇ ਅਸਵੀਕਾਰ ਕੀਤੇ ਜਾਣ ਦੇ ਬਾਵਜੂਦ ਇਕ-ਦੂਜੇ ਦਾ ਸਹਿਯੋਗ ਕਰ ਰਹੀਆਂ ਹਨ। ਇਸ ਦਾ ਸਬੂਤ ਸਮੁੱਚੇ ਬਾਦਲ ਪਰਿਵਾਰ ਲਈ ਕੇਂਦਰੀ ਸੁਰੱਖਿਆ ਬਲਾਂ ਦਾ ਨਿਰੰਤਰ ਪ੍ਰਬੰਧ ਹੈ, ਜਦਕਿ ਸਾਡੇ ਨੇਤਾ ਅਜਿਹੇ



ਵਿਸੇਸ ਅਧਿਕਾਰਾਂ ਤੋਂ ਵਾਂਝੇ ਰਹਿੰਦੇ ਹਨ। ਉਨ੍ਹਾਂ ਕਿਹਾ ਕਿ ਸੁਨੀਲ ਜਾਖੜ 'ਤੇ ਦਬਾਅ ਹੈ ਕਿ ਜੇ ਭਾਜਪਾ ਇਕ ਵੀ ਸੀਟ ਹਾਸਲ ਕਰਨ 'ਚ ਅਸਫਲ ਰਹਿੰਦੀ ਹੈ ਤਾਂ ਉਨ੍ਹਾਂ ਦੀ ਪ੍ਰਧਾਨਗੀ ਦਾਅ 'ਤੇ ਲੱਗ ਸਕਦੀ ਹੈ। ਉਨ੍ਹਾਂ ਕਿਹਾ ਕਿ ਭਾਵੇਂ ਅਕਾਲੀ ਦਲ ਨੇ ਅਧਿਕਾਰਤ ਤੌਰ 'ਤੇ 2021 'ਚ ਆਪਣਾ ਗੱਠਜੋੜ ਖਤਮ ਕਰ ਦਿੱਤਾ ਸੀ ਪਰ ਰਾਸਟਰਪਤੀ ਦੀ ਚੋਣ ਤੋਂ ਲੈ ਕੇ ਸੀ. ਏ. ਏ. ਬਿੱਲ ਦੇ ਪਾਸ ਹੋਣ ਤਕ ਅਕਾਲੀ ਦਲ ਨੇ ਲਗਾਤਾਰ ਆਪਣੇ-ਆਪ ਨੂੰ ਭਾਜਪਾ ਨਾਲ ਜੋੜਿਆ ਹੈ। ਅਕਾਲੀ ਦਲ ਦੀ ਹਾਲ ਹੀ 'ਚ ਹੋਈ ਕੋਰ ਕਮੇਟੀ ਦੀ ਮੀਟਿੰਗ ਦੌਰਾਨ ਵੀ ਕੇਂਦਰ ਸਰਕਾਰ ਨੂੰ ਖੁਸ ਕਰਨ ਲਈ ਕਿਸਾਨਾਂ ਲਈ ਘੱਟੋ-ਘੱਟ ਸਮਰਥਨ ਮੁੱਲ ਦਾ ਮਾਮਲਾ ਨਹੀਂ ਉਠਾਇਆ ਗਿਆ। ਉਨ੍ਹਾਂ ਕਿਹਾ ਕਿ ਮੈਂ ਸੁਖਬੀਰ ਬਾਦਲ ਨੂੰ ਚੁਣੌਤੀ ਦਿੰਦਾ ਹਾਂ ਕਿ ਜੇ ਚੋਣਾਂ ਦੌਰਾਨ ਅਕਾਲੀ ਦਲ ਜਿੱਤਦਾ ਹੈ ਤਾਂ ਉਹ ਐਲਾਨ ਕਰੇ ਕਿ ਉਨ੍ਹਾਂ ਦੀ ਵੋਟ ਐੱਨ. ਡੀ. ਏ. ਦੇ ਵਿਰੁੱਧ ਹੋਵੇਗੀ।

# ਰਾਜ ਕੁਮਾਰ ਚੱਬੇਵਾਲ ਦੇ ਭਾਜਪਾ 'ਚ ਜਾਣ ਦੀਆਂ ਚਰਚਾਵਾਂ ਦਾ ਜਾਣੋ ਪੂਰਾ ਸੱਚ

ਏਜੰਸੀਆਂ

ਜਲੰਧਰ 29 ਮਾਰਚ। ਜਿਉਂ-ਜਿਉਂ ਲੋਕ ਸਭਾ ਚੋਣਾਂ ਦਾ ਸਮਾਂ ਨੇੜੇ ਆ ਰਿਹਾ ਹੈ, ਰਾਜਨੀਤਿਕ ਆਗੂਆਂ ਦਾ ਦਲ ਬਦਲਣ ਦਾ ਸਿਲਸਿਲਾ ਵੀ ਤੇਜ ਹੁੰਦਾ ਜਾ ਰਿਹਾ ਹੈ। ਬੀਤੇ ਕੁਝ ਕੁ ਦਿਨਾਂ 'ਚ ਹੀ ਕਈ ਵੱਡੇ ਲੀਡਰ ਆਪਣੀਆਂ ਪਾਰਟੀਆਂ ਛੱਡ ਕੇ ਦੂਜੀਆਂ ਪਾਰਟੀਆਂ 'ਚ ਸ਼ਾਮਲ ਹੋ ਰਹੇ ਹਨ। ਬੀਤੇ ਦਿਨ ਕਾਂਗਰਸ ਦੇ ਸੀਨੀਅਰ ਆਗੂ ਰਵਨੀਤ ਸਿੰਘ ਬਿੱਟੂ ਕਾਂਗਰਸ ਦਾ ਹੱਥ ਛੱਡ ਭਾਜਪਾ 'ਚ ਸ਼ਾਮਲ ਹੋ ਗਏ ਸਨ, ਜਦਕਿ ਉਨ੍ਹਾਂ ਤੋਂ ਬਾਅਦ ਜਲੰਧਰ ਤੋਂ ਸੰਸਦ ਮੈਂਬਰ ਸੁਸ਼ੀਲ ਰਿੰਕੂ ਅਤੇ ਵਿਧਾਇਕ ਸ਼ੀਤਲ ਅੰਗੂਰਾਲ ਨੇ ਵੀ 'ਆਪ' ਛੱਡ ਕੇ ਭਾਜਪਾ ਦਾ ਲੜ ਫੜ ਲਿਆ ਹੈ। ਇਸ ਦਲ-ਬਦਲ ਦੇ ਦੌਰ 'ਚ ਹੋਰ ਵੀ ਕਈ ਆਗੂ ਪਾਰਟੀ ਛੱਡ ਕੇ ਕਿਸੇ ਹੋਰ ਪਾਰਟੀ 'ਚ ਸ਼ਾਮਲ ਹੋਣ ਦੀਆਂ ਕਿਆਸਰਾਈਆਂ ਲਗਾਈਆਂ ਜਾ ਰਹੀਆਂ ਹਨ, ਜਿਨ੍ਹਾਂ 'ਚੋਂ ਰਾਜ ਕੁਮਾਰ ਚੱਬੇਵਾਲ ਦਾ ਵੀ ਨਾਂ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਰਾਜ ਕੁਮਾਰ ਚੱਬੇਵਾਲ ਕੁਝ ਦਿਨ ਪਹਿਲਾਂ ਹੀ ਕਾਂਗਰਸ ਨੂੰ ਛੱਡ ਕੇ ਆਮ ਆਦਮੀ ਪਾਰਟੀ 'ਚ ਸ਼ਾਮਲ ਹੋਏ ਸਨ ਤੇ ਪਾਰਟੀ ਵੱਲੋਂ ਉਨ੍ਹਾਂ ਨੂੰ ਹੁਸ਼ਿਆਰਪੁਰ ਤੋਂ ਉਮੀਦਵਾਰ ਐਲਾਨੇ ਜਾਣ ਦੀਆਂ ਚਰਚਾਵਾਂ ਵੀ ਜੋਰਾਂ-ਸ਼ੋਰਾਂ 'ਤੇ ਚੱਲ ਰਹੀਆਂ ਹਨ। ਲੋਕਾਂ ਵੱਲੋਂ ਉਨ੍ਹਾਂ ਦੇ 'ਆਪ' ਛੱਡ ਕੇ ਭਾਜਪਾ 'ਚ ਸ਼ਾਮਲ ਹੋਣ ਦੇ ਅੰਦਾਜੇ ਲਗਾਏ ਜਾਣੇ ਵੀ ਸ਼ੁਰੂ ਹੋ ਗਏ ਹਨ। ਇਸ ਵਿਸ਼ੇ ਬਾਰੇ ਜਾਣਕਾਰੀ ਲੈਣ ਲਈ ਜਦੋਂ



'ਜਗ ਬਾਣੀ' ਦੇ ਪੱਤਰਕਾਰ ਰਮਨਦੀਪ ਸਿੰਘ ਸੋਢੀ ਨੇ ਰਾਜ ਕੁਮਾਰ ਚੱਬੇਵਾਲ ਨਾਲ ਫੋਨ 'ਤੇ ਗੱਲਬਾਤ ਕੀਤੀ ਤਾਂ ਉਨ੍ਹਾਂ ਇਸ ਵਿਸ਼ੇ 'ਤੇ ਚੁੱਪੀ ਤੋੜੀ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ 'ਆਪ' ਨੂੰ ਛੱਡਣ ਦੀਆਂ ਸਭ ਗੱਲਾਂ ਬਸ ਅਫਵਾਹਾਂ ਹਨ। ਉਨ੍ਹਾਂ ਅੱਗੇ ਕਿਹਾ ਕਿ ਉਹ ਜਲੰਧਰ 'ਚ ਸੁਸ਼ੀਲ ਰਿੰਕੂ ਅਤੇ ਸ਼ੀਤਲ ਅੰਗੂਰਾਲ ਦੇ 'ਆਪ' ਛੱਡ ਕੇ ਭਾਜਪਾ 'ਚ ਸਾਮਲ ਹੋਣ ਖਿ਼ਲਾਫ ਕੀਤੇ ਗਏ ਵਿਰੋਧ ਪ੍ਰਦਰਸ਼ਨ 'ਚ ਵੀ ਸ਼ਾਮਲ ਹੋਣ ਆਏ ਸਨ। ਉਨ੍ਹਾਂ ਕਿਹਾ ਕਿ ਜੇਕਰ ਉਹ ਭਾਜਪਾ 'ਚ ਸ਼ਾਮਲ ਹੋਣ ਬਾਰੇ ਸੋਚ ਰਹੇ ਹੁੰਦੇ ਤਾਂ ਉਹ ਕਦੀ ਉਨ੍ਹਾਂ ਖਿ਼ਲਾਫ ਵਿਰੋਧ ਪ੍ਰਦਰਸ਼ਨ 'ਚ ਸ਼ਾਮਲ ਨਾ ਹੁੰਦੇ। ਉਨ੍ਹਾਂ ਅੱਗੇ ਕਿਹਾ ਕਿ ਉਹ ਹੁਣ 'ਆਪ' ਨੂੰ ਨਹੀਂ ਛੱਡਣਗੇ, ਉਨ੍ਹਾਂ ਕਿਹਾ, "ਮੈਂ 'ਆਪ' 'ਚ ਹਾਂ ਤੇ 'ਆਪ' 'ਚ ਹੀ ਰਹਾਂਗਾ।" ਆਗੂਆਂ ਵੱਲੋਂ ਇਸ ਤਰ੍ਹਾਂ ਦਲ-ਬਦਲ ਦੇ ਦੌਰ 'ਚ ਲੋਕਾਂ ਵੱਲੋਂ ਅਜਿਹੀਆਂ ਚਰਚਾਵਾਂ ਦਾ ਸ਼ੁਰੂ ਹੋਣਾ ਕੋਈ ਵੱਡੀ ਗੱਲ ਨਹੀਂ ਹੈ। ਰਾਜਨੀਤਿਕ ਆਗੂ ਆਪਣੀਆਂ ਹੀ ਗੱਲੋਂ ਤੋਂ ਕਦੋਂ ਫਿਰ ਜਾਣ, ਕੁਝ ਪਤਾ ਨਹੀਂ ਚੱਲਦਾ। ਪਹਿਲਾਂ ਉਹ ਕਿਸੇ ਪਾਰਟੀ ਦੇ ਖਿ਼ਲਾਫ ਲਗਾਤਾਰ ਪ੍ਰਚਾਰ ਕਰਦੇ ਹਨ ਤੇ ਆਪਣੀ ਪਾਰਟੀ ਨੂੰ ਉਸ ਪਾਰਟੀ ਤੋਂ ਵਧੀਆ ਦੱਸਦੇ ਹਨ ਤੇ ਫਿਰ ਅਚਾਨਕ ਹੀ ਆਪਣੀ ਪਾਰਟੀ ਛੱਡ ਉਸੇ ਵਿਰੋਧੀ ਪਾਰਟੀ 'ਚ ਸ਼ਾਮਲ ਹੋ ਜਾਂਦੇ ਹਨ। ਅਜਿਹੇ 'ਚ ਲੋਕਾਂ ਦਾ ਆਗੂਆਂ ਦੀਆਂ ਗੱਲਾਂ ਤੋਂ ਯਕੀਨ ਉੱਠਣਾ ਤਾਂ ਸੁਭਾਵਿਕ ਜਿਹੀ ਗੱਲ ਹੈ।

## ਸੰਗਰੂਰ 'ਚ ਕਣਕ ਦੀ ਖਰੀਦ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਲਈ ਅਫਸਰ ਤਾਇਨਾਤ

ਸੰਗਰੂਰ 29 ਮਾਰਚ। ਹਾੜ੍ਹੀ ਦੇ ਸੀਜ਼ਨ ਨੂੰ ਮੁੱਖ ਰੱਖਦਿਆਂ ਜਿ਼ਲ੍ਹਾ ਸੰਗਰੂਰ 'ਚ ਕਣਕ ਦੀ ਖਰੀਦ 1 ਅਪ੍ਰੈਲ ਤੋਂ ਸ਼ੁਰੂ ਹੋਵੇਗੀ। ਇਸ ਸਬੰਧੀ ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਨੇ ਹੁਕਮ ਜਾਰੀ ਕਰਦਿਆਂ ਕਿਹਾ ਕਿ ਖਰੀਦ ਕੇਂਦਰਾਂ 'ਤੇ ਕਣਕ ਦੀ ਖਰੀਦ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਲਈ ਜ਼ਿਲ੍ਹੇ ਦੀਆਂ ਸਮੂਹ ਅਨਾਜ ਮੰਡੀਆਂ 'ਚ ਵੱਖੋ-ਵੱਖ ਸੈਕਟਰ ਅਫਸਰ ਤਾਇਨਾਤ ਕੀਤੇ ਗਏ ਹਨ, ਜੋ ਕਿ ਕਿਸੇ ਵੀ ਸਮੱਸਿਆ ਦੀ ਸਥਿਤੀ 'ਚ ਸਬੰਧਿਤ ਉਪ ਮੰਡਲ ਮੈਜਿਸਟ੍ਰੇਟ ਨਾਲ ਤਾਲਮੇਲ ਕਰਨਗੇ। ਜੋਰਵਾਲ ਨੇ ਦੱਸਿਆ ਕਿ ਖਰੀਦ ਪ੍ਰਬੰਧਾਂ ਦੀ ਸਮੁੱਚੀ ਨਿਗਰਾਨੀ ਵਧੀਕ ਡਿਪਟੀ ਕਮਿਸ਼ਨਰ (ਜ) ਕਰਨਗੇ ਅਤੇ ਸਬੰਧਿਤ ਐੱਸ. ਡੀ. ਐੱਮ. ਆਪਣੇ ਅਧਿਕਾਰ ਖੇਤਰ 'ਚ ਖਰੀਦ ਪ੍ਰਬੰਧਾਂ ਦੇ ਇੰਚਾਰਜ ਹੋਣਗੇ। ਉਨ੍ਹਾਂ ਕਿਹਾ ਕਿ ਸੈਕਟਰ ਅਫਸਰਾਂ ਵੱਲੋਂ ਡਿਊਟੀ 'ਚ ਕਿਸੇ ਵੀ ਕਿਸਮ ਦੀ ਕੀਤੀ ਗਈ ਲਾਪਰਵਾਹੀ ਦੀ ਸੂਰਤ 'ਚ ਉਸ ਖਿ਼ਲਾਫ ਅਨੁਸਾਸ਼ਨੀ ਕਾਰਵਾਈ ਅਮਲ 'ਚ ਲਿਆਂਦੀ ਜਾਵੇਗੀ। ਹੁਕਮਾਂ 'ਚ ਕਿਹਾ ਗਿਆ ਹੈ ਕਿ ਕੋਈ ਵੀ ਸੈਕਟਰ ਅਫਸਰ ਨਿਗਰਾਨ ਅਧਿਕਾਰੀ ਦੀ ਅਗੇਤੀ ਪ੍ਰਵਾਨਗੀ ਤੋਂ ਬਿਨਾਂ ਆਪਣਾ ਸਟੇਸ਼ਨ ਨਹੀਂ ਛੱਡੇਗਾ ਅਤੇ ਹਰੇਕ ਸੈਕਟਰ ਅਫਸਰ ਡਿਊਟੀ ਦੌਰਾਨ ਆਪਣਾ ਮੋਬਾਇਲ ਫੋਨ ਖੁੱਲ੍ਹਾ ਰੱਖੇਗਾ। ਉਨ੍ਹਾਂ ਦੱਸਿਆ ਕਿ ਖਰੀਦ ਪ੍ਰਬੰਧਾਂ ਦੇ ਸੁਚੱਜੇ ਪ੍ਰਬੰਧਾਂ ਲਈ ਜ਼ਿਲ੍ਹਾ ਪੱਧਰ ਅਤੇ ਉਪ ਮੰਡਲ ਮੈਜਿਸਟ੍ਰੇਟ ਪੱਧਰ 'ਤੇ ਕੰਟਰੋਲ ਰੂਮ ਸਥਾਪਿਤ ਕੀਤੇ ਗਏ ਹਨ ਜਿੱਥੇ ਕਿ ਆਕਾਸ਼ ਬਾਂਸਲ ਵਧੀਕ ਡਿਪਟੀ ਕਮਿਸ਼ਨਰ, ਸੰਗਰੂਰ (88825-76368, 01672234362), ਚਰਨਜੋਤ ਸਿੰਘ ਵਾਲੀਆ ਉੱਪ ਮੰਡਲ ਮੈਜਿਸਟ੍ਰੇਟ, ਸੰਗਰੂਰ (97790-22255, 01672234260), ਸੂਬਾ ਸਿੰਘ ਉੱਪ ਮੰਡਲ ਮੈਜਿਸਟ੍ਰੇਟ, ਮੂਨਕ ਵਾਧੂ ਚਾਰਜ (946 ਜ਼ਿਲਾ ਕੰਟਰੋਲਰ, ਖੁਰਾਕ ਤੇ ਸਿਵਲ ਸਪਲਾਈਜ਼ (97813-30180, 01672234051) ਨੂੰ ਨਿਗਰਾਨ ਅਧਿਕਾਰੀ ਲਾਇਆ ਗਿਆ ਹੈ।

# ਫਗਵਾੜਾ ਗੁੱਡ ਗ੍ਰੋ ਖੇਤੀ ਮਾਡਲ ਪੰਜਾਬ ਹੀ ਨਹੀਂ ਪੂਰੇ ਦੇਸ਼ 'ਚ ਲਾਗੂ ਹੋਣਾ ਚਾਹੀਦੈ : ਸ਼੍ਰੀ ਵਿਜੇ ਚੋਪੜਾ

ਸਰਦੂਲ ਸਿੰਘ

ਜਲੰਧਰ/ਕਪੂਰਥਲਾ 29 ਮਾਰਚ। ਅਸਲ 'ਚ ਕਿਸਾਨ ਨਹੀਂ ਹਾਂ, ਇਥੇ ਆ ਕੇ ਬਿਨਾਂ ਰਾਸਾਇਣਕ ਖਾਦ ਦੀ ਵਰਤੋਂ ਕਰਕੇ ਘੱਟ ਖਰਚੇ ਨਾਲ ਹੋ ਰਹੀ ਖੇਤੀ ਦੇ ਮਾਹੌਲ ਨੂੰ ਵੇਖਦੇ ਹਾਂ ਤਾਂ ਬਹੁਤ ਚੰਗਾ ਲੱਗਦਾ ਹੈ। ਹੁਣ ਫਗਵਾੜਾ ਗੁੱਡ ਗ੍ਰੋ ਕ੍ਰੌਪਿੰਗ ਖੇਤੀ ਮਾਡਲ ਤਕਨੀਕ ਨੂੰ ਪੰਜਾਬ ਹੀ ਨਹੀਂ ਸਗੋਂ ਪੂਰੇ ਦੇਸ਼ 'ਚ ਲਾਗੂ ਕਰਨਾ ਚਾਹੀਦਾ ਤਾਂ ਕਿ ਪੂਰੇ ਦੇਸ਼ ਦੇ ਕਿਸਾਨਾਂ ਦਾ ਵਿੱਤੀ ਸੰਕਟ, ਜੀਵਨ ਦੀ ਹੋਂਦ ਨੂੰ ਸੁਰੱਖਿਅਤ ਕਰਨ, ਵਾਤਾਵਰਣ ਸੰਕਟ ਤੇ ਖਪਤਕਾਰਾਂ ਲਈ ਸ਼ੁੱਧ ਭੋਜਨ ਦਾ ਸੰਕਟ ਦੂਰ ਹੋ ਸਕੇ। ਮੇਰਾ ਮੰਨਣਾ ਹੈ ਕਿ ਪਰਮਾਤਮਾ ਨੇ ਅਵਤਾਰ ਸਿੰਘ ਫਗਵਾੜਾ ਨੂੰ ਧਰਤੀ 'ਤੇ ਖੇਤੀਬਾੜੀ ਸੇਵਾ ਕਰਨ ਲਈ ਅਵਤਾਰ ਰੂਪ 'ਚ ਭੇਜਿਆ ਹੈ। ਉਕਤ ਸ਼ਬਦ ਮਿਸ਼ਨ ਸੰਪੂਰਨ ਖੇਤੀ ਪੂਰਨ ਰੋਜਗਾਰ ਸੰਸਥਾ ਪੰਜਾਬ ਵੱਲੋਂ ਵਿਰਕ ਪਿੰਡ ਫਗਵਾੜਾ 'ਚ ਕਰਵਾਏ ਖੇਤੀ ਸਤਿਸੰਗ ਦੌਰਾਨ ਮੁੱਖ ਮਹਿਮਾਨ 'ਪੰਜਾਬ ਕੇਸਰੀ, ਜਗ ਬਾਣੀ, ਹਿੰਦ ਸਮਾਚਾਰ ਅਤੇ ਨਵੋਦਿਆ ਟਾਈਮਜ ਦਿੱਲੀ ਦੇ ਮੁੱਖ ਸੰਪਾਦਕ ਸ਼੍ਰੀ ਵਿਜੇ ਚੋਪੜਾ ਨੇ ਕਹੇ। ਉਕਤ ਖੇਤੀ ਸਤਿਸੰਗ 'ਚ ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼, ਮਹਾਰਾਸ਼ਟਰ ਤੋਂ ਕਿਸਾਨਾਂ ਨੇ ਹਿੱਸਾ ਲਿਆ। ਚੋਪੜਾ ਨੇ ਕਿਹਾ ਕਿ ਅਸੀਂ ਲੋਕ ਪਾਣੀ ਦੀ ਬਹੁਤ ਬਰਬਾਦੀ ਕਰਦੇ ਹਾਂ, ਜੋ ਠੀਕ ਨਹੀਂ ਹੈ, ਜਿਸ ਤਰ੍ਹਾਂ ਫਗਵਾੜਾ ਤਕਨੀਕ ਤਹਿਤ ਫਸਲਾਂ 'ਚ ਪਾਣੀ ਦੀ ਬਚਤ ਕੀਤੀ ਜਾ ਰਹੀ ਹੈ, ਉਂਝ ਹੀ ਸਾਨੂੰ ਆਪਣੀ ਜਿ਼ੰਦਗੀ 'ਚ ਪਾਣੀ ਦੇ ਮਹੱਤਵ ਨੂੰ ਸਮਝਦੇ ਹੋਏ ਪਾਣੀ ਦੀ ਵਰਤੋਂ ਕਰਨੀ ਚਾਹੀਦੀ ਤਾਂ ਕਿ ਪਾਣੀ ਬਰਬਾਦ ਨਾ ਹੋ ਸਕੇ। ਉਨ੍ਹਾਂ ਦੱਸਿਆ ਕਿ ਉਕਤ ਫਗਵਾੜਾ ਤਕਨੀਕ ਨੂੰ ਅਪਣਾਉਣ ਨਾਲ ਬਹੁਤ ਵੱਡੀ ਗਿਣਤੀ 'ਚ ਕਿਸਾਨਾਂ ਦੀ ਵਿੱਤੀ ਹਾਲਤ 'ਚ ਸੁਧਾਰ ਹੋਇਆ ਹੈ ਤੇ ਉਹ ਖੁਸ਼ ਹਨ। ਡਾ. ਚਮਨ ਲਾਲ ਵਸ਼ਿਸ਼ਟ ਤੇ ਅਵਤਾਰ ਸਿੰਘ ਫਗਵਾੜਾ ਦੀ ਸ਼ਲਾਘਾ ਕਰਦੇ ਹੋਏ ਉਨ੍ਹਾਂ ਨੂੰ ਉਕਤ ਖੇਤੀ ਸਤਿਸੰਗ ਨੂੰ ਪੂਰੇ ਭਾਰਤ 'ਚ ਕਰਵਾਉਣ ਲਈ ਪ੍ਰੇਰਿਤ ਕੀਤਾ ਤਾਂ ਕਿ ਪੂਰੇ ਦੇਸ਼ 'ਚ ਪਾਣੀ ਦੀ ਬੱਚਤ ਦੇ ਨਾਲ-ਨਾਲ ਕਿਸਾਨਾਂ ਦਾ ਭਲਾ ਹੋ ਸਕੇ। ਇਸ ਦੌਰਾਨ ਸ਼੍ਰੀ ਵਿਜੇ ਚੋਪੜਾ ਨੇ ਪ੍ਰੋ. ਵਾਈਸ ਚਾਂਸਲਰ ਤਲਵੰਡੀ ਸਾਬੋ ਦੇ ਡਾ. ਜਗਤਾਰ ਸਿੰਘ ਧੀਮਾਨ ਵੱਲੋਂ ਲਿਖਤ 'ਕਨਸਰਨਸ ਐਂਡ ਕਾਨਸਟ੍ਰੇਂਟਸ ਆਫ ਕੈਂਟੈਂਪ੍ਰੇਰੀ ਐਗਰੀਕਲਚਰ' ਨਾਂ ਦੀ ਕਿਤਾਬ ਰਿਲੀਜ ਕੀਤੀ। ਇਸ ਮੌਕੇ ਹਰਰੂਪ ਸਿੰਘ ਨੇ ਫਗਵਾੜਾ ਤਕਨੀਕ ਦੀ ਖੇਤੀ 'ਤੇ ਬਣਾਈ ਇਕ ਕਵਿਤਾ ਨੂੰ ਪੜ੍ਹ ਕੇ ਕਿਸਾਨਾਂ ਨੂੰ ਸੁਣਾਈ। ਮਿਸ਼ਨ ਸੰਪੂਰਨ ਖੇਤੀ ਪੂਰਨ ਰੋਜਗਾਰ ਦੇ ਡਾਇਰੈਕਟਰ ਕਿਰਪਾਲ ਸਿੰਘ ਨੇ ਕਿਹਾ ਕਿ ਭਾਰਤ ਨੂੰ ਫਿਰ ਤੋਂ ਸੋਨੇ ਦੀ ਚਿੜੀ ਬਣਾਇਆ ਜਾ ਸਕੇ ਇਸ ਲਈ ਫਗਵਾੜਾ ਗੁੱਡ ਗ੍ਰੋ ਕ੍ਰੌਪਿੰਗ ਸਿਸਟਮ ਤਕਨੀਕ ਸੰਸਥਾ ਖੇਤੀ 'ਚ ਵੱਖ-ਵੱਖ ਤਰੀਕੇ ਨਾਲ ਫਸਲਾਂ ਬੀਜਣ ਦਾ ਤਰੀਕਾ ਤੇ ਪਾਣੀ ਨੂੰ ਕਿਵੇਂ ਬਚਾਇਆ ਜਾ ਸਕੇ ਆਦਿ ਵਿਧੀ ਕਿਸਾਨਾਂ ਨੂੰ ਦੱਸ ਰਹੀ ਹੈ। ਉਨ੍ਹਾਂ ਨੇ ਕਿਸਾਨਾਂ ਨੂੰ ਆਉਣ ਵਾਲੇ ਸਮੇਂ 'ਚ ਝੋਨੇ ਦੀ ਬੀਜਾਈ ਲਈ ਫਗਵਾੜਾ ਤਕਨੀਕ ਦੀ ਏ. ਐੱਸ. ਆਰ. ਵਿਧੀ ਅਪਣਾਉਣ ਲਈ ਪ੍ਰੇਰਿਤ ਕੀਤਾ। ਉਕਤ ਵਿਧੀ ਨਾਲ ਪੂਰਾ ਪੰਜਾਬ ਜਹਿਰੀਲੇ ਤਲਾਬ 'ਚ ਤਬਦੀਲ ਹੋਣ ਤੋਂ ਬਚ ਜਾਵੇਗਾ। ਉੱਥੇ ਹੀ ਪਾਣੀ ਦੀ ਬਚਤ ਹੋਵੇਗੀ। ਝੋਨੇ ਦੇ ਖੇਤਾਂ 'ਚ ਕੱਦੂ (ਚਿੱਕੜ) ਕਰਨ ਨਾਲ ਬਣਨ ਵਾਲੀ ਮੀਥੇਨ ਗੈਸ ਨਾਲ ਵਾਤਾਵਰਣ 'ਚ ਕਈ ਤਰ੍ਹਾਂ ਦੇ ਬਦਲਾਅ ਹੁੰਦੇ ਹਨ, ਜਿਸ ਨਾਲ ਬੀਮਾਰੀਆਂ ਪੈਦਾ ਹੁੰਦੀਆਂ ਹਨ। ਉਨ੍ਹਾਂ ਕਿਹਾ ਕਿ ਕੁਦਰਤ ਦੇ ਉਲਟ ਚੱਲਣਾ ਹੀ ਬੀਮਾਰੀਆਂ ਦੇ ਵਧਣ ਦਾ ਮੁੱਖ ਕਾਰਨ ਹੈ। ਰਿਟਾਇਰਡ ਆਈ. ਏ. ਐੱਸ. ਡਾ. ਕਾਹਨ ਸਿੰਘ ਪੰਨੂ ਨੇ ਕਿਹਾ ਕਿ ਜੇਕਰ ਅਸੀਂ ਸੁਚੇਤ ਨਾ ਹੋਏ ਤਾਂ ਬਹੁਤ ਜਲਦ ਪੰਜਾਬ 'ਚ ਪਾਣੀ ਦਾ ਸੰਕਟ ਪੈਦਾ ਹੋ ਜਾਵੇਗਾ, ਜਿਸ ਨਾਲ ਸਾਡੀ ਸੱਭਿਅਤਾ ਨੂੰ ਬਹੁਤ ਵੱਡਾ ਖਤਰਾ ਪੈਦਾ ਹੋ ਜਾਵੇਗਾ। ਪਾਣੀ ਨਾ ਰਿਹਾ ਤਾਂ ਸਾਡੀ ਜਮੀਨ ਖਤਮ ਹੋ ਜਾਵੇਗੀ, ਜੇਕਰ ਪਾਣੀ, ਸੱਭਿਅਤਾ




ਤੇ ਖੇਤੀ ਨੂੰ ਬਚਾਉਣਾ ਹੈ ਤਾਂ ਅਸੀਂ ਫਗਵਾੜਾ ਤਕਨੀਕ ਦੇ ਤਹਿਤ ਬੈਡਾਂ 'ਤੇ ਖੇਤੀ ਕਰਨੀ ਹੋਵੇਗੀ। ਖੇਤੀ ਦਾ ਕੁਦਰਤੀਕਰਨ ਅਤੇ ਫਗਵਾੜਾ ਗੁੱਡ ਗ੍ਰੋ ਤਕਨੀਕ ਦੇ ਸੰਸਥਾਪਕ ਤੇ ਮਿਸ਼ਨ ਸੰਪੂਰਨ ਖੇਤੀ ਪੂਰਨ ਰੋਜਗਾਰ ਦੇ ਡਾਇਰੈਕਟਰ ਅਵਤਾਰ ਸਿੰਘ ਫਗਵਾੜਾ ਨੇ ਕਿਸਾਨਾਂ ਨੂੰ ਸੰਬੋਧਿਤ ਕਰਦੇ ਹੋਏ ਕਿਹਾ ਕਿ ਇਸ ਸਮੇਂ ਸਮਾਜ ਆਰਥਿਕ, ਖੁਰਾਕੀ ਤੇ ਵਾਤਾਵਰਣ ਇਨ੍ਹਾਂ 3 ਸੰਕਟਾਂ ਦਾ ਸਾਹਮਣਾ ਕਰ ਰਿਹਾ ਹੈ। ਖੇਤੀ ਦੇ ਮੌਜੂਦਾ ਵਿਕਾਸ ਮਾਡਲ ਨਾਲ ਉਕਤ ਸੰਕਟਾਂ 'ਚ ਦਿਨ-ਬ-ਦਿਨ ਵਾਧਾ ਹੋ ਰਿਹਾ ਹੈ। ਉਕਤ ਤਿੰਨਾਂ ਸਮੱਸਿਆਵਾਂ ਤੋਂ ਛੁਟਕਾਰਾ ਪਾਉਣ ਲਈ ਇਕ ਪ੍ਰਾਜੈਕਟ ਸ਼ੁਰੂ ਕੀਤਾ ਗਿਆ ਹੈ, ਜਿਸ ਦਾ ਨਾਮ ਮਿਸ਼ਨ ਸੰਪੂਰਨ ਖੇਤੀ ਪੂਰਨ ਰੋਜਗਾਰ ਜਹਿਰ ਯੁਕਤ ਤੋਂ ਜਹਿਰ ਮੁਕਤ ਇਕ ਸਫਰ ਰੱਖਿਆ ਗਿਆ ਹੈ। ਉਕਤ ਮਿਸ਼ਨ ਤਹਿਤ ਫਗਵਾੜਾ ਗੁੱਡ ਗ੍ਰੋ ਕ੍ਰੌਪਿੰਗ ਸਿਸਟਮ ਤਕਨੀਕ ਜੋ ਕਿ 5 ਤੱਤ ਜਮੀਨ, ਗਗਨ, ਹਵਾ ਤੇ ਨੀਰ (ਭਗਵਾਨ) 'ਤੇ ਆਧਾਰਿਤ ਖੇਤੀ ਕਰਨਾ ਹੈ, ਜਿਸ ਤਹਿਤ ਪਾਣੀ ਨੂੰ ਪਾਣੀ ਦੇ ਸੁਭਾਅ ਮੁਤਾਬਕ ਹੇਠਾਂ ਰੱਖਦੇ ਹੋਏ ਬੈਡਾਂ 'ਤੇ ਖੇਤੀ ਕੀਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਪਾਣੀ ਫਸਲਾਂ ਦੇ ਲਈ ਜਹਿਰ ਹੈ ਤੇ ਨਮੀ ਅੰਮ੍ਰਿਤ ਹੈ। ਉਨ੍ਹਾਂ ਦਾਅਵਾ ਕੀਤਾ ਕਿ ਉਕਤ ਫਗਵਾੜਾ ਗੁੱਡ ਗ੍ਰੋ ਕ੍ਰੌਪਿੰਗ ਸਿਸਟਮ ਤਕਨੀਕ ਅਪਣਾਉਣ ਨਾਲ ਕਿਸਾਨਾਂ ਨੂੰ ਉਕਤ ਤਿੰਨਾਂ ਸੰਕਟਾਂ ਤੋਂ ਨਿਜਾਤ ਮਿਲੇਗੀ। ਇਸ 'ਚ ਕੋਈ ਸ਼ੱਕ ਨਹੀਂ ਹੈ। ਉਨ੍ਹਾਂ ਕਿਹਾ ਕਿ ਸਾਨੂੰ ਖੇਤੀ ਨੂੰ ਕੁਦਰਤੀਕਰਨ ਕਰਨ ਦੀ ਲੋੜ ਹੈ। ਉਨ੍ਹਾਂ ਦੱਸਿਆ ਕਿ ਉਕਤ ਖੇਤੀ ਤਕਨੀਕ ਦੀ ਹਰੇਕ ਬੁੱਧਵਾਰ ਫਗਵਾੜਾ ਦੇ ਵਿਰਕ ਪਿੰਡ 'ਚ ਕਿਸਾਨਾਂ ਨੂੰ ਫ੍ਰੀ ਟ੍ਰੇਨਿੰਗ ਜਾਣਕਾਰੀ ਦਿੱਤੀ ਜਾਂਦੀ ਹੈ। ਮਿਸ਼ਨ ਸੰਪੂਰਨ ਖੇਤੀ ਪੂਰਨ ਰੋਜਗਾਰ ਦੇ ਰਿਟਾ. ਡਿਪਟੀ ਡਾਇਰੈਕਟਰ ਖੇਤੀ ਵਿਭਾਗ ਚਮਨ ਲਾਲ ਵਸ਼ਿਸ਼ਟ ਨੇ ਖੇਤੀ ਸਤਿਸੰਗ 'ਚ ਆਏ ਹੋਏ ਕਿਸਾਨਾਂ ਨੂੰ ਸਵਾਗਤ ਕਰਦੇ ਹੋਏ ਕਿਹਾ ਕਿ ਖੇਤੀ ਦੇ ਕੁਦਰਤੀਕਰਨ 'ਚ ਭਗਵਾਨ ਦੀ ਵਰਤੋਂ ਕਰਨ ਨਾਲ ਬਹੁਤ ਹੈਰਾਨੀਜਨਕ ਨਤੀਜੇ ਆ ਰਹੇ ਹਨ, ਜਿਵੇਂ ਸਰ੍ਹੋਂ ਦੇ ਇਕ ਬੀਜ ਨਾਲ ਅਗਲੇ ਸਾਲ 40 ਏਕੜ ਦਾ ਬੀਜ ਤਿਆਰ ਹੋਵੇਗਾ। ਇਕ ਗੰਨੇ ਨਾਲ ਅਗਲੇ ਸਾਲ 3 ਏਕੜ ਦਾ ਬੀਜ ਤਿਆਰ ਹੋਵੇਗਾ ਤੇ ਕਣਕ ਦੇ 10 ਬੀਜ ਨਾਲ ਅਗਲੇ ਸਾਲ ਇਕ ਏਕੜ ਦਾ ਬੀਜ ਤਿਆਰ ਹੁੰਦਾ ਹੈ। ਇਹ ਸਿਰਫ ਤੇ ਸਿਰਫ ਭਗਵਾਨ (ਜਮੀਨ, ਗਗਨ, ਹਵਾ, ਪਾਣੀ) ਦਾ ਹੀ ਕਰਿਸ਼ਮਾ ਹੈ। ਉਨ੍ਹਾਂ ਦੱਸਿਆ ਕਿ ਯੂਨੀਵਰਸਿਟੀ 'ਚ ਉਕਤ ਮਤਾ ਪਾਸ ਹੋਣ ਨਾਲ ਬੀਜ, ਖਾਦ ਦੀ ਬੱਚਤ ਹੋਵੇਗੀ ਅਤੇ ਵਾਤਾਵਰਣ ਸਵੱਛ ਹੋਣ ਨਾਲ ਕਿਸਾਨਾਂ ਦੀ ਆਮਦਨੀ ਵਧੇਗੀ। ਮਿਸ਼ਨ ਸੰਪੂਰਨ ਖੇਤੀ ਪੂਰਨ ਰੋਜਗਾਰ ਦੇ ਪੈਟਰਨ ਤੇ ਸੁਪਰੀਮ ਕੋਰਟ ਦੇ ਸੀਨੀ. ਐਡਵੋਕੇਟ ਪਦਮਸ਼੍ਰੀ ਐੱਚ. ਐੱਸ. ਫੂਲਕਾ ਨੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਇਕੱਠੇ ਹੋ ਕੇ ਪੰਜਾਬ ਦੀ ਖੇਤੀ ਨੂੰ ਬਚਾਉਣਾ ਹੋਵੇਗਾ। ਉਨ੍ਹਾਂ ਕਿਹਾ ਕਿ ਕੋਈ ਵੀ ਸਰਕਾਰ ਸਾਡੀ ਭੂਮੀ ਤੇ ਪਾਣੀ ਨੂੰ ਬਚਾਉਣ ਨਹੀਂ ਆਵੇਗੀ। ਸਾਨੂੰ ਖੁਦ ਨੂੰ ਚੌਕਸ ਹੋਣਾ ਪਵੇਗਾ। ਸਾਨੂੰ ਆਪਣੀ ਜਮੀਨ ਖੁਦ ਹੀ ਬਚਾਉਣੀ ਹੋਵੇਗੀ। ਉਨ੍ਹਾਂ ਕਿਹਾ ਕਿ ਗੁੱਡ ਗਰੋ ਕ੍ਰੌਪਿੰਗ ਸਿਸਟਮ ਫਗਵਾੜਾ ਤਕਨੀਕ ਕਿਸਾਨਾਂ ਨੂੰ ਵੱਖ-ਵੱਖ ਸਮੱਸਿਆਵਾਂ ਤੋਂ ਬਚਾਉਣ ਵਾਲਾ ਸਿਸਟਮ ਹੈ। ਉਨ੍ਹਾਂ ਕਿਹਾ ਕਿ ਉਕਤ ਸੰਸਥਾ ਨਾਲ ਜੁੜੇ ਮੈਨੂੰ ਤਾਂ ਕੁਝ ਹੀ ਸਮਾਂ ਹੋਇਆ ਹੈ ਪਰ ਸ਼੍ਰੀ ਵਿਜੇ ਚੋਪੜਾ ਸ਼ੁਰੂ ਤੋਂ ਹੀ ਇਸ ਸੰਸਥਾ ਨਾਲ ਜੁੜ ਕੇ ਆਪਣੀ ਅਖਬਾਰ ਰਾਹੀਂ ਕਿਸਾਨਾਂ ਨੂੰ ਜਾਗ੍ਰਿਤ ਕਰ ਦੇਸ਼ ਦੀ ਕਿਸਾਨੀ ਨੂੰ ਬਚਾਉਣ 'ਚ ਲੱਗੇ ਹੋਏ ਹਨ। ਉਨ੍ਹਾਂ ਦੱਸਿਆ ਕਿ ਸਰਦਾਰ ਅਵਤਾਰ ਸਿੰਘ ਫਗਵਾੜਾ ਨੇ ਇਕ ਅਜਿਹੀ ਮਸ਼ੀਨ ਤਿਆਰ ਕਰਵਾਈ ਹੈ, ਜੋ ਬੈੱਡ ਬਣਾਉਣ ਦੇ ਨਾਲ-ਨਾਲ ਵੱਖ-ਵੱਖ ਤਰ੍ਹਾਂ ਦੀਆਂ ਫਸਲਾਂ ਦੀ ਬੁਆਈ ਕਰਦੀ ਹੈ। ਉਕਤ ਮਸ਼ੀਨ ਨੂੰ ਕੋਈ ਵੀ ਕਿਸਾਨ ਫਸਲ ਬੋਣ ਲਈ ਫ੍ਰੀ ਲੈ ਜਾ ਸਕਦਾ ਹੈ। ਇਸ ਤਰ੍ਹਾਂ ਬੈੱਡ ਮੇਕਰ ਤੇ ਝੋਨੇ ਦੀ ਏ. ਐੱਸ. ਆਰ ਵਿਧੀ ਨਾਲ ਬੁਆਈ ਕਰਨ ਦੀ ਮਸ਼ੀਨ ਜਿ਼ਲਾ ਬਰਨਾਲਾ ਦੇ ਮੇਰੇ ਪਿੰਡ ਭਦੌੜ 'ਚ ਕਿਸਾਨਾਂ ਲਈ ਫ੍ਰੀ ਬੁਆਈ ਕਰਨ ਲਈ ਖੜ੍ਹੀ ਹੈ। ਉਥੇ ਖੇਤੀ ਸਤਿਸੰਗ 'ਚ ਦਿੱਲੀ ਤੋਂ ਆਈ ਜੋਤੀ ਸ਼ਰਮਾ, ਡਿਪਟੀ ਡਾਇਰੈਕਟਰ ਬਾਗਬਾਨੀ ਡਾ. ਦਲਜੀਤ, ਡਾ. ਬਲਦੇਵ ਸਿੰਘ, ਚੇਅਰਮੈਨ ਪਨਸੀਡ ਪੰਜਾਬ ਮਹਿੰਦਰ ਸਿੰਘ ਸਿੱਧੂ, ਪ੍ਰੀਤਮ ਸਿੰਘ ਜੌਹਲ, ਪ੍ਰਦੀਪ ਸਿੰਘ ਛੁਨੇਜਾ ਆਦਿ ਬੁਲਾਰਿਆਂ ਨੇ ਆਪਣੇ-ਆਪਣੇ ਵਿਚਾਰ ਰੱਖੇ।